ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 137
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 19 May, 2026) ਮੰਗਲਵਾਰ, 19 ਮਈ, 2026, 5 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ


### ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ 20 ਮਈ ਤੋਂ

ਗੋਬਿੰਦਧਾਮ, 18 ਮਈ (ਚ.ਨ.ਸ.):ਉੱਤਰਾਖੰਡ ਵਿਖੇ ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ 2026 ਦੀ ਸਾਲਾਨਾ ਯਾਤਰਾ 20 ਮਈ ਨੂੰ ਗੁਰਦੁਆਰਾ ਸ੍ਰੀ ਰਿਸ਼ੀਕੇਸ਼ ਤੋਂ ਆਰੰਭ ਹੋਵੇਗੀ, ਜਦੋਂ ਕਿ ਗੁਰਦੁਆਰਾ ਸਾਹਿਬ ਦੇ ਕਿਵਾੜ ਸੰਗਤ ਵਾਸਤੇ 23 ਮਈ ਨੂੰ ਖ਼ਾਲਸਾਈ ਰਵਾਇਤਾਂ ਮੁਤਾਬਕ ਖੋਲ੍ਹੇ ਜਾਣਗੇ। ਭਾਰਤੀ ਫ਼ੌਜ ਵੱਲੋਂ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਅਤੇ ਰਸਤਿਆਂ ਵਿੱਚੋਂ ਬਰਫ਼ ਹਟਾਉਣ ਦਾ ਕੰਮ ਮੁਕੰਮਲ ਕਰ ਲਿਆ ਗਿਆ ਹੈ।ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ (ਬਾਕੀ ਸਫਾ 2 'ਤੇ)

## ਕੇਂਦਰ ਨੇ ਜਾਰੀ ਕੀਤੇ ਤਾਲਾਬੰਦੀ ਜਿਹੇ ਹੁਕਮ !

### ਜਨਤਕ ਖੇਤਰ ਦੇ ਬੈਂਕਾਂ, ਬੀਮਾ ਕੰਪਨੀਆਂ ਅਤੇ ਹੋਰ ਵਿੱਤੀ ਸੰਸਥਾਵਾਂ ਨੂੰ ਖ਼ਰਚਿਆਂ 'ਚ ਕਟੌਤੀ ਦੇ ਸਖ਼ਤ ਨਿਰਦੇਸ਼ ਜਾਰੀ




ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 18 ਮਈ : ਕੇਂਦਰ ਸਰਕਾਰ ਨੇ ਜਨਤਕ ਖੇਤਰ ਦੇ ਬੈਂਕਾਂ, ਬੀਮਾ ਕੰਪਨੀਆਂ ਅਤੇ ਹੋਰ ਵਿੱਤੀ ਸੰਸਥਾਵਾਂ ਨੂੰ ਆਪਣੇ ਖ਼ਰਚਿਆਂ ਵਿੱਚ ਕਟੌਤੀ ਕਰਨ ਦੇ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਵਿੱਤ ਮੰਤਰਾਲੇ ਨੇ ਰੋਜ਼ਾਨਾ ਦੇ ਕੰਮਕਾਜ ਵਿੱਚ ਸੰਜਮ ਵਰਤਣ, ਯਾਤਰਾ ਖ਼ਰਚਿਆਂ ਨੂੰ ਘਟਾਉਣ ਅਤੇ ਇਲੈਕਟ੍ਰਿਕ ਵਾਹਨਾਂ (ਈ.ਵੀ.) ਦੀ ਵਰਤੋਂ ਨੂੰ ਉਤਸ਼ਾਹਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ।

**ਇਨ੍ਹਾਂ ਵੱਡੀਆਂ ਸੰਸਥਾਵਾਂ 'ਤੇ ਪਵੇਗਾ ਅਸਰ**

ਸਰਕਾਰ ਦੇ ਇਸ ਫੈਸਲੇ ਦਾ ਸਿੱਧਾ ਅਸਰ ਭਾਰਤੀ ਸਟੇਟ ਬੈਂਕ (ਐਸਬੀਆਈ), ਪੰਜਾਬ ਨੈਸ਼ਨਲ ਬੈਂਕ (ਪੀ.ਐਨ.ਬੀ.), ਬੈਂਕ ਆਫ ਬੜੌਦਾ (ਬੀਓਬੀ) ਅਤੇ ਭਾਰਤੀ ਜੀਵਨ ਬੀਮਾ ਨਿਗਮ (ਐਲ.ਆਈ.ਸੀ.) ਵਰਗੀਆਂ ਪ੍ਰਮੁੱਖ ਸਰਕਾਰੀ (ਬਾਕੀ ਸਫਾ 2 'ਤੇ)

### ਖੇਤੀਬਾੜੀ ਮੰਤਰਾਲੇ ਦੇ ਅਧਿਕਾਰੀ ਇੱਕ ਸਾਲ ਤੱਕ ਨਹੀਂ ਖ਼ਰੀਦਣਗੇ ਸੋਨਾ: ਚੌਹਾਨ

ਨਵੀਂ ਦਿੱਲੀ, 18 ਮਈ (ਚ.ਨ.ਸ.):ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਸੋਮਵਾਰ ਨੂੰ ਐਲਾਨ ਕੀਤਾ ਕਿ ਉਨ੍ਹਾਂ ਦੀ ਅਗਵਾਈ ਵਾਲੇ ਖੇਤੀਬਾੜੀ ਅਤੇ ਪੇਂਡੂ ਵਿਕਾਸ ਮੰਤਰਾਲਿਆਂ ਦੇ ਅਧਿਕਾਰੀਆਂ ਨੇ ਸਮੂਹਿਕ ਤੌਰ 'ਤੇ ਅਗਲੇ ਇੱਕ ਸਾਲ ਲਈ ਸੋਨਾ ਨਾ ਖਰੀਦਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਇਹ ਐਲਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਾਗਰਿਕਾਂ ਨੂੰ ਕੀਤੀ ਉਸ ਹਾਲੀਆ ਅਪੀਲ ਦੇ ਤਹਿਤ ਕੀਤਾ ਹੈ, ਜਿਸ ਵਿੱਚ ਭਾਰਤੀ ਅਰਥਵਿਵਸਥਾ ਨੂੰ ਮਜ਼ਬੂਤ ਕਰਨ ਅਤੇ ਪੱਛਮੀ ਏਸ਼ੀਆ ਦੇ ਟਕਰਾਅ (ਯੁੱਧ) ਦੇ ਮਾੜੇ ਪ੍ਰਭਾਵਾਂ ਤੋਂ ਲੋਕਾਂ ਨੂੰ ਬਚਾਉਣ ਲਈ ਸਾਧਨਾਂ ਦੀ ਸਮਝਦਾਰੀ ਨਾਲ ਵਰਤੋਂ ਕਰਨ ਦੀ ਗੱਲ ਕਹੀ ਗਈ ਸੀ। (ਬਾਕੀ ਸਫਾ 2 'ਤੇ)

### ਗੁਰੂਗ੍ਰਾਮ ਦੀ ਅਦਾਲਤ ਨੇ ਸੰਜੀਵ ਅਰੋੜਾ ਨੂੰ ਨਿਆਂਇਕ ਹਿਰਾਸਤ 'ਚ ਭੇਜਿਆ

ਗੁਰੂਗ੍ਰਾਮ, 18 ਮਈ (ਚ.ਨ.ਸ.): ਮਨੀ ਲਾਂਡਰਿੰਗ ਦੇ ਮਾਮਲੇ 'ਚ ਈ.ਡੀ. ਵੱਲੋਂ ਗ੍ਰਿਫ਼ਤਾਰ ਕੀਤੇ ਗਏ ਮੰਤਰੀ ਸੰਜੀਵ ਅਰੋੜਾ ਨੂੰ ਅੱਜ ਗੁਰੂਗ੍ਰਾਮ ਦੀ ਅਦਾਲਤ ਨੇ 14 ਦਿਨ ਦੀ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਦੋ ਦਿਨ ਦਾ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਅੱਜ ਸੰਜੀਵ ਅਰੋੜਾ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਦੋਵੇਂ ਪੱਖਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਅਦਾਲਤ ਨੇ ਸੰਜੀਵ ਅਰੋੜਾ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸੰਜੀਵ ਅਰੋੜਾ ਨੂੰ 7 ਦਿਨ ਦੇ ਰਿਮਾਂਡ 'ਤੇ ਭੇਜਿਆ ਗਿਆ ਸੀ ਅਤੇ ਇਸ ਤੋਂ ਬਾਅਦ ਦੋ ਦਿਨ ਦੇ ਹੋਰ ਰਿਮਾਂਡ 'ਤੇ ਭੇਜਿਆ ਗਿਆ ਸੀ ਜੋ ਅੱਜ ਖ਼ਤਮ ਹੋਇਆ ਸੀ।

ਜ਼ਿਕਰਯੋਗ ਹੈ ਕਿ ਮਨੀ ਲਾਂਡਰਿੰਗ ਦੇ ਮਾਮਲੇ 'ਚ ਈ.ਡੀ.ਨੇ ਸੰਜੀਵ ਅਰੋੜਾ ਨੂੰ ਚੰਡੀਗੜ੍ਹ ਸਥਿਤ ਰਿਹਾਇਸ਼ ਤੋਂ ਗ੍ਰਿਫ਼ਤਾਰ ਕੀਤਾ ਸੀ। ਇਸ ਤੋਂ ਪਹਿਲਾਂ ਅਦਾਲਤ ਵਿਚ ਪੇਸ਼ ਹੋਣ ਤੋਂ ਪਹਿਲਾਂ ਸੰਜੀਵ ਅਰੋੜਾ ਦੇ ਪਰਿਵਾਰ ਨੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਅਤੇ ਇਸੇ ਦੌਰਾਨ ਮੰਤਰੀ ਅਰੋੜਾ ਆਪਣੇ ਪਰਿਵਾਰ ਨੂੰ ਮਿਲ ਕੇ ਭਾਵੁਕ ਹੋ ਗਏ ਸਨ।

### ਮੁੱਖ ਮੰਤਰੀ ਪੰਜਾਬ ਨੇ ਪਰਿਵਾਰ ਸਮੇਤ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ

## ਪੰਜਾਬ ਨੇ ਬੇਅਦਬੀ ਖ਼ਿਲਾਫ਼ ਸਖ਼ਤ ਕਾਨੂੰਨ ਬਣਾ ਕੇ ਦੇਸ਼ ਨੂੰ ਗੁਰੂ ਸਾਹਿਬਾਨ ਦੇ ਸਤਿਕਾਰ ਦੀ ਰਾਖੀ ਦਾ ਰਾਹ ਦਿਖਾਇਆ: ਮਾਨ

ਜਗਜੀਤ ਸਿੰਘ

ਪਟਨਾ ਸਾਹਿਬ,18 ਮਈ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਜਨਮ ਅਸਥਾਨ ਅਤੇ ਚਰਨ-ਛੋਹ ਪ੍ਰਾਪਤ ਧਰਤੀ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਨਤਮਸਤਕ ਹੋਏ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੇ ਬੇਅਦਬੀ ਵਿਰੁੱਧ ਸਭ ਤੋਂ ਸਖਤ ਕਾਨੂੰਨ ਬਣਾ ਕੇ ਗੁਰੂ ਸਾਹਿਬਾਨ ਦੇ ਸਤਿਕਾਰ ਦੀ ਰਾਖੀ ਕਰਨ ਦਾ ਰਾਹ ਪੂਰੇ ਦੇਸ ਨੂੰ ਦਿਖਾਇਆ ਹੈ। ਪੰਜਾਬ, ਪੰਜਾਬੀਆਂ ਅਤੇ ਸਮੁੱਚੀ ਸਿੱਖ ਸੰਗਤ ਦੀ ਚੜ੍ਹਦੀ ਕਲਾ, ਖੁਸ਼ਹਾਲੀ ਅਤੇ ਭਲੇ ਲਈ ਅਰਦਾਸ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਾਵਨ ਸ਼ਬਦ ਗੁਰੂ ਦੀ ਪਵਿੱਤਰਤਾ ਅਤੇ ਮਰਿਯਾਦਾ ਨੂੰ ਕਾਇਮ ਰੱਖਣ ਲਈ ਪੰਜਾਬ ਨੂੰ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ



ਬਣਾਉਣ ਦਾ ਸੁਭਾਗ ਬਖ਼ਸ਼ਣ ਲਈ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ।

ਬੇਅਦਬੀ ਨੂੰ ਕਰੋੜਾਂ ਲੋਕਾਂ ਦੀ ਆਸਥਾ ਵਿਰੁੱਧ ਨਾ-ਮੁਆਫੀਯੋਗ ਜੁਰਮ ਦੱਸਦਿਆਂ ਮੁੱਖ ਮੰਤਰੀ ਨੇ ਦੇਸ਼ ਭਰ ਦੀਆਂ ਸਾਰੀਆਂ ਸੂਬਾ ਸਰਕਾਰਾਂ ਨੂੰ ਅਜਿਹਾ ਹੀ ਸਖ਼ਤ ਕਾਨੂੰਨ ਲਿਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਇਸ ਸਬੰਧ ਵਿੱਚ ਹਰ ਸੰਭਵ ਮਦਦ ਦੇਣ ਲਈ ਤਿਆਰ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਪੰਜਾਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੀ ਜੁਰਅੱਤ (ਬਾਕੀ ਸਫਾ 2 'ਤੇ)

### 'ਮੋਦੀ ਸਰਕਾਰ ਨੇ ਦੇਸ਼ 'ਚ ਅਣਐਲਾਨਿਆ ਲਾਕਡਾਊਨ ਲਗਾਇਆ'

ਪਟਨਾ ਸਾਹਿਬ, 18 ਮਈ (ਚ.ਨ.ਸ.):ਲਗਾਤਾਰ ਵਧ ਰਹੀ ਮਹਿੰਗਾਈ, ਨਾਗਰਿਕਾਂ 'ਤੇ ਪਾਬੰਦੀਆਂ ਅਤੇ ਲੋਕਤੰਤਰੀ ਪ੍ਰਕਿਰਿਆਵਾਂ ਨਾਲ ਕਥਿਤ ਛੇੜਛਾੜ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਤਿੱਖਾ ਹਮਲਾ ਬੋਲਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ ਕਿਹਾ ਕਿ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਦੇਸ਼ ਨੂੰ "ਅਣਐਲਾਨੇ ਲਾਕਡਾਊਨ" ਵਿੱਚ ਧੱਕ ਦਿੱਤਾ ਹੈ ਅਤੇ ਲੋਕਾਂ ਤੋਂ (ਬਾਕੀ ਸਫਾ 2 'ਤੇ)

### ਈ.ਡੀ. ਵੱਲੋਂ 'ਆਪ' ਆਗੂ ਦੀਪਕ ਸਿੰਗਲਾ ਗ੍ਰਿਫ਼ਤਾਰ

ਚੰਡੀਗੜ੍ਹ, 18 ਮਈ (ਚ.ਨ.ਸ.): ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸੋਮਵਾਰ ਨੂੰ ਆਮ ਆਦਮੀ ਪਾਰਟੀ ਦੇ ਨੇਤਾ ਦੀਪਕ ਸਿੰਗਲਾ ਨੂੰ 155 ਕਰੋੜ ਰੁਪਏ ਦੇ ਬੈਂਕ ਧੋਖਾਧੜੀ



ਮਾਮਲੇ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਕਾਰਵਾਈ ਮਹੇਸ਼ ਟਿੰਬਰ ਪ੍ਰਾਈਵੇਟ ਲਿਮਟਿਡ ਨਾਲ ਸਬੰਧਤ 155 ਕਰੋੜ ਰੁਪਏ ਦੇ ਬੈਂਕ ਧੋਖਾਧੜੀ ਮਾਮਲੇ ਦੇ ਸਬੰਧ ਵਿੱਚ ਕੀਤੀ ਗਈ ਸੀ। 'ਆਪ' ਮੁਖੀ ਕੇਜਰੀਵਾਲ ਨੇ ਈ.ਡੀ. ਦੀ ਕਾਰਵਾਈ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਆਮ ਆਦਮੀ ਪਾਰਟੀ (ਆਪ) ਦੇ ਰਾਸ਼ਟਰੀ ਕਨਵੀਨਰ ਅਰਵਿੰਦ (ਬਾਕੀ ਸਫਾ 2 'ਤੇ)

## ਡੀ.ਜੀ.ਪੀ. ਵਿਜੀਲੈਂਸ ਦੇ ਰੀਡਰ ਰਾਣਾ ਵੱਲੋਂ ਅਗਾਊਂ ਜ਼ਮਾਨਤ ਲਈ ਸੀ.ਬੀ.ਆਈ. ਅਦਾਲਤ 'ਚ ਅਰਜ਼ੀ ਦਾਖ਼ਲ

### ਅਦਾਲਤ ਵੱਲੋਂ ਸੀ.ਬੀ.ਆਈ. ਨੂੰ 21 ਮਈ ਲਈ ਨੋਟਿਸ ਜਾਰੀ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 18 ਮਈ :ਪੰਜਾਬ ਵਿਜੀਲੈਂਸ ਬਿਊਰੋ ਦੇ ਡਾਇਰੈਕਟਰ ਜਨਰਲ (ਡੀ.ਜੀ.ਪੀ.) ਦੇ ਰੀਡਰ ਓ.ਪੀ. ਰਾਣਾ ਨੇ ਅੱਜ ਚੰਡੀਗੜ੍ਹ ਦੀ ਸੀ.ਬੀ.ਆਈ. ਅਦਾਲਤ ਵਿੱਚ ਅਗਾਊਂ ਜ਼ਮਾਨਤ ਲਈ ਅਰਜ਼ੀ ਦਾਇਰ ਕੀਤੀ ਹੈ। ਇਹ ਅਰਜ਼ੀ ਪੰਜਾਬ ਵਿਜੀਲੈਂਸ ਦੇ ਅਧਿਕਾਰੀਆਂ ਨਾਲ ਜੁੜੇ 13 ਲੱਖ ਰੁਪਏ ਦੇ ਕਥਿਤ ਰਿਸ਼ਵਤਖ਼ੋਰੀ ਦੇ ਮਾਮਲੇ ਵਿੱਚ ਸੀ.ਬੀ.ਆਈ. ਵੱਲੋਂ ਦਰਜ ਕੀਤੀ ਗਈ ਐਫ.ਆਈ.ਆਰ. ਦੇ ਸਬੰਧ ਵਿੱਚ ਲਗਾਈ ਗਈ ਹੈ। ਸੀ.ਬੀ.ਆਈ. ਨੇ ਇਸ ਮਾਮਲੇ ਵਿੱਚ ਮਲੋਟ ਦੇ ਇੱਕ ਸਟੇਟ ਟੈਕਸ ਅਫ਼ਸਰ ਦੀ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ 11 ਮਈ ਨੂੰ ਤਿੰਨ ਮੁਲਜ਼ਮਾਂ ਰਾਘਵ ਗੋਇਲ, ਵਿਕਾਸ ਉਰਫ਼ ਵਿੱਕੀ ਗੋਇਲ ਅਤੇ ਅੰਕਿਤ ਵਧਵਾ ਨੂੰ ਗ੍ਰਿਫ਼ਤਾਰ ਕੀਤਾ ਸੀ।



ਸੀ.ਬੀ.ਆਈ. ਵੱਲੋਂ ਦਰਜ ਐਫ.ਆਈ.ਆਰ. ਮੁਤਾਬਕ, ਸ਼ਿਕਾਇਤਕਰਤਾ ਅਮਿਤ ਕੁਮਾਰ ਖ਼ਿਲਾਫ਼ ਪੰਜਾਬ ਵਿਜੀਲੈਂਸ ਕੋਲ ਆਮਦਨ ਤੋਂ ਵੱਧ ਜਾਇਦਾਦ (ਡੀ.ਏ.) ਦਾ ਇੱਕ ਮਾਮਲਾ ਲੰਬਿਤ ਸੀ। ਮੁਲਜ਼ਮ ਵਿਕਾਸ ਗੋਇਲ ਅਤੇ ਰਾਘਵ ਗੋਇਲ ਨੇ 29 ਅਪ੍ਰੈਲ 2026 ਨੂੰ ਸ਼ਿਕਾਇਤਕਰਤਾ ਦੀ ਮੁਲਾਕਾਤ ਓ.ਪੀ. ਰਾਣਾ ਨਾਲ (ਬਾਕੀ ਸਫਾ 2 'ਤੇ)

### ਪ੍ਰਧਾਨ ਮੰਤਰੀ ਦੇ ਨਾਮ ਦੋ ਹੋਰ ਆਲਮੀ ਰਿਕਾਰਡ

## ਮੋਦੀ ਸਵੀਡਨ ਦੇ ਸਰਵਉੱਚ ਸਨਮਾਨ 'ਰਾਇਲ ਆਰਡਰ ਆਫ਼ ਪੋਲਰ ਸਟਾਰ ਕਮਾਂਡਰ ਗ੍ਰੈਂਡ ਕ੍ਰਾਸ' ਨਾਲ ਸਨਮਾਨਿਤ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 18 ਮਈ :ਮੋਦੀ ਨੂੰ ਸਵੀਡਨ ਵਿਚ 'ਰਾਇਲ ਆਰਡਰ ਆਫ ਪੋਲਰ ਸਟਾਰ ਕਮਾਂਡਰ ਗ੍ਰੈਂਡ ਕ੍ਰਾਸ' ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਕਿਸੇ ਵੀ ਦੇਸ਼ ਦੇ ਪ੍ਰਧਾਨ ਮੰਤਰੀ ਜਾਂ ਸਰਕਾਰ ਮੁਖੀ ਨੂੰ ਦਿੱਤਾ ਜਾਣ ਵਾਲਾ ਸਵੀਡਨ ਦਾ ਸਰਵਉੱਚ ਸਨਮਾਨ ਹੈ। ਗੋਥੇਨਬਰਗ ਸ਼ਹਿਰ ਵਿਚ ਆਯੋਜਿਤ ਪ੍ਰੋਗਰਾਮ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੂੰ ਇਹ ਸਨਮਾਨ ਦਿੱਤਾ ਗਿਆ। ਇਸ ਮੌਕੇ ਸਵੀਡਨ ਦੇ ਪ੍ਰਧਾਨ ਮੰਤਰੀ ਉਲਫ ਕ੍ਰਿਸਟਰਸਨ ਸਣੇ ਕਈ ਸੀਨੀਅਰ ਨੇਤਾ ਮੌਜੂਦ ਰਹੇ। ਇਹ ਮੋਦੀ ਨੂੰ ਮਿਲਣ ਵਾਲਾ 31ਵਾਂ ਗਲੋਬਲ ਸਨਮਾਨ ਹੈ।



ਮੋਦੀ ਸਵੀਡਨ ਦਾ ਆਪਣਾ ਦੂਜਾ ਦੌਰਾ 8 ਸਾਲ ਬਾਅਦ ਕਰ ਰਹੇ ਹਨ, ਇਸ ਤੋਂ ਪਹਿਲਾਂ ਉਨ੍ਹਾਂ ਨੇ 2018 ਵਿਚ ਸਵੀਡਨ ਦਾ ਦੌਰਾ ਕੀਤਾ ਸੀ। ਮੋਦੀ ਦਾ ਜਹਾਜ਼ ਜਿਵੇਂ ਹੀ ਸਵੀਡਨ ਦੀ ਸਰਹੱਦ ਵਿਚ ਪਹੁੰਚਿਆ ਸੀ, ਸਵੀਡਿਸ਼ ਫਾਈਟਰ ਜੈੱਟਸ ਨੇ ਉਨ੍ਹਾਂ ਨੂੰ ਸੁਰੱਖਿਆ ਦਿੰਦੇ ਹੋਏ ਐਸਕਾਰਟ ਕੀਤਾ ਸੀ। ਸਵੀਡਨ ਦੇ ਪ੍ਰਧਾਨ ਮੰਤਰੀ ਉਲਫ ਕ੍ਰਿਸਟਰਸਨ ਪੀ.ਐੱਮ. ਨੂੰ ਰਿਸੀਵ ਕਰਨ ਗੋਥੇਨਬਰਗ (ਬਾਕੀ ਸਫਾ 2 'ਤੇ)

### ਮੋਦੀ ਨੂੰ ਮਿਲਿਆ ਨਾਰਵੇ ਦਾ ਸਰਵਉੱਚ ਸਨਮਾਨ

ਓਸਲੋ, 18 ਮਈ (ਚ.ਨ.ਸ.):ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੋਮਵਾਰ, 18 ਮਈ ਨੂੰ ਨਾਰਵੇ ਦੇ ਸਰਵਉੱਚ ਸਨਮਾਨ 'ਗ੍ਰੈਂਡ ਕਰਾਸ ਆਫ ਦ ਰਾਇਲ ਨਾਰਵੇਜੀਅਨ ਆਰਡਰ ਆਫ ਮੈਰਿਟ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਪ੍ਰਧਾਨ ਮੰਤਰੀ ਮੋਦੀ ਨੂੰ ਵਿਦੇਸ਼ਾਂ ਤੋਂ ਮਿਲਣ ਵਾਲਾ 32ਵਾਂ ਵੱਡਾ ਅੰਤਰਰਾਸ਼ਟਰੀ ਸਨਮਾਨ ਹੈ, ਜੋ ਅੰਤਰਰਾਸ਼ਟਰੀ ਮੰਚ 'ਤੇ ਭਾਰਤ ਦੇ ਵਧਦੇ ਪ੍ਰਭਾਵ ਨੂੰ ਦਰਸਾਉਂਦਾ ਹੈ। ਪ੍ਰਧਾਨ ਮੰਤਰੀ ਮੋਦੀ ਇਸ ਸਮੇਂ ਪੰਜ ਦੇਸ਼ਾਂ ਦੇ ਮਹੱਤਵਪੂਰਨ ਦੌਰੇ 'ਤੇ ਹਨ। (ਬਾਕੀ ਸਫਾ 2 'ਤੇ)

## ਪੰਜਾਬ 'ਚ ਗਰਮੀ ਨੇ ਕੱਢੇ ਵੱਟ, ਤਾਪਮਾਨ 43 ਡਿਗਰੀ ਤੋਂ ਪਾਰ

### ਅਗਲੇ 6 ਦਿਨਾਂ ਲਈ ਹੀਟਵੇਵ ਦਾ ਅਲਰਟ ਜਾਰੀ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 18 ਮਈ :ਪੰਜਾਬ ਵਿੱਚ ਗਰਮੀ ਦਾ ਕਹਿਰ ਤੇਜ਼ੀ ਨਾਲ ਵੱਧਣ ਜਾ ਰਿਹਾ ਹੈ ਅਤੇ ਆਉਣ ਵਾਲੇ ਦਿਨਾਂ 'ਚ ਲੋਕਾਂ ਨੂੰ ਹੀਟਵੇਵ ਦਾ ਸਾਹਮਣਾ ਕਰਨਾ ਪਵੇਗਾ। ਮੌਸਮ ਵਿਗਿਆਨ ਕੇਂਦਰ ਚੰਡੀਗੜ੍ਹ ਵੱਲੋਂ ਜਾਰੀ ਤਾਜ਼ਾ ਮੌਸਮ ਬੁਲੇਟਿਨ ਅਨੁਸਾਰ ਸੂਬੇ 'ਚ 23 ਮਈ ਤੱਕ ਵੱਖ-ਵੱਖ ਹਿੱਸਿਆਂ 'ਚ ਹੀਟਵੇਵ ਦਾ ਅਲਰਟ ਜਾਰੀ ਕੀਤਾ ਗਿਆ ਹੈ। ਅੱਜ ਤੋਂ ਅਗਲੇ ਛੇ ਦਿਨਾਂ ਤੱਕ ਲਗਾਤਾਰ ਹੀਟਵੇਵ ਜਾਰੀ ਰਹੇਗੀ। ਮੌਸਮ ਵਿਗਿਆਨ ਕੇਂਦਰ,ਚੰਡੀਗੜ੍ਹ ਨੇ ਪੰਜ ਜ਼ਿਲ੍ਹਿਆਂ ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਬਠਿੰਡਾ ਅਤੇ ਮਾਨਸਾ ਲਈ ਯੈਲੋ ਹੀਟਵੇਵ ਅਲਰਟ ਜਾਰੀ ਕੀਤਾ ਹੈ। ਇਸ ਦੌਰਾਨ ਪੂਰੇ ਪੰਜਾਬ 'ਚ ਮੌਸਮ ਪੂਰੀ ਤਰ੍ਹਾਂ ਖੁਸ਼ਕ ਰਹੇਗਾ ਅਤੇ ਤੇਜ਼ ਧੁੱਪ ਕਾਰਨ ਤਾਪਮਾਨ 'ਚ ਲਗਾਤਾਰ ਵਾਧਾ ਦੇਖਣ ਨੂੰ ਮਿਲੇਗਾ, ਜਿਸ ਕਾਰਨ ਦੁਪਹਿਰ ਵੇਲੇ ਘਰੋਂ ਬਾਹਰ ਨਿਕਲਣਾ ਵੀ ਮੁਸ਼ਕਲ ਹੋ ਜਾਵੇਗਾ।

ਪਠਾਨਕੋਟ ਵਿੱਚ ਐਤਵਾਰ ਦੇ ਮੁਕਾਬਲੇ ਤਾਪਮਾਨ ਵਿੱਚ 1.2 ਡਿਗਰੀ ਸੈਲਸੀਅਸ ਵਾਧਾ ਹੋਇਆ ਹੈ, ਅਤੇ ਹੁਣ ਆਮ ਦੇ ਨੇੜੇ ਹੈ। ਬਠਿੰਡਾ ਵਿੱਚ ਸਭ ਤੋਂ ਵੱਧ (ਬਾਕੀ ਸਫਾ 2 'ਤੇ)

### ਲਖੀਮਪੁਰ ਖੀਰੀ 'ਚ ਟਰੱਕ ਤੇ ਵੈਨ ਦੀ ਟੱਕਰ ਦੌਰਾਨ 10 ਮੌਤਾਂ

ਲਖੀਮਪੁਰ ਖੀਰੀ, 18 ਮਈ (ਚ.ਨ.ਸ.): ਯੂ.ਪੀ. ਦੇ ਲਖੀਮਪੁਰ ਖੀਰੀ 'ਚ ਇੱਕ ਭਿਆਨਕ ਹਾਦਸਾ ਵਾਪਰਿਆ ਹੈ, ਜਿਸ ਵਿੱਚ ਹੁਣ ਤੱਕ 10 ਲੋਕਾਂ ਦੀ ਜਾਨ ਚਲੀ ਗਈ ਹੈ। ਪੁਲਿਸ ਨੇ ਦੱਸਿਆ ਕਿ ਸੋਮਵਾਰ ਨੂੰ ਸਿਸਈਆ-ਲਖੀਮਪੁਰ ਕੌਮੀ ਰਾਜਮਾਰਗ 'ਤੇ ਇੱਕ ਵੈਨ ਅਤੇ ਟਰੱਕ ਦੀ ਆਹਮੋ-ਸਾਹਮਣੇ ਹੋਈ ਜ਼ਬਰਦਸਤ ਟੱਕਰ ਵਿੱਚ ਦਸ ਲੋਕਾਂ ਦੀ ਮੌਤ ਹੋ ਗਈ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਵੈਨ ਲਖੀਮਪੁਰ ਤੋਂ ਸਿਸਈਆ ਵੱਲ ਜਾ ਰਹੀ ਸੀ ਅਤੇ ਉਂਚਗਾਂਵ ਅਤੇ ਭਰੇਹਤਾ ਪਿੰਡਾਂ ਦੇ ਵਿਚਕਾਰ ਪਹੁੰਚੀ ਸੀ। ਧੌਰਹਰਾ ਦੇ ਸਰਕਲ ਅਫ਼ਸਰ ਸ਼ਮਸ਼ੇਰ ਬਹਾਦਰ ਸਿੰਘ ਨੇ ਦੱਸਿਆ ਕਿ ਵੈਨ ਵਿੱਚ ਸਵਾਰ ਸਾਰੇ ਨੌਂ ਯਾਤਰੀਆਂ ਅਤੇ ਡਰਾਈਵਰ ਦੀ ਇਸ ਹਾਦਸੇ ਵਿੱਚ ਮੌਤ ਹੋ ਗਈ ਹੈ।ਲਖੀਮਪੁਰ ਖੀਰੀ ਦੇ ਜ਼ਿਲ੍ਹਾ (ਬਾਕੀ ਸਫਾ 2 'ਤੇ)

### ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਿੱਖ ਜਥੇਬੰਦੀਆਂ ਦੀ ਵਿਸ਼ਾਲ ਇਕੱਤਰਤਾ

## ਸਰਕਾਰ ਦੇ 'ਸਤਿਕਾਰ ਸੋਧ ਐਕਟ' 'ਚ ਦਰਜ ਸਿੱਖ ਭਾਵਨਾਵਾਂ ਵਿਰੁੱਧ ਮਦਾਂ 'ਤੇ ਉੱਠੇ ਗੰਭੀਰ ਸਵਾਲ

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਹਾਨੀ ਆਭਾ-ਮੰਡਲ ਨੂੰ ਦੁਨਿਆਵੀ ਕਾਨੂੰਨ ਅਧੀਨ ਲਿਆਉਣ ਦੀ ਸਰਕਾਰੀ ਸਾਜਿਸ਼ ਇੱਕ ਕੌਮੀ ਚੁਣੌਤੀ ਬਣੀ: ਐਡਵੋਕੇਟ ਧਾਮੀ

ਤਰਲੋਚਨ ਸਿੰਘ

ਸ੍ਰੀ ਅਨੰਦਪੁਰ ਸਾਹਿਬ, 18 ਮਈ :ਪੰਜਾਬ ਸਰਕਾਰ ਵਲੋਂ ਹੋਂਦ ਵਿਚ ਲਿਆਂਦੇ ਨਵੇਂ 'ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ 2026' ਵਿਚ ਗੁਰਮਤਿ ਸਿਧਾਂਤ ਅਤੇ ਸਿੱਖ ਪਰੰਪਰਾ ਦੇ ਉਲਟ ਕੀਤੀ ਗਈ ਕਾਨੂੰਨੀ ਵਿਆਖਿਆ ਅਤੇ ਵਿਵਾਦਤ ਮੱਦਾਂ ਨੂੰ ਲੈ ਕੇ ਅੱਜ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੁਆਬਾ ਖੇਤਰ ਦੀਆਂ ਵੱਖ-ਵੱਖ ਸਿੱਖ ਸੰਪਰਦਾਵਾਂ, ਸੰਸਥਾਵਾਂ, ਧਾਰਮਿਕ ਜਥੇਬੰਦੀਆਂ ਅਤੇ ਪੰਥਕ ਆਗੂਆਂ ਦੀ ਭਰਵੀਂ ਇਕੱਤਰਤਾ ਹੋਈ। ਸ੍ਰੀ ਅਕਾਲ




ਤਖ਼ਤ ਸਾਹਿਬ ਦੇ ਆਦੇਸ਼ਾਂ ਅਨੁਸਾਰ ਹੋਈ ਇਸ ਇਕੱਤਰਤਾ ਵਿਚ ਵੱਡੀ ਗਿਣਤੀ ਵਿੱਚ ਸੰਤ, ਵਿਦਵਾਨ, ਵਕੀਲ, ਗ੍ਰੰਥੀ ਸਿੰਘ, ਪ੍ਰਚਾਰਕ ਅਤੇ ਸੰਗਤੀ ਨੁਮਾਇੰਦਿਆਂ ਨੇ ਸ਼ਮੂਲੀਅਤ ਕਰਦਿਆਂ ਖੁੱਲ੍ਹੇ ਰੂਪ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ।ਇਕੱਤਰਤਾ ਦੌਰਾਨ ਬੋਲਣ (ਬਾਕੀ ਸਫਾ 2 'ਤੇ)

### ਪੀ.ਆਰ.ਟੀ.ਸੀ. ਕਰਮਚਾਰੀਆਂ ਦੀ ਹੜਤਾਲ ਟਲੀ

ਚੰਡੀਗੜ੍ਹ, 18 ਮਈ (ਚ.ਨ.ਸ.):ਪੰਜਾਬ ਦੇ ਲੋਕਾਂ ਲਈ ਰਾਹਤ ਦੀ ਖ਼ਬਰ ਹੈ। 20 ਮਈ ਨੂੰ ਸੰਗਰੂਰ ਵਿੱਚ ਸ਼ੁਰੂ ਹੋਣ ਵਾਲੀ ਪੀ.ਆਰ.ਟੀ.ਸੀ. ਕਰਮਚਾਰੀਆਂ ਦੀ ਹੜਤਾਲ ਮੁਲਤਵੀ ਕਰ ਦਿੱਤੀ ਗਈ ਹੈ। ਪੀ.ਆਰ.ਟੀ.ਸੀ. ਕੰਟਰੈਕਟ ਐਂਪਲਾਈਜ਼ ਯੂਨੀਅਨ ਨੇ ਕਈ ਮੁੱਦਿਆਂ 'ਤੇ ਸਹਿਮਤੀ ਬਣਾਉਣ ਲਈ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਮੁਲਾਕਾਤ ਕੀਤੀ। ਮੀਟਿੰਗ ਦੇ ਪ੍ਰਧਾਨ ਨੇ ਦੱਸਿਆ ਕਿ ਪਰਸੋਨਲ ਵਿਭਾਗ ਨੂੰ ਆਰਜ਼ੀ ਕਰਮਚਾਰੀਆਂ ਨੂੰ ਰੈਗੂਲਰ ਕਰਨ ਲਈ ਡਾਟਾ ਪ੍ਰਾਪਤ ਕਰਨ ਲਈ ਕਿਹਾ ਗਿਆ ਹੈ। ਖਾਲੀ ਅਸਾਮੀਆਂ ਲਈ ਭਰਤੀ ਕੀਤੀ ਜਾਵੇਗੀ। ਸੰਗਰੂਰ ਜੇਲ੍ਹ ਵਿੱਚ ਬੰਦ ਕਰਮਚਾਰੀਆਂ ਨੂੰ ਰਿਹਾਅ ਕਰਨ ਲਈ ਵੀ ਇੱਕ ਸਮਝੌਤਾ ਹੋਇਆ ਹੈ। ਸਰਕਾਰ ਵੱਲੋਂ ਜਲਦੀ ਹੀ ਅਰਜ਼ੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਅੱਗੇ ਕਿਹਾ ਕਿ ਚੋਣ ਜ਼ਾਬਤਾ ਲਾਗੂ ਹੈ। ਇਸ ਲਈ, 30 ਅਤੇ 31 ਮਈ ਨੂੰ ਇੱਕ ਹੋਰ ਮੀਟਿੰਗ (ਬਾਕੀ ਸਫਾ 2 'ਤੇ)

### ਮਲੇਰਕੋਟਲਾ 'ਚ ਜਾਅਲੀ ਕਰੰਸੀ ਮਾਡਿਊਲ ਦਾ ਪਰਦਾਫਾਸ਼

## 5.50 ਲੱਖ ਦੀ ਜਾਅਲੀ ਕਰੰਸੀ ਸਮੇਤ ਚਾਰ ਕਾਬੂ

ਬਲਜੀਤ ਸਿੰਘ ਟਿੱਬਾ

ਮਲੇਰਕੋਟਲਾ, 18 ਮਈ : ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ ਜਾਅਲੀ ਭਾਰਤੀ ਕਰੰਸੀ ਨੋਟਾਂ (ਐਫਆਈਸੀਐਨ) ਦੇ



ਸਰਕੂਲੇਸ਼ਨ ਨੂੰ ਕਰਾਰਾ ਝਟਕਾ ਦਿੰਦਿਆਂ, ਕਾਊਂਟਰ ਇੰਟੈਲੀਜੈਂਸ ਪਟਿਆਲਾ (ਸੀਆਈ ਯੂਨਿਟ ਮਲੇਰਕੋਟਲਾ) ਨੇ ਜਾਅਲੀ ਕਰੰਸੀ ਮਾਡਿਊਲ ਵਿੱਚ ਸ਼ਾਮਲ ਚਾਰ ਵਿਅਕਤੀਆਂ ਨੂੰ 5.50 ਲੱਖ ਰੁਪਏ ਦੀ ਜਾਅਲੀ ਕਰੰਸੀ ਸਮੇਤ ਗ੍ਰਿਫਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿ.ਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਨਾਜ਼ਰ ਖਾਨ ਵਾਸੀ ਪਿੰਡ ਝੁਨੀਰ, ਮਲੇਰਕੋਟਲਾ; ਰਾਜ ਮੁਹੰਮਦ ਵਾਸੀ ਧੂਰੀ, ਸੰਗਰੂਰ; ਮੁਖਤਿਆਰ ਸਿੰਘ ਉਰਫ਼ ਗੁਰਜੀਤ ਸਿੰਘ ਵਾਸੀ ਪਿੰਡ ਮਲਿਕਪੁਰ, ਜੀਂਦ, ਹਰਿਆਣਾ ਅਤੇ ਆਸਿਫ਼ ਅਲੀ ਵਾਸੀ ਮਲੇਰਕੋਟਲਾ ਵਜੋਂ ਹੋਈ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਬਰਾਮਦ ਕੀਤੀ ਗਈ ਜਾਅਲੀ ਭਾਰਤੀ ਕਰੰਸੀ ਵਿੱਚ ਸਾਰੇ 500 ਰੁਪਏ ਦੇ ਨੋਟ ਹਨ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਰਾਜ ਮੁਹੰਮਦ ਅਪਰਾਧਿਕ ਪਿਛੋਕੜ ਵਾਲਾ ਮੁਲਜ਼ਮ ਹੈ ਅਤੇ ਉਸ ਵਿਰੁੱਧ (ਬਾਕੀ ਸਫਾ 2 'ਤੇ)

### ਕੇਰਲਾ ਦੇ ਮੁੱਖ ਮੰਤਰੀ ਵਜੋਂ ਵੀ.ਡੀ. ਸਤੀਸ਼ਨ ਨੇ 20 ਮੰਤਰੀਆਂ ਸਮੇਤ ਚੁੱਕੀ ਸਹੁੰ

ਤਿਰੂਵਨੰਤਪੁਰਮ, 18 ਮਈ (ਚ.ਨ.ਸ.):ਕਾਂਗਰਸ ਨੇਤਾ ਵੀ.ਡੀ. ਸਤੀਸ਼ਨ ਕੇਰਲਾ ਦੇ ਨਵੇਂ ਮੁੱਖ ਮੰਤਰੀ ਬਣ ਗਏ ਹਨ। ਕੇਰਲਮ ਦੇ ਰਾਜਪਾਲ ਰਾਜੇਂਦਰ ਵਿਸ਼ਵਨਾਥ ਅਰਲੇਕਰ ਨੇ



ਵੀ.ਡੀ.ਸਤੀਸ਼ਨ ਨੂੰ ਸੂਬੇ ਦੇ ਮੁੱਖ ਮੰਤਰੀ ਵਜੋਂ ਸਹੁੰ ਚੁਕਵਾਈ। ਸਹੁੰ ਚੁੱਕ ਸਮਾਗਮ ਤਿਰੂਵਨੰਤਪੁਰਮ ਦੇ ਸੈਂਟਰਲ ਸਟੇਡੀਅਮ ਵਿੱਚ ਹੋਇਆ, ਜਿੱਥੇ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ, ਕਾਂਗਰਸ ਨੇਤਾ ਰਾਹੁਲ ਗਾਂਧੀ ਅਤੇ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ ਮੌਜੂਦ ਸਨ।

ਵੀ.ਡੀ.ਸਤੀਸ਼ਨ ਤੋਂ ਬਾਅਦ ਵੀਹ ਵਿਧਾਇਕਾਂ ਨੇ ਮੰਤਰੀ ਵਜੋਂ ਸਹੁੰ ਚੁੱਕੀ । ਪੀ.ਕੇ. ਕੁਨਹਾਲੀਕੁਟੀ, ਸੰਨੀ ਜੋਸੇਫ, ਕੇ ਮੁਰਲੀਧਰਨ ਅਤੇ ਮੋਨਸ ਜੋਸੇਫ ਨੇ ਵੀ.ਡੀ. ਸਤੀਸ਼ਨ ਦੀ ਅਗਵਾਈ ਵਾਲੀ ਕੇਰਲਾ ਸਰਕਾਰ ਵਿੱਚ ਕੈਬਨਿਟ (ਬਾਕੀ ਸਫਾ 2 'ਤੇ)

### ਕੇਂਦਰੀ ਕਾਨੂੰਨ ਮੰਤਰਾਲੇ ਵੱਲੋਂ ਨੋਟੀਫ਼ਿਕੇਸ਼ਨ ਜਾਰੀ

## ਸਿੱਕਮ 'ਚ ਇੱਕ ਜੂਨ ਤੋਂ ਲਾਗੂ ਹੋਵੇਗਾ 'ਆਨੰਦ ਮੈਰਿਜ ਐਕਟ'

ਚੜ੍ਹਦੀਕਲਾ ਬਿਊਰੋ

ਗੰਗਟੋਕ, 18 ਮਈ : ਸਿੱਖ ਜੋੜਿਆਂ ਦੇ ਆਨੰਦ ਕਾਰਜ ਨੂੰ ਵਿਸ਼ੇਸ਼ ਕਾਨੂੰਨੀ ਢਾਂਚੇ ਤਹਿਤ ਰਜਿਸਟਰਡ ਕਰਨ ਦੀ ਇਜਾਜ਼ਤ ਦੇਣ ਵਾਲਾ 'ਆਨੰਦ ਕਾਰਜ ਐਕਟ' ਸਿੱਕਮ ਵਿਚ 1 ਜੂਨ ਤੋਂ ਲਾਗੂ ਹੋਵੇਗਾ।



ਅਜਿਹਾ ਸੁਪਰੀਮ ਕੋਰਟ ਦੇ ਨਿਰਦੇਸ਼ ਮਗਰੋਂ ਸੰਭਵ ਹੋਇਆ ਹੈ। ਪੂਰਵ ਉੱਤਰ ਸੂਬਾ ਸਿੱਕਮ ਵਿਚ ਹੁਣ ਤੱਕ ਵਿਆਹ ਦੇ ਰਜਿਸਟ੍ਰੇਸ਼ਨ ਲਈ ਕਈ ਸਿੱਖ ਜੋੜੇ ਆਪਣੇ ਵਿਆਹ ਨੂੰ ਹਿੰਦੂ ਵਿਆਹ ਅਧਿਨਿਯਮ 1955 ਤਹਿਤ ਰਜਿਸਟਰਡ ਕਰਦੇ ਰਹੇ ਹਨ ਪਰ ਹੁਣ ਆਨੰਦ ਕਾਰਜ ਅਧਿਨਿਯਮ ਸਿੱਕਮ ਵਿਚ ਸਿੱਖ ਭਾਈਚਾਰੇ ਦੇ ਮੈਂਬਰਾਂ ਨੂੰ ਰਵਾਇਤੀ 'ਆਨੰਦ ਕਾਰਜ' ਸਮਾਰੋਹ ਤਹਿਤ ਸੰਪੰਨ ਵਿਆਹਾਂ ਨੂੰ ਸਿੱਧੇ ਰਜਿਸਟਰਡ ਕਰਾਉਣ ਦੀ ਇਜਾਜ਼ਤ ਦੇਵੇਗਾ। ਸਤੰਬਰ, 2025 ਵਿੱਚ ਸੁਪਰੀਮ ਕੋਰਟ ਵੱਲੋਂ ਸੁਣਾਏ ਗਏ ਇੱਕ ਅਹਿਮ ਫੈਸਲੇ ਨੇ ਸਿੱਕਮ ਰਾਜ ਵਿੱਚ ਇਸ 1909 ਦੇ ਪੁਰਾਣੇ ਕਾਨੂੰਨ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰ ਦਿੱਤਾ ਸੀ। (ਬਾਕੀ ਸਫਾ 2 'ਤੇ)

### ਸਾਸਾਰਾਮ 'ਚ ਯਾਤਰੀ ਰੇਲ ਨੂੰ ਲੱਗੀ ਅੱਗ, ਜਾਨੀ ਨੁਕਸਾਨ ਬਚਾਅ

ਪਟਨਾ, 18 ਮਈ (ਚ.ਨ.ਸ.): ਬਿਹਾਰ ਦੇ ਸਾਸਾਰਾਮ ਵਿਚ ਸਾਸਾਰਾਮ-ਆਰਾ-ਪਟਨਾ ਪੈਸੇਂਜਰ ਟ੍ਰੇਨ ਨੂੰ ਅਚਾਨਕ ਅੱਗ ਲੱਗ ਗਈ। ਅੱਗ ਟ੍ਰੇਨ ਦੀ ਜਨਰਲ ਬੋਗੀ ਡੀ3 ਵਿਚ ਲੱਗੀ ਸੀ। ਇਸ ਦੇ ਬਾਅਦ ਬੋਗੀ ਵਿਚ ਧੂੰਆਂ ਤੇ ਲਪਟਾਂ ਉਠਣ ਲੱਗੀਆਂ। ਘਟਨਾ ਮੌਕੇ ਟ੍ਰੇਨ 6 ਨੰਬਰ ਪਲੇਟਫਾਰਮ 'ਤੇ ਖੜ੍ਹੀ ਸੀ। ਅੱਗ ਲੱਗਦੇ ਹੀ ਯਾਤਰੀਆਂ ਵਿਚ ਭਗਦੜ ਮਚ ਗਈ। ਲੋਕ ਆਪਣੀ ਜਾਨ ਬਚਾਉਣ ਲਈ ਜਲਦਬਾਜ਼ੀ ਵਿਚ ਟ੍ਰੇਨ ਤੋਂ ਉਤਰਨ ਲੱਗੇ। ਕਈ ਯਾਤਰੀ ਆਪਣਾ ਸਾਮਾਨ ਛੱਡ ਕੇ ਪਲੇਟਫਾਰਮ ਵਲ ਭੱਜੇ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਪਹਿਲਾਂ ਕੋਚ ਅੰਦਰੋਂ ਤੇਜ਼ ਜਲਣ ਦੀ ਗੰਧ ਮਹਿਸੂਸ ਹੋਈ। ਇਸ ਦੇ ਬਾਅਦ ਬੋਗੀ ਅੰਦਰ ਧੂੰਆਂ ਭਰਨ ਲੱਗਾ ਤੇ ਅੱਗ ਦੀਆਂ ਲਪਟਾਂ ਦਿਖਾਈ ਦਿੱਤੀਆਂ। ਘਟਨਾ ਮੌਕੇ ਟ੍ਰੇਨ ਵਿਚ ਯਾਤਰੀ ਬੈਠੇ (ਬਾਕੀ ਸਫਾ 2 'ਤੇ)

## ਪਾਕਿਸਤਾਨ ਤੋਂ ਆ ਰਹੇ ਖ਼ਤਰਨਾਕ ਹਥਿਆਰਾਂ ਨਾਲ ਗੈਂਗਸਟਰ ਦੇ ਰਹੇ ਨੇ ਵੱਡੀਆਂ ਵਾਰਦਾਤਾਂ ਨੂੰ ਅੰਜਾਮ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 18 ਮਈ :ਦਿੱਲੀ, ਹਰਿਆਣਾ ਤੇ ਪੰਜਾਬ ਵਿੱਚ ਗੈਂਗਸਟਰਾਂ ਨੇ ਵਿਦੇਸ਼ੀ ਹਥਿਆਰ ਪ੍ਰਾਪਤ ਕਰ ਲਏ ਹਨ। ਉਹ ਹੁਣ ਏ ਕੇ -47 ਰਾਈਫਲਾਂ, ਆਸਟ੍ਰੀਅਨ ਗਲੋਕ ਪਿਸਤੌਲ ਅਤੇ ਤੁਰਕੀ ਜ਼ਿਗਾਨਾ ਅਰਧ-ਆਟੋਮੈਟਿਕ ਪਿਸਤੌਲ ਲੈ ਕੇ ਜਾ ਰਹੇ ਹਨ। ਦਿੱਲੀ, ਹਰਿਆਣਾ ਤੇ ਪੰਜਾਬ ਵਿੱਚ ਗੈਂਗਸਟਰ ਪਹਿਲਾਂ ਅਜਿਹੇ ਹਥਿਆਰਾਂ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰਦੇ ਸਨ; ਉਨ੍ਹਾਂ ਦੀ ਬੰਦੂਕਾਂ ਦੀ ਸਪਲਾਈ ਵੱਡੇ ਪੱਧਰ 'ਤੇ ਉੱਤਰ ਪ੍ਰਦੇਸ਼ ਅਤੇ ਬਿਹਾਰ ਨਾਲ ਜੁੜੀ ਹੋਈ ਸੀ। ਹਾਲਾਂਕਿ, ਇਹ ਨੈੱਟਵਰਕ ਸਾਲਾਂ ਦੌਰਾਨ ਬਦਲ ਗਿਆ ਹੈ ਅਤੇ ਗੈਂਗਸਟਰ ਹੁਣ ਆਧੁਨਿਕ ਵਿਦੇਸ਼ੀ ਹਥਿਆਰਾਂ ਨਾਲ ਲੈਸ ਹਨ। ਇਸ ਬਦਲੇ ਹੋਏ ਨੈੱਟਵਰਕ ਦੇ ਕੇਂਦਰ ਵਿੱਚ ਅੰਸਾਰੀ ਭਰਾ ਹਨ, ਜੋ ਇਨ੍ਹਾਂ ਗੈਂਗਾਂ ਨੂੰ ਹਥਿਆਰ ਸਪਲਾਈ ਕਰ ਰਹੇ ਹਨ।

ਜਿੱਥੇ ਦਿੱਲੀ ਜਾਂ ਹਰਿਆਣਾ ਵਿੱਚ ਇਹ ਹਥਿਆਰ ਨੇਪਾਲੀ ਰਾਹ ਤੋਂ ਆਉਂਦੇ ਹਨ, ਉੱਥੇ ਹੀ ਪੰਜਾਬ ਵਿਚ ਸੂਬੇ ਨਾਲ ਲੱਗਦੀ ਪਾਕਿਸਤਾਨੀ ਸਰਹੱਦ ਰਾਹੀਂ ਇਹ ਖ਼ਤਰਨਾਕ ਹਥਿਆਰ ਤੇ ਨਸ਼ਾ ਡਰੋਨ ਰਾਹੀਂ ਪੁੱਜ ਰਿਹਾ ਹੈ।




ਪਾਕਿਸਤਾਨ ਤੋਂ ਖਾਸ ਤੌਰ 'ਤੇ ਤਿਆਰ ਕੀਤੇ ਡਰੋਨਾਂ ਰਾਹੀਂ ਹਥਿਆਰ ਸਮਗਲ ਕੀਤੇ ਜਾਂਦੇ ਹਨ ਜੋ ਰਾਡਾਰ ਤੋਂ ਬਚਣ ਲਈ ਘੱਟ ਉਚਾਈ 'ਤੇ ਉੱਡਦੇ ਹਨ। ਸਮਗਲਰ ਪੰਜਾਬ ਦੀ ਅੰਤਰਰਾਸ਼ਟਰੀ ਸਰਹੱਦ ਦੇ ਕਮਜ਼ੋਰ ਹਿੱਸਿਆਂ ਵਿੱਚ ਰਾਤ ਨੂੰ ਜੀ ਪੀ ਐਸ ਨਾਲ ਨਿਸ਼ਾਨਦੇਹੀ ਕੀਤੀਆਂ ਥਾਵਾਂ 'ਤੇ ਖੇਪਾਂ ਸੁੱਟਦੇ ਹਨ। ਹਥਿਆਰਾਂ ਨੂੰ ਕਾਰਬਨ-ਕੋਟੇਡ ਸਮੱਗਰੀ ਵਿੱਚ ਲਪੇਟਿਆ ਜਾਂਦਾ ਹੈ ਤਾਂ ਕਿ ਸਕੈਨਿੰਗ ਤੋਂ ਬਚਿਆ ਜਾ ਸਕੇ।

'ਡਰੋਨ-ਡਰੱਗਜ਼-ਗੰਨ' ਨੈਕਸਸ ਸਰਹੱਦੀ ਖੇਤਰਾਂ ਵਿੱਚ ਇੱਕ ਉੱਚ-ਤਕਨੀਕੀ ਅਪਰਾਧਿਕ ਮਾਡਲ ਵਜੋਂ ਉੱਭਰਿਆ ਹੈ। ਸਰਹੱਦ ਪਾਰੋਂ ਛੱਡੀਆਂ ਖੇਪਾਂ ਨੂੰ ਸਰਹੱਦੀ ਇਲਾਕਿਆਂ ਤੋਂ ਇਕੱਠਾ ਕਰਕੇ ਵੱਖ-ਵੱਖ ਸ਼ਹਿਰਾਂ ਵਿੱਚ ਵੰਡਿਆ ਜਾਂਦਾ ਹੈ।

ਚੀਨ ਅਤੇ ਤੁਰਕੀ ਵਿੱਚ ਬਣੇ ਹਥਿਆਰ ਲਾਰੈਂਸ ਬਿਸ਼ਨੋਈ, ਬੰਬੀਹਾ ਅਤੇ ਗੋਗੀ ਹਿੰਮਤ ਭਾਈ ਵਰਗੇ ਗੈਂਗਾਂ ਦੇ ਮੈਂਬਰਾਂ ਨੂੰ ਸਪਲਾਈ ਕੀਤੇ ਜਾਂਦੇ ਸਨ।

ਤੁਰਕੀ ਵਿੱਚ ਬਣੀਆਂ ਪੀ ਐਕਸ -5.7 ਪਿਸਟਲਾਂ ਵੀ ਬਰਾਮਦ ਹੋਈਆਂ ਜੋ ਆਮ ਤੌਰ 'ਤੇ ਸਿਰਫ਼ ਵਿਸ਼ੇਸ਼ ਫ਼ੌਜੀ ਬਲਾਂ ਲਈ ਵਰਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਗਲੌਕ,ਪਿਸਟਲਾਂ, ਏ ਕੇ - 47/56 ਰਾਈਫਲਾਂ, ਅਤੇ ਆਰ ਬੀ ਐਮ (ਰਾਕੇਟ ਪ੍ਰੋਪੈਲਡ ਗ੍ਰਨੇਡ) ਵੀ ਬਰਾਮਦ ਹੋਈਆਂ ਹਨ।

ਡਰੋਨਾਂ ਰਾਹੀਂ ਉੱਚ-ਕਾਲੀਬਰ ਹਥਿਆਰਾਂ ਅਤੇ ਨਸ਼ਿਆਂ ਦੀ ਸਪਲਾਈ ਆਮ ਅਪਰਾਧਿਕ ਗਿਰੋਹਾਂ ਦੀ ਸਮਰੱਥਾ ਤੋਂ ਬਾਹਰ (ਬਾਕੀ ਸਫਾ 2 'ਤੇ)

### ਨੀਟ-ਯੂਜੀ ਪੇਪਰ ਲੀਕ ਮਾਮਲਾ

### ਸੀ.ਬੀ.ਆਈ. ਵੱਲੋਂ ਰੇਣੁਕਾਈ ਕੈਮਿਸਟਰੀ ਕਲਾਸਿਜ਼ ਦਾ ਸੰਸਥਾਪਕ ਗ੍ਰਿਫ਼ਤਾਰ

ਨਵੀਂ ਦਿੱਲੀ, 18 ਮਈ (ਚ.ਨ.ਸ.): ਸੀ ਬੀ ਆਈ ਨੇ ਨੀਟ-ਯੂਜੀ ਪੇਪਰ ਲੀਕ ਮਾਮਲੇ ਵਿੱਚ ਮਹਾਰਾਸ਼ਟਰ ਦੇ ਲਾਤੂਰ ਸ਼ਹਿਰ ਵਿੱਚ ਰੇਣੁਕਾਈ ਕੈਮਿਸਟਰੀ ਕਲਾਸਿਜ਼ (ਆਰ.ਸੀ.ਸੀ.) ਚਲਾਉਣ ਵਾਲੇ ਸ਼ਿਵਰਾਜ ਰਘੂਨਾਥ ਮੋਤੇਗਾਓਂਕਰ ਨੂੰ ਗ੍ਰਿਫ਼ਤਾਰ ਕੀਤਾ ਹੈ, ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਐਤਵਾਰ ਨੂੰ ਏਜੰਸੀ ਵੱਲੋਂ ਕੀਤੀ ਗਈ ਛਾਪੇਮਾਰੀ ਦੌਰਾਨ ਮੋਤੇਗਾਓਂਕਰ ਦੇ ਮੋਬਾਈਲ ਫ਼ੋਨ ਤੋਂ ਮੈਡੀਕਲ ਪ੍ਰਵੇਸ਼ ਪ੍ਰੀਖਿਆ ਦਾ ਲੀਕ ਹੋਇਆ ਪ੍ਰਸ਼ਨ ਪੱਤਰ ਮਿਲਿਆ ਸੀ। ਉਸ ਤੋਂ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਸੀ.ਬੀ.ਆਈ. ਨੇ ਦੋਸ਼ ਲਗਾਇਆ ਹੈ ਕਿ ਮੋਤੇਗਾਓਂਕਰ ਨੀਟ-ਯੂਜੀ ਪੇਪਰ ਲੀਕ ਕਰਨ (ਬਾਕੀ ਸਫਾ 2 'ਤੇ)

## ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ

ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਇਹ ਯਾਤਰਾ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਪਹਿਲੇ ਜੱਥੇ ਦੇ ਰੂਪ ਵਿੱਚ ਰਿਸ਼ੀਕੇਸ਼ ਤੋਂ ਰਵਾਨਾ ਹੋਵੇਗੀ। ਇਸ ਸਬੰਧ ਵਿੱਚ ਟਰੱਸਟ ਵੱਲੋਂ ਗੁਰਦੁਆਰਾ ਰਿਸ਼ੀਕੇਸ਼ ਵਿਖੇ ਇੱਕ ਵੱਡਾ ਸਮਾਗਮ ਆਯੋਜਿਤ ਕੀਤਾ ਜਾਵੇਗਾ। ਇਸ ਸਮਾਗਮ ਵਿੱਚ ਉੱਤਰਾਖੰਡ ਦੇ ਰਾਜਪਾਲ ਲੈਫਟੀਨੈਂਟ ਜਨਰਲ ਗੁਰਮੀਤ ਸਿੰਘ (ਸੇਵਾਮੁਕਤ), ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ, ਦਿੱਲੀ ਦੇ ਲੈਫਟੀਨੈਂਟ ਗਵਰਨਰ (ਰਾਜਪਾਲ) ਤਰਨਜੀਤ ਸਿੰਘ ਸੰਧੂ ਤੇ ਹੋਰ ਮੰਤਰੀ, ਪਤਵੰਤੇ, ਸੰਤ ਸਮਾਜ ਦੇ ਨੁਮਾਇੰਦੇ ਅਤੇ ਸ਼ਰਧਾਲੂ ਸ਼ਾਮਲ ਹੋਣਗੇ। ਇਹ ਸਮਾਗਮ ਸਵੇਰੇ 10:00 ਵਜੇ ਸ਼ੁਰੂ ਹੋਵੇਗਾ ਅਤੇ ਇਸ ਮੌਕੇ ਟਰੱਸਟ ਵੱਲੋਂ ਸਿੱਖ ਵਿਰਾਸਤ ਬਾਰੇ ਦੋ ਕਿਤਾਬਾਂ ਰਸਮੀ ਤੌਰ 'ਤੇ ਜਾਰੀ ਕੀਤੀਆਂ ਜਾਣਗੀਆਂ। ਇਹ ਕਿਤਾਬਾਂ ਸ਼ਰਧਾਲੂਆਂ ਦੇ ਅਧਿਆਤਮਿਕ ਅਤੇ ਇਤਿਹਾਸਕ ਗਿਆਨ ਨੂੰ ਵਧਾਉਣ ਦੇ ਉਦੇਸ਼ ਨਾਲ ਤਿਆਰ ਕੀਤੀਆਂ ਗਈਆਂ ਹਨ।

ਸਮਾਗਮ ਦੌਰਾਨ ਸਿੱਖ ਭਾਈਚਾਰੇ ਦੇ 8 ਸਾਲਾ ਏ.ਆਈ. ਪ੍ਰਤਿਭਾਸ਼ਾਲੀ ਮਾਸਟਰ ਰਣਵੀਰ ਸਿੰਘ ਸਚਦੇਵਾ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਜਾਵੇਗਾ। ਉਨ੍ਹਾਂ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਐਪਲ ਦੇ ਸੀ.ਈ.ਓ. ਟਿਮ ਕੁੱਕ ਅਤੇ ਗੂਗਲ ਦੇ ਸੀ.ਈ.ਓ. ਸੁੰਦਰ ਪਿਚਾਈ ਸਮੇਤ ਕਈ ਵਿਸ਼ਵ ਪ੍ਰਸਿੱਧ ਹਸਤੀਆਂ ਵੱਲੋਂ ਪ੍ਰਸ਼ੰਸਾ ਕੀਤੀ ਗਈ ਹੈ। ਇਸ ਦੇ ਨਾਲ ਹੀ, ਇੱਕ ਨਵੇਂ ਅਜਾਇਬ ਘਰ (ਮਿਊਜ਼ੀਅਮ) 'ਦਾਸਤਾਨ-ਏ-ਸਿੱਖੀ' ਦਾ ਉਦਘਾਟਨ ਵੀ ਕੀਤਾ ਜਾਵੇਗਾ। ਸਿੱਖ ਇਤਿਹਾਸ, ਵਿਰਾਸਤ ਅਤੇ ਗੁਰੂ ਪਰੰਪਰਾ ਨਾਲ ਸਬੰਧਤ ਇਹ ਅਜਾਇਬ ਘਰ ਸ਼ਰਧਾਲੂਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਗਿਆਨ ਦੇ ਇੱਕ ਮਹੱਤਵਪੂਰਨ ਕੇਂਦਰ ਵਜੋਂ ਕੰਮ ਕਰੇਗਾ। ਬਿੰਦਰਾ ਨੇ ਸ਼ਰਧਾਲੂਆਂ ਨੂੰ ਇਸ ਸਮਾਗਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਆਲੇ-ਦੁਆਲੇ ਅਤੇ ਉੱਥੇ ਜਾਣ ਵਾਲੇ ਰਸਤਿਆਂ ਸਮੇਤ ਗਲੇਸ਼ੀਅਰ ਦੇ ਕੋਲ ਜੰਮੀ ਹੋਈ ਬਰਫ਼ ਨੂੰ ਹੁਣ ਪੂਰੀ ਤਰ੍ਹਾਂ ਹਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਅਤੇ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਬਰਫ਼ ਹਟਾਉਣ ਦੀ ਇਹ ਸੇਵਾ ਕੀਤੀ ਜਾ ਰਹੀ ਸੀ, ਜਿਸ ਤੋਂ ਬਾਅਦ ਹੁਣ ਯਾਤਰਾ ਦੀਆਂ ਸਾਰੀਆਂ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਹਨ।

## ਕੇਂਦਰ ਨੇ ਜਾਰੀ ਕੀਤੇ ਤਾਲਾਬੰਦੀ ਜਿਹੇ

ਸੰਸਥਾਵਾਂ 'ਤੇ ਪਵੇਗਾ, ਜਿੱਥੇ ਲੱਖਾਂ ਕਰਮਚਾਰੀ ਕੰਮ ਕਰਦੇ ਹਨ।

**ਮੀਟਿੰਗਾਂ ਅਤੇ ਯਾਤਰਾਵਾਂ ਲਈ ਨਵੇਂ ਨਿਯਮ**

ਵਿੱਤ ਮੰਤਰਾਲੇ ਦੇ ਵਿੱਤੀ ਸੇਵਾਵਾਂ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਹੁਣ ਜ਼ਿਆਦਾਤਰ ਮੀਟਿੰਗਾਂ, ਸਮੀਖਿਆਵਾਂ ਅਤੇ ਸਲਾਹ-ਮਸ਼ਵਰੇ ਵੀਡੀਓ ਕਾਨਫਰੰਸਿੰਗ ਰਾਹੀਂ ਕੀਤੇ ਜਾਣਗੇ।

ਅਧਿਕਾਰੀਆਂ ਨੂੰ ਸਿਰਫ਼ ਬਹੁਤ ਜ਼ਰੂਰੀ ਹਾਲਤਾਂ ਵਿੱਚ ਹੀ ਨਿੱਜੀ ਤੌਰ 'ਤੇ ਹਾਜ਼ਰ ਹੋਣ ਦੀ ਇਜਾਜ਼ਤ ਮਿਲੇਗੀ। ਚੇਅਰਮੈਨ, ਐਮ.ਡੀ. ਅਤੇ ਸੀ.ਈ.ਓ. ਪੱਧਰ ਦੇ ਅਧਿਕਾਰੀਆਂ ਦੀਆਂ ਵਿਦੇਸ਼ੀ ਯਾਤਰਾਵਾਂ 'ਤੇ ਵੀ ਸਖ਼ਤੀ ਕੀਤੀ ਗਈ ਹੈ ਅਤੇ ਇਨ੍ਹਾਂ ਨੂੰ ਇੱਕ ਤੈਅ ਸੀਮਾ ਦੇ ਅੰਦਰ ਰੱਖਣ ਲਈ ਕਿਹਾ ਗਿਆ ਹੈ।

**ਇਲੈਕਟ੍ਰਿਕ ਵਾਹਨਾਂ ਨੂੰ ਅਪਣਾਉਣ 'ਤੇ ਜ਼ੋਰ**

ਮੰਤਰਾਲੇ ਨੇ ਪੈਟਰੋਲ ਅਤੇ ਡੀਜ਼ਲ ਵਾਹਨਾਂ ਦੀ ਵਰਤੋਂ ਘਟਾਉਣ ਲਈ ਪੜਾਅਵਾਰ ਤਰੀਕੇ ਨਾਲ ਇਲੈਕਟ੍ਰਿਕ ਵਾਹਨਾਂ ਨੂੰ ਅਪਣਾਉਣ ਦਾ ਨਿਰਦੇਸ਼ ਦਿੱਤਾ ਹੈ। ਬੈਂਕਾਂ ਅਤੇ ਸੰਸਥਾਵਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਮੁੱਖ ਦਫਤਰਾਂ ਅਤੇ ਸ਼ਾਖਾਵਾਂ ਵਿੱਚ ਕਿਰਾਏ 'ਤੇ ਲਈਆਂ ਗਈਆਂ ਪੁਰਾਣੀਆਂ ਗੱਡੀਆਂ ਦੀ ਥਾਂ ਇਲੈਕਟ੍ਰਿਕ ਕਾਰਾਂ ਦੀ ਵਰਤੋਂ ਵਧਾਉਣ।

**ਇਸ ਕਾਰਨ ਲਿਆ ਗਿਆ ਇਹ ਵੱਡਾ ਫੈਸਲਾ**

ਇਹ ਕਦਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਉਸ ਅਪੀਲ ਤੋਂ ਬਾਅਦ ਚੁੱਕਿਆ ਗਿਆ ਹੈ, ਜਿਸ ਵਿੱਚ ਉਨ੍ਹਾਂ ਨੇ ਸਰਕਾਰੀ ਸੰਸਥਾਵਾਂ ਨੂੰ ਖ਼ਰਚੇ ਘਟਾਉਣ ਅਤੇ ਸੰਜਮ ਵਰਤਣ ਲਈ ਕਿਹਾ ਸੀ। ਪੱਛਮੀ ਏਸ਼ੀਆ ਵਿੱਚ ਜਾਰੀ ਤਣਾਅ, ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਮਹਿੰਗਾਈ ਦੇ ਮੱਦੇਨਜ਼ਰ ਸਰਕਾਰ ਹੁਣ ਖ਼ਰਚਾ ਕੰਟਰੋਲ ਕਰਨ ਦੀ ਨੀਤੀ 'ਤੇ ਫੋਕਸ ਕਰ ਰਹੀ ਹੈ।

## ਖੇਤੀਬਾੜੀ ਮੰਤਰਾਲੇ ਦੇ ਅਧਿਕਾਰੀ ਇੱਕ ਸਾਲ ਤੱਕ

ਕੇਂਦਰੀ ਮੰਤਰੀ ਨੇ ਕਿਹਾ, ਖੇਤੀਬਾੜੀ ਤੇ ਪੇਂਡੂ ਵਿਕਾਸ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੇ ਸਮੂਹਿਕ ਤੌਰ 'ਤੇ ਅਗਲੇ ਇੱਕ ਸਾਲ ਤੱਕ ਸੋਨਾ ਨਾ ਖਰੀਦਣ ਦਾ ਫੈਸਲਾ ਕੀਤਾ ਹੈ। ਅਧਿਕਾਰੀਆਂ ਦੇ ਸਰਕਾਰੀ ਦੌਰੇ ਅਤੇ ਯਾਤਰਾਵਾਂ ਸੀਮਤ ਕੀਤੀਆਂ ਜਾਣਗੀਆਂ ਅਤੇ ਲੋੜ ਮੁਤਾਬਕ ਹੀ ਮਨਜ਼ੂਰੀ ਦਿੱਤੀ ਜਾਵੇਗੀ। ਕਿਸੇ ਥਾਂ 'ਤੇ ਖ਼ੁਦ ਜਾ ਕੇ ਕੀਤੇ ਜਾਣ ਵਾਲੇ ਦੌਰੇ ਸਿਰਫ਼ ਬਹੁਤ ਜ਼ਰੂਰੀ ਕੰਮਾਂ ਲਈ ਹੋਣਗੇ, ਜਦਕਿ ਬਾਕੀ ਸਾਰੇ ਕੰਮ ਅਤੇ ਮੀਟਿੰਗਾਂ ਵੀਡੀਓ ਕਾਨਫਰੰਸਿੰਗ (ਵਰਚੁਅਲ ਮਾਧਿਅਮ) ਰਾਹੀਂ ਹੀ ਕੀਤੀਆਂ ਜਾਣਗੀਆਂ।

ਚੌਹਾਨ ਨੇ ਕਿਹਾ ਕਿ 1 ਜੂਨ ਤੋਂ ਸ਼ੁਰੂ ਹੋ ਕੇ 15 ਦਿਨਾਂ ਤੱਕ ਦੇਸ਼ ਵਿਆਪੀ ਖੇਤ ਬਚਾਓ ਮੁਹਿੰਮ ਚਲਾਈ ਜਾਵੇਗੀ, ਜਿਸ ਦਾ ਉਦੇਸ਼ ਕਿਸਾਨਾਂ ਵਿੱਚ ਖਾਦਾਂ ਦੀ ਸੰਤੁਲਿਤ ਅਤੇ ਲੋੜੀਂਦੀ ਵਰਤੋਂ ਬਾਰੇ ਜਾਗਰੂਕਤਾ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਖੇਤੀਬਾੜੀ ਸੈਕਟਰ ਨਾਲ ਸਬੰਧਤ ਆਉਣ ਵਾਲੀਆਂ ਖੇਤਰੀ ਕਾਨਫਰੰਸਾਂ ਤਕਨਾਲੋਜੀ-ਅਧਾਰਤ ਪ੍ਰਭਾਵਸ਼ਾਲੀ ਸੰਚਾਰ ਅਤੇ ਤਾਲਮੇਲ ਨੂੰ ਉਤਸ਼ਾਹਿਤ ਕਰਨ ਲਈ ਵਰਚੁਅਲ ਪਲੇਟਫਾਰਮਾਂ ਰਾਹੀਂ ਆਯੋਜਿਤ ਕੀਤੀਆਂ ਜਾਣਗੀਆਂ। ਕੇਂਦਰੀ ਮੰਤਰੀ ਨੇ ਕਿਹਾ ਕਿ 20 ਫੀਸਦੀ ਮੁਲਾਜ਼ਮਾਂ ਲਈ ਰੋਟੇਸ਼ਨ (ਵਾਰੀ-ਵਾਰੀ) ਦੇ ਅਧਾਰ 'ਤੇ ਵਰਕ ਫਰਾਮ ਹੋਮ (ਘਰੋਂ ਕੰਮ ਕਰਨ) ਦੀ ਵਿਵਸਥਾ ਲਾਗੂ ਕੀਤੀ ਜਾਵੇਗੀ। ਉਨ੍ਹਾਂ ਕਿਹਾ, ਦਫ਼ਤਰਾਂ ਵਿੱਚ ਬਿਜਲੀ ਦੀ ਖਪਤ ਨੂੰ ਨਿਯੰਤਰਿਤ ਅਤੇ ਸੀਮਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਈਂਧਨ ਬਚਾਉਣ ਅਤੇ ਸਾਧਨਾਂ ਦੀ ਬਿਹਤਰ ਵਰਤੋਂ ਨੂੰ ਯਕੀਨੀ ਬਣਾਉਣ ਲਈ ਹਰ ਹਫ਼ਤੇ ਦੇ ਇੱਕ ਦਿਨ ਕਾਰਪੂਲਿੰਗ ਪ੍ਰਣਾਲੀ (ਗੱਡੀਆਂ ਸਾਂਝੀਆਂ ਕਰਨਾ) ਨੂੰ ਅਪਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਨੂੰ ਡਾਇਰੈਕਟਰ ਪੱਧਰ ਤੱਕ ਵਧਾਇਆ ਜਾਵੇਗਾ, ਨਾਲ ਹੀ ਮੰਤਰਾਲੇ ਦੇ ਅੰਦਰ ਲਗਪਗ ਇੱਕ-ਤਿਹਾਈ ਵਾਹਨਾਂ ਦੀ ਵਰਤੋਂ ਵਿੱਚ ਕਮੀ ਲਿਆਉਣ ਦਾ ਟੀਚਾ ਰੱਖਿਆ ਗਿਆ ਹੈ, ਜਿਸ ਦਾ ਉਦੇਸ਼ ਈਂਧਨ, ਵਾਹਨਾਂ ਦੀ ਦੇਖਭਾਲ, ਡਰਾਈਵਰਾਂ ਦੇ ਪ੍ਰਬੰਧਾਂ ਅਤੇ ਹੋਰ ਸਬੰਧਤ ਖਰਚਿਆਂ ਨੂੰ ਘਟਾਉਣਾ ਹੈ।

## ਪੰਜਾਬ ਨੇ ਬੇਅਦਬੀ ਖ਼ਿਲਾਫ ਸਖ਼ਤ ਕਾਨੂੰਨ

ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਹੁਣ ਆਪਣੀ ਸਾਰੀ ਉਮਰ ਜੇਲ੍ਹ ਵਿੱਚ ਬਿਤਾਉਣੀ ਪਵੇਗੀ। ਉਨ੍ਹਾਂ ਨੇ ਇਹ ਸਖ਼ਤ ਸੁਨੇਹਾ ਦਿੱਤਾ ਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਕੋਈ ਵੀ ਹਰਕਤ ਹੁਣ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਆਪਣੇ ਐਕਸ ਹੈਂਡਲ 'ਤੇ ਕੁਝ ਫੋਟੋਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਜ ਮੈਨੂੰ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਜਨਮ ਭੂਮੀ ਅਤੇ ਚਰਨ ਛੋਹ ਪ੍ਰਾਪਤ ਧਰਤੀ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੱਥਾ ਟੇਕਣ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਕਿਹਾ ਕਿ ਮੈਂ ਗੁਰੂ ਸਾਹਿਬ ਅੱਗੇ ਮੱਥਾ ਟੇਕਿਆ ਅਤੇ ਪੰਜਾਬ, ਪੰਜਾਬੀਆਂ ਤੇ ਸਮੁੱਚੀ ਸਿੱਖ ਸੰਗਤ ਦੀ ਖੁਸ਼ਹਾਲੀ, ਤੰਦਰੁਸਤੀ ਤੇ ਸਦਾ ਚੜ੍ਹਦੀ ਕਲਾ ਲਈ ਅਰਦਾਸ ਕੀਤੀ। ਮੈਂ ਗੁਰੂ ਸਾਹਿਬ ਦਾ ਦਿਲੋਂ ਧੰਨਵਾਦ ਵੀ ਕੀਤਾ ਕਿ ਉਨ੍ਹਾਂ ਨੇ ਸਾਨੂੰ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦਾ ਮੌਕਾ ਦੇ ਕੇ ਪਵਿੱਤਰ ਸਬਦ ਗੁਰੂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਦਾ ਸੁਭਾਗ ਬਖ਼ਸ਼ਿਆ। ਉਨ੍ਹਾਂ ਲਿਖਿਆ, "ਗੁਰੂ ਸਾਹਿਬ ਸਭਨਾਂ 'ਤੇ ਆਪਣੀ ਮਿਹਰ ਤੇ ਆਸ਼ੀਰਵਾਦ ਬਣਾ ਕੇ ਰੱਖਣ।"

ਮੱਥਾ ਟੇਕਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੈਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਜਨਮ ਅਸਥਾਨ ਤਖਤ ਸ੍ਰੀ ਹਰਿਮੰਦਰ ਜੀ (ਪਟਨਾ ਸਾਹਿਬ) ਵਿਖੇ ਮੱਥਾ ਟੇਕਣ ਦਾ ਸੁਭਾਗ ਪ੍ਰਾਪਤ ਹੋਇਆ। ਗੁਰੂ ਸਾਹਿਬ ਦੀ ਇਲਾਹੀ ਹਜ਼ੂਰੀ 'ਚ ਮੱਥਾ ਟੇਕ ਕੇ, ਮੈਂ ਪੰਜਾਬ, ਪੰਜਾਬੀਆਂ ਅਤੇ ਦੁਨੀਆ ਭਰ 'ਚ ਵਸਦੀ ਸਮੁੱਚੀ ਸਿੱਖ ਸੰਗਤ ਦੀ ਖੁਸ਼ਹਾਲੀ, ਤੰਦਰੁਸਤੀ ਅਤੇ ਸਦੀਵੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ।" ਮੁੱਖ ਮੰਤਰੀ ਨੇ ਕਿਹਾ ਕਿ ਸਿਰਫ਼ ਸਿੱਖ ਹੀ ਨਹੀਂ, ਸਗੋਂ ਹਰ ਮਨੁੱਖ ਨੂੰ ਸਾਡੇ ਮਹਾਨ ਗੁਰੂਆਂ ਦੇ ਆਸ਼ੀਰਵਾਦ ਵਾਲੀ ਪਵਿੱਤਰ ਧਰਤੀ ਤੋਂ ਸ਼ਕਤੀ ਅਤੇ ਪ੍ਰੇਰਨਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਮਨੁੱਖਤਾ ਨੂੰ ਸੱਚਾਈ, ਦਇਆ-ਭਾਵਨਾ ਅਤੇ ਵਿਸ਼ਵ-ਵਿਆਪੀ ਭਾਈਚਾਰੇ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੈਂ ਅਰਦਾਸ ਕੀਤੀ ਕਿ ਸੂਬੇ 'ਚ ਆਪਸੀ ਏਕਤਾ, ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਦੀਆਂ ਤੰਦਾਂ ਆਏ ਦਿਨ ਹੋਰ ਮਜ਼ਬੂਤ ਹੋਣ ਅਤੇ ਪੰਜਾਬ ਹਰ ਖੇਤਰ ਵਿੱਚ ਦੇਸ ਦੀ ਅਗਵਾਈ ਕਰਦਾ ਰਹੇ।" ਉਨ੍ਹਾਂ ਅੱਗੇ ਕਿਹਾ ਕਿ ਮੈਂ ਸੂਬੇ ਦੇ ਲੋਕਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਲਈ ਪੂਰੀ ਲਗਨ ਅਤੇ ਵਚਨਬੱਧਤਾ ਨਾਲ ਉਨ੍ਹਾਂ ਦੀ ਸੇਵਾ ਕਰਨ ਲਈ ਸਰਵ ਸ਼ਕਤੀਮਾਨ ਪ੍ਰਮਾਤਮਾ ਤੋਂ ਅਸ਼ੀਰਵਾਦ ਮੰਗਿਆ।

ਮੁੱਖ ਮੰਤਰੀ ਨੇ ਅੱਗੇ ਕਿਹਾ, "ਇਸ ਪਵਿੱਤਰ ਧਰਤੀ 'ਤੇ ਮੱਥਾ ਟੇਕਣ ਤੋਂ ਬਾਅਦ, ਮੈਂ ਨਵੀਂ ਤੇ ਵਿਲੱਖਣ ਊਰਜਾ ਮਹਿਸੂਸ ਕਰ ਰਿਹਾ ਹਾਂ। ਇਸ ਫੇਰੀ ਨੇ ਮੈਨੂੰ ਮਿਸ਼ਨਰੀ ਜੋਸ਼ ਨਾਲ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਲਈ ਨਵੇਂ ਉਤਸ਼ਾਹ ਅਤੇ ਹੌਸਲੇ ਨਾਲ ਭਰ ਦਿੱਤਾ ਹੈ।"

ਗੁਰੂ ਸਾਹਿਬ ਦਾ ਦਿਲੋਂ ਧੰਨਵਾਦ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਨੇ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾ ਕੇ ਪੂਰੇ ਦੇਸ਼ ਨੂੰ ਗੁਰੂ ਸਾਹਿਬਾਨ ਦੇ ਸਤਿਕਾਰ ਦੀ ਰਖਵਾਲੀ ਦਾ ਰਸਤਾ ਦਿਖਾਇਆ ਹੈ। ਉਨ੍ਹਾਂ ਕਿਹਾ, "ਗੁਰੂ ਸਾਹਿਬ ਨੇ ਸਾਨੂੰ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਬਣਾਉਣ ਦੀ ਸੇਵਾ ਬਖ਼ਸ਼ੀ ਹੈ। ਪਵਿੱਤਰ ਸਬਦ ਗੁਰੂ ਦੀ ਪਵਿੱਤਰਤਾ ਅਤੇ ਮਾਣ ਨੂੰ ਕਾਇਮ ਰੱਖਣਾ ਸਾਡਾ ਸਭ ਦਾ ਇਖਲਾਕੀ ਫ਼ਰਜ਼ ਹੈ।"

ਮੁੱਖ ਮੰਤਰੀ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਣ-ਮਰਿਆਦਾ ਨੂੰ ਕਾਇਮ ਰੱਖਣ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਉਮੀਦ ਪ੍ਰਗਟਾਈ ਕਿ ਗੁਰੂ ਸਾਹਿਬ ਇਸੇ ਤਰ੍ਹਾਂ ਸਭਨਾਂ 'ਤੇ ਆਪਣੀ ਅਪਾਰ-ਕਿਰਪਾ ਤੇ ਆਸ਼ੀਰਵਾਦ ਬਣਾ ਕੇ ਰੱਖਣਗੇ ਅਤੇ ਪੰਜਾਬ ਨੂੰ ਵਧੇਰੇ ਖੁਸ਼ਹਾਲੀ, ਸ਼ਾਂਤੀ ਅਤੇ ਰੰਗਲੇ ਪੰਜਾਬ ਦੇ ਮਾਰਗ ਵੱਲ ਲੈ ਜਾਣਗੇ।

ਇਸ ਮੌਕੇ ਮੁੱਖ ਮੰਤਰੀ ਨਾਲ ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਵੀ ਹਾਜ਼ਰ ਸਨ।

## 'ਮੋਦੀ ਸਰਕਾਰ ਨੇ ਦੇਸ਼ 'ਚ ਅਣਐਲਾਨਿਆ

ਅਰਥਵਿਵਸਥਾ ਦੇ ਅਸਲ ਹਾਲਾਤ ਲੁਕਾਏ ਜਾ ਰਹੇ ਹਨ। ਇਹ ਦੱਸਦਿਆਂ ਕਿ ਕੇਂਦਰ ਨੇ ਚੋਣਾਂ ਤੱਕ ਤੇਲ ਦੀਆਂ ਕੀਮਤਾਂ ਨੂੰ ਦਿਖਾਵੇ ਲਈ ਜਾਣ-ਬੁੱਝ ਕੇ ਸਥਿਰ ਰੱਖਿਆ, ਉਨ੍ਹਾਂ ਕਿਹਾ ਕਿ ਹੁਣ ਜਦੋਂ ਚੋਣਾਂ ਖਤਮ ਹੋ ਗਈਆਂ ਹਨ, ਤਾਂ ਨਾਗਰਿਕਾਂ 'ਤੇ ਇਸ ਦਾ ਬੋਝ ਪਾਇਆ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੰਗ ਕੀਤੀ ਕਿ ਕੇਂਦਰ ਸਰਕਾਰ ਦੇਸ਼ ਦੇ ਤੇਲ, ਗੈਸ ਅਤੇ ਸੋਨੇ ਦੇ ਭੰਡਾਰਾਂ ਦੀ ਅਸਲ ਸਥਿਤੀ ਦਾ ਜਨਤਕ ਤੌਰ 'ਤੇ ਖੁਲਾਸਾ ਕਰੇ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ (ਆਪ) ਇਹ ਯਕੀਨੀ ਬਣਾਏਗੀ ਕਿ ਪੰਜਾਬ ਵਿੱਚ ਵਿਸੇਸ ਤੀਬਰ ਸੋਧ (ਐਸ.ਆਈ.ਆਰ.) ਪ੍ਰਕਿਰਿਆ ਦੌਰਾਨ ਕਿਸੇ ਵੀ ਅਸਲ ਵੋਟਰ ਦਾ ਨਾਮ ਨਾ ਕੱਟਿਆ ਜਾਵੇ ਅਤੇ ਨਾ ਹੀ ਕਿਸੇ ਨਕਲੀ ਵੋਟਰ ਦਾ ਨਾਮ ਸ਼ਾਮਲ ਕੀਤਾ ਜਾਵੇ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 'ਤੇ ਬੋਲਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਕਾਨੂੰਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਸਬੰਧੀ ਸਖ਼ਤ ਸਜ਼ਾ ਯਕੀਨੀ ਬਣਾ ਕੇ ਦੁਨੀਆ ਭਰ ਦੀ ਸਿੱਖ ਸੰਗਤ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਾ ਕੀਤਾ ਹੈ।

ਪ੍ਰਧਾਨ ਮੰਤਰੀ ਮੋਦੀ ਨੂੰ ਦੇਸ ਦੀ ਅਸਲ ਆਰਥਿਕ ਸਥਿਤੀ ਬਾਰੇ ਸਭ ਨੂੰ ਦੱਸਣਾ ਚਾਹੀਦਾ ਹੈ।

## ਪੰਜਾਬ 'ਚ ਗਰਮੀ ਨੇ ਕੱਢੇ ਵੱਟ,

ਤਾਪਮਾਨ 43.1 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਪਠਾਨਕੋਟ ਵਿੱਚ ਸਭ ਤੋਂ ਵੱਧ ਤਾਪਮਾਨ 3.2 ਡਿਗਰੀ ਸੈਲਸੀਅਸ ਵਧਿਆ। ਅੰਮ੍ਰਿਤਸਰ ਵਿੱਚ 1.7 ਡਿਗਰੀ ਸੈਲਸੀਅਸ, ਲੁਧਿਆਣਾ ਵਿੱਚ 1.8 ਡਿਗਰੀ ਸੈਲਸੀਅਸ, ਪਟਿਆਲਾ ਵਿੱਚ 1.2 ਡਿਗਰੀ ਸੈਲਸੀਅਸ, ਬਠਿੰਡਾ ਵਿੱਚ 0.6 ਡਿਗਰੀ ਸੈਲਸੀਅਸ, ਫਾਜ਼ਿਲਕਾ ਵਿੱਚ 0.5 ਡਿਗਰੀ ਸੈਲਸੀਅਸ। ਫਰੀਦਕੋਟ ਵਿੱਚ 0.7 ਡਿਗਰੀ ਸੈਲਸੀਅਸ ਦੀ ਗਿਰਾਵਟ ਦਰਜ ਕੀਤੀ ਗਈ।

19 ਮਈ ਨੂੰ ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਲੁਧਿਆਣਾ, ਬਰਨਾਲਾ, ਮਾਨਸਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਕੁਝ ਖੇਤਰਾਂ ਵਿੱਚ ਹੀਟਵੇਵ ਦੀ ਸੰਭਾਵਨਾ ਹੈ। 20 ਮਈ ਨੂੰ ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਬਰਨਾਲਾ, ਮਾਨਸਾ, ਸੰਗਰੂਰ, ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਲੁਧਿਆਣਾ, ਫਤਿਹਗੜ੍ਹ ਸਾਹਿਬ, ਰੂਪਨਗਰ, ਪਟਿਆਲਾ ਅਤੇ ਐਸ.ਏ.ਐਸ. ਨਗਰ (ਮੋਹਾਲੀ) ਦੇ ਕੁਝ ਖੇਤਰਾਂ ਵਿੱਚ ਹੀਟਵੇਵ ਦੀ ਸੰਭਾਵਨਾ ਹੈ। 21 ਮਈ ਨੂੰ ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਬਰਨਾਲਾ, ਮਾਨਸਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਕੁਝ ਇਲਾਕਿਆਂ ਵਿੱਚ ਹੀਟ ਵੇਵ ਦੇ ਹਾਲਾਤ ਬਣ ਸਕਦੇ ਹਨ।

## ਮੋਦੀ ਸਵੀਡਨ ਦੇ ਸਰਵਉੱਚ ਸਨਮਾਨ

ਏਅਰਪੋਰਟ 'ਤੇ ਪਹੁੰਚੇ ਸਨ। ਪ੍ਰਧਾਨ ਮੰਤਰੀ ਦੇ ਸਵੀਡਨ ਦੇ ਹੋਟਲ

ਪਹੁੰਚਣ 'ਤੇ ਬੰਗਾਲੀ ਤਰੀਕੇ ਨਾਲ ਆਰਤੀ ਉਤਾਰੀ ਗਈ ਤੇ ਕਲਾਸੀਕਲ ਡਾਂਸ ਨਾਲ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਹ ਦੌਰਾਨ ਭਾਰਤ ਤੇ ਸਵੀਡਨ ਵਿਚ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦੇ ਲਿਹਾਜ਼ ਤੋਂ ਅਹਿਮ ਮੰਨਿਆ ਜਾ ਰਿਹਾ ਹੈ। ਇਸ ਦੌਰਾਨ ਵਪਾਰ, ਤਕਨੀਕ, ਰੱਖਿਆ ਤੇ ਗ੍ਰੀਨ ਐਨਰਜੀ ਵਰਗੇ ਕਈ ਮੁੱਦਿਆਂ 'ਤੇ ਚਰਚਾ ਹੋ ਸਕਦੀ ਹੈ। ਦੋਵਾਂ ਦੇਸ਼ਾਂ ਵਿਚ ਕਈ ਅਹਿਮ ਸਮਝੌਤਿਆਂ ਦੀ ਵੀ ਉਮੀਦ ਹੈ।

## ਮੋਦੀ ਨੂੰ ਮਿਲਿਆ ਨਾਰਵੇ ਦਾ ਸਰਵਉੱਚ ਸਨਮਾਨ

ਉਹ ਸੋਮਵਾਰ ਨੂੰ ਤੀਜੇ ਭਾਰਤ-ਨੋਰਡਿਕ ਸੰਮੇਲਨ ਅਤੇ ਦੁਵੱਲੀ ਬੈਠਕ ਲਈ ਨਾਰਵੇ ਦੀ ਰਾਜਧਾਨੀ ਓਸਲੋ ਪਹੁੰਚੇ, ਜਿੱਥੇ ਉਨ੍ਹਾਂ ਦਾ ਇਤਿਹਾਸਕ ਸਵਾਗਤ ਹੋਇਆ। ਜ਼ਿਕਰਯੋਗ ਹੈ ਕਿ ਪੂਰੇ 43 ਸਾਲਾਂ ਦੇ ਲੰਬੇ ਵਕਫ਼ੇ ਤੋਂ ਬਾਅਦ ਕੋਈ ਭਾਰਤੀ ਪ੍ਰਧਾਨ ਮੰਤਰੀ ਨਾਰਵੇ ਦੇ ਦੌਰੇ 'ਤੇ ਗਿਆ ਹੈ। ਇਸ ਇਤਿਹਾਸਕ ਫੇਰੀ ਨੂੰ ਲੈ ਕੇ ਨਾਰਵੇ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਵਿੱਚ ਭਾਰੀ ਉਤਸ਼ਾਹ ਅਤੇ ਖੁਸ਼ੀ ਦੀ ਲਹਿਰ ਦੇਖਣ ਨੂੰ ਮਿਲ ਰਹੀ ਹੈ।

ਪ੍ਰਧਾਨ ਮੰਤਰੀ ਦੀ ਇਹ ਯਾਤਰਾ ਸ਼ੁੱਕਰਵਾਰ, 15 ਮਈ ਨੂੰ ਸੰਯੁਕਤ ਅਰਬ ਅਮੀਰਾਤ ਤੋਂ ਸ਼ੁਰੂ ਹੋਈ ਸੀ। ਯੂਏਈ ਅਤੇ ਨੀਦਰਲੈਂਡਜ਼ ਦੇ ਦੌਰੇ ਤੋਂ ਬਾਅਦ ਉਹ ਨਾਰਵੇ ਪਹੁੰਚੇ ਹਨ। ਨਾਰਵੇ ਤੋਂ ਬਾਅਦ ਪੀਐਮ ਮੋਦੀ ਸਵੀਡਨ ਜਾਣਗੇ ਅਤੇ ਆਪਣੇ ਇਸ ਦੌਰੇ ਦੇ ਅੰਤ 'ਚ ਉਹ ਇਟਲੀ ਦੀ ਯਾਤਰਾ 'ਤੇ ਹੋਣਗੇ। ਨਾਰਵੇ ਸਰਕਾਰ ਵੱਲੋਂ ਦਿੱਤਾ ਗਿਆ ਇਹ ਸਨਮਾਨ ਭਾਰਤ ਲਈ ਇੱਕ ਬਹੁਤ ਵੱਡੀ ਉਪਲਬਧੀ ਮੰਨਿਆ ਜਾ ਰਿਹਾ ਹੈ।

# ਪਹਿਲੇ ਸਫ਼ੇ ਦੀ ਬਾਕੀ

## ਡੀ.ਜੀ.ਪੀ. ਵਿਜੀਲੈਂਸ ਦੇ ਰੀਡਰ ਰਾਣਾ ਵੱਲੋਂ

ਉਨ੍ਹਾਂ ਦੇ ਦਫ਼ਤਰ ਵਿੱਚ ਕਰਵਾਈ ਸੀ। ਦੋਸ਼ ਹੈ ਕਿ ਇਸ ਦੌਰਾਨ ਰਾਣਾ ਨੇ 'ਸਾਹਿਬ' ਲਈ 20 ਲੱਖ ਰੁਪਏ ਅਤੇ ਆਪਣੇ ਲਈ ਇੱਕ ਸੈਮਸੰਗ ਗਲੈਕਸੀ ਜ਼ੈੱਡ ਫੋਲਡ-7 ਮੋਬਾਈਲ ਫੋਨ ਦੀ ਮੰਗ ਕੀਤੀ ਸੀ।

ਇਸ ਰਿਸ਼ਵਤ ਦੇ ਸੌਦੇਬਾਜ਼ੀ ਦੀ ਪੂਰੀ ਗੱਲਬਾਤ ਚੰਡੀਗੜ੍ਹ ਵਿਖੇ ਹੋਈ ਸੀ। ਸੀ.ਬੀ.ਆਈ. ਦਾ ਦਾਅਵਾ ਹੈ ਕਿ ਬਾਕੀ ਮੁਲਜ਼ਮ ਪੰਜਾਬ ਵਿਜੀਲੈਂਸ ਦੇ ਸੀਨੀਅਰ ਅਧਿਕਾਰੀਆਂ ਅਤੇ ਡੀ.ਜੀ.ਪੀ. ਦੇ ਰੀਡਰ ਲਈ ਵਿਚੋਲੇ ਵਜੋਂ ਕੰਮ ਕਰ ਰਹੇ ਸਨ। ਉਹ ਆਪਣੇ ਰਸੂਖ਼ ਦੀ ਵਰਤੋਂ ਕਰਕੇ ਸ਼ਿਕਾਇਤਕਰਤਾ ਨੂੰ ਭਰੋਸਾ ਦੇ ਰਹੇ ਸਨ ਕਿ ਪੈਸੇ ਦੇਣ ਤੋਂ ਬਾਅਦ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਜਾਵੇਗਾ। ਓ.ਪੀ. ਰਾਣਾ ਨੇ ਵੀ ਰਿਸ਼ਵਤ ਦੀ ਰਕਮ ਮਿਲਣ ਤੋਂ ਬਾਅਦ ਸ਼ਿਕਾਇਤ ਬੰਦ ਕਰਵਾਉਣ ਦਾ ਭਰੋਸਾ ਦਿੱਤਾ ਸੀ। ਸੀ.ਬੀ.ਆਈ. ਮੁਤਾਬਕ, ਜਦੋਂ 13 ਲੱਖ ਰੁਪਏ ਦੀ ਨਕਦੀ ਅਤੇ ਮੋਬਾਈਲ ਫੋਨ ਸਣੇ ਦੂਜੇ ਮੁਲਜ਼ਮਾਂ ਨੂੰ ਰੰਗੇ ਹੱਥੀਂ ਕਾਬੂ ਕਰਨ ਲਈ ਜਾਲ ਵਿਛਾਇਆ ਗਿਆ, ਤਾਂ ਮੌਕੇ ਤੋਂ ਮੁਲਜ਼ਮ ਰਾਣਾ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਿਆ।

## ਈ.ਡੀ. ਵੱਲੋਂ 'ਆਪ' ਆਗੂ ਦੀਪਕ ਸਿੰਗਲਾ

ਕੇਜਰੀਵਾਲ ਨੇ 'ਆਪ' ਨੇਤਾ ਦੀਪਕ ਸਿੰਗਲਾ ਦੀ ਗ੍ਰਿਫ਼ਤਾਰੀ 'ਤੇ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਿੰਗਲਾ ਨੂੰ ਕਿਸੇ ਗਲਤ ਕੰਮ ਲਈ ਨਹੀਂ, ਸਗੋਂ ਭਾਜਪਾ ਵਿਰੁੱਧ ਬੋਲਣ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰਨ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ। ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ 'ਆਪ' ਨੇਤਾ ਦੀਪਕ ਸਿੰਗਲਾ ਦਾ ਸਮਰਥਨ ਕਰਦੇ ਹੋਏ ਇਹ ਵੀ ਕਿਹਾ, ਦੀਪਕ ਬਹਾਦਰ ਹੈ ਅਤੇ ਦੇਸ਼ ਲਈ ਲੜ ਰਿਹਾ ਹੈ।

ਦੀਪਕ ਸਿੰਗਲਾ ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਦਿੱਲੀ ਅਤੇ ਗੋਆ ਨਾਲ ਜੁੜੇ ਇੱਕ ਕਥਿਤ ਬੈਂਕ ਧੋਖਾਧੜੀ ਮਾਮਲੇ ਦੇ ਸਬੰਧ ਵਿੱਚ ਗ੍ਰਿਫ਼ਤਾਰ ਕੀਤਾ ਹੈ। ਰਿਪੋਰਟਾਂ ਮੁਤਾਬਕ ਉਨ੍ਹਾਂ ਦੇ ਨਿਵਾਸ ਸਥਾਨ ਅਤੇ ਹੋਰ ਅਹਾਤਿਆਂ 'ਤੇ ਛਾਪੇ ਸਵੇਰੇ 6:00 ਵਜੇ ਦੇ ਕਰੀਬ ਸ਼ੁਰੂ ਹੋਏ। ਇਹ ਪੂਰਾ ਮਾਮਲਾ ਮਹੇਸ਼ ਟਿੰਬਰ ਪ੍ਰਾਈਵੇਟ ਲਿਮਟਿਡ ਵਿਰੁੱਧ ਦਾਇਰ 155 ਕਰੋੜ ਰੁਪਏ ਦੇ ਬੈਂਕ ਧੋਖਾਧੜੀ ਮਾਮਲੇ ਨਾਲ ਸਬੰਧਤ ਹੈ। ਈ.ਡੀ. ਮੁਤਾਬਕ ਦੋਸ਼ੀ ਕੰਪਨੀਆਂ ਅਤੇ ਵਿਅਕਤੀਆਂ ਨੇ ਬੈਂਕਾਂ ਨਾਲ ਵੱਡੀ ਰਕਮ ਦੀ ਧੋਖਾਧੜੀ ਕੀਤੀ। ਦੀਪਕ ਤੋਂ ਇਲਾਵਾ, ਮਹੇਸ਼ ਸਿੰਗਲਾ ਅਤੇ ਅਮਰੀਕ ਗਿੱਲ ਦੇ ਨਾਮ ਵੀ ਇਸ ਮਾਮਲੇ ਵਿੱਚ ਸਾਹਮਣੇ ਆਏ ਹਨ। ਏਜੰਸੀ ਹੁਣ ਧੋਖਾਧੜੀ ਵਾਲੇ ਫੰਡਾਂ ਦੇ ਸਥਾਨਾਂ ਅਤੇ ਹੋਰ ਵਿਅਕਤੀਆਂ ਦੀ ਸ਼ਮੂਲੀਅਤ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ।

## ਲਖੀਮਪੁਰ ਖੀਰੀ 'ਚ ਟਰੱਕ ਤੇ ਵੈਨ ਦੀ ਟੱਕਰ ਦੌਰਾਨ 10 ਮੌਤਾਂ

ਮੈਜਿਸਟਰੇਟ ਅੰਜਨੀ ਕੁਮਾਰ ਸਿੰਘ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਵੈਨ ਦੀ ਸਾਹਮਣੇ ਦਿਸ਼ਾ ਤੋਂ ਆ ਰਹੇ ਟਰੱਕ ਨਾਲ ਟੱਕਰ ਹੋ ਗਈ, ਜਿਸ ਕਾਰਨ ਨੌਂ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਜ਼ਖ਼ਮੀ ਨੇ ਜ਼ਿਲ੍ਹਾ ਹਸਪਤਾਲ ਵਿੱਚ ਦਮ ਤੋੜ ਦਿੱਤਾ। ਸਰਕਲ ਅਫ਼ਸਰ ਸ਼ਮਸ਼ੇਰ ਬਹਾਦਰ ਸਿੰਘ ਨੇ ਦੱਸਿਆ, 'ਬਾਕੀ ਮ੍ਰਿਤਕਾਂ ਦੀ ਪਛਾਣ ਸਥਾਪਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ।' ਪੁਲਿਸ ਅਨੁਸਾਰ ਮ੍ਰਿਤਕਾਂ ਵਿੱਚੋਂ ਸੱਤ ਜਣਿਆਂ ਦੀ ਪਛਾਣ ਹੋ ਗਈ ਹੈ, ਜਿਨ੍ਹਾਂ ਵਿੱਚ ਜੈਦੀਪ ਸਿੰਘ (25), ਪਵਨ (23), ਸੋਹਨ (21), ਰਾਮ ਗੋਇਲ (42), ਸਹਿਜਰਾਮ (35), ਪੱਪੂ (18) ਜੋ ਕਿ ਸਾਰੇ ਬਹਿਰਾਇਚ ਜ਼ਿਲ੍ਹੇ ਦੇ ਨਿਵਾਸੀ ਸਨ ਅਤੇ ਅਦਨਾਨ ਖਾਨ (15), ਜੋ ਲਖੀਮਪੁਰ ਖੀਰੀ ਜ਼ਿਲ੍ਹੇ ਦਾ ਨਿਵਾਸੀ ਸੀ, ਸ਼ਾਮਲ ਹਨ।

ਇਸ ਹਾਦਸੇ 'ਤੇ ਦੁੱਖ ਪ੍ਰਗਟ ਕਰਦਿਆਂ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇੱਕ ਪੋਸਟ ਵਿੱਚ ਕਿਹਾ, 'ਲਖੀਮਪੁਰ ਖੀਰੀ ਜ਼ਿਲ੍ਹੇ ਵਿੱਚ ਵਾਪਰੇ ਮੰਦਭਾਗੇ ਸੜਕ ਹਾਦਸੇ ਵਿੱਚ ਜਾਨੀ ਨੁਕਸਾਨ ਬੇਹੱਦ ਦੁਖਦਾਈ ਅਤੇ ਦਿਲ ਦਹਿਲਾਉਣ ਵਾਲਾ ਹੈ। ਮੇਰੀਆਂ ਸੰਵੇਦਨਾਵਾਂ ਪੀੜਤ ਪਰਿਵਾਰਾਂ ਨਾਲ ਹਨ।' ਉਨ੍ਹਾਂ ਅੱਗੇ ਕਿਹਾ, 'ਮੈਂ ਸਥਾਨਕ ਪ੍ਰਸ਼ਾਸਨ ਨੂੰ ਜ਼ਖਮੀਆਂ ਅਤੇ ਪੀੜਤਾਂ ਨੂੰ ਤੁਰੰਤ ਅਤੇ ਉਚਿਤ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਹਨ। ਮੈਂ ਭਗਵਾਨ ਸ਼੍ਰੀ ਰਾਮ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਜ਼ਖਮੀਆਂ ਨੂੰ ਜਲਦੀ ਸਿਹਤਯਾਬੀ ਪ੍ਰਦਾਨ ਕਰਨ।'

ਇਸ ਦੇ ਨਾਲ ਹੀ ਉਪ ਮੁੱਖ ਮੰਤਰੀਆਂ ਕੇਸ਼ਵ ਪ੍ਰਸਾਦ ਮੌਰਿਆ ਅਤੇ ਬ੍ਰਜੇਸ਼ ਪਾਠਕ ਨੇ ਵੀ ਇਸ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਮੌਰਿਆ ਨੇ ਕਿਹਾ, 'ਲਖੀਮਪੁਰ ਖੀਰੀ ਜ਼ਿਲ੍ਹੇ ਵਿੱਚ ਹੋਏ ਸੜਕ ਹਾਦਸੇ ਕਾਰਨ ਹੋਈਆਂ ਮੌਤਾਂ ਬੇਹੱਦ ਦੁਖਦਾਈ ਅਤੇ ਦਿਲ ਨੂੰ ਝੰਜੋੜਨ ਵਾਲੀਆਂ ਹਨ। ਮੇਰੀਆਂ ਡੂੰਘੀਆਂ ਸੰਵੇਦਨਾਵਾਂ ਸੋਗ ਪੀੜਤ ਪਰਿਵਾਰਾਂ ਦੇ ਨਾਲ ਹਨ।'

## ਸਰਕਾਰ ਦੇ 'ਸਤਿਕਾਰ ਸੋਧ ਐਕਟ' 'ਚ

ਵਾਲੇ ਬੁਲਾਰਿਆਂ ਨੇ ਇਕ ਸੁਰ ਵਿਚ ਕਿਹਾ ਕਿ ਸਰਕਾਰ ਵਲੋਂ ਬਣਾਇਆ ਗਿਆ ਇਹ ਐਕਟ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਨਾਲੋਂ ਵੱਧ ਸਿੱਖ ਗੁਰਦੁਆਰਾ ਪ੍ਰਬੰਧ, ਸਿੱਖ ਰਹਿਤ ਮਰਯਾਦਾ ਅਤੇ ਗੁਰੂ-ਘਰਾਂ ਨਾਲ ਜੁੜੇ ਸੇਵਾਦਾਰ ਧਿਰ ਦੀ ਜ਼ਿੰਮੇਵਾਰੀ ਤੈਅ ਕਰਨ ਵੱਲ ਵਧੇਰੇ ਕੇਂਦਰਿਤ ਦਿਖਾਈ ਦਿੰਦਾ ਹੈ। ਉਨ੍ਹਾਂ ਆਖਿਆ ਕਿ ਸਿੱਖ ਪੰਥ ਦੇ ਅੰਦਰੂਨੀ ਮਾਮਲਿਆਂ ਵਿਚ ਸਰਕਾਰੀ ਦਖਲ ਸਿੱਖਾਂ ਦੀ ਕੌਮੀ ਚੁਣੌਤੀ ਬਣ ਕੇ ਸਾਹਮਣੇ ਆਇਆ ਹੈ, ਜਿਸ ਦਾ ਡੱਟ ਕੇ ਮੁਕਾਬਲਾ ਕੀਤਾ ਜਾਵੇਗਾ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਹਾਨੀ ਆਭਾ-ਮੰਡਲ ਨੂੰ ਦੁਨਿਆਵੀ ਕਾਨੂੰਨ ਅਧੀਨ ਲਿਆਉਣ ਦੀ ਸਰਕਾਰੀ ਸਾਜ਼ਿਸ਼ ਇਕ ਕੌਮੀ ਚੁਣੌਤੀ ਬਣ ਗਈ ਹੈ, ਜਿਸ ਦਾ ਮੁਕਾਬਲਾ ਸਾਰੀਆਂ ਧੜੇਬੰਦੀਆਂ ਤੋਂ ਉੱਪਰ ਉੱਠ ਕੇ ਇਕਮੁੱਠਤਾ ਨਾਲ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਬੇਅਦਬੀਆਂ ਨੂੰ ਰੋਕਣ ਦੇ ਕਾਨੂੰਨ ਦੇ ਨਾਮ 'ਤੇ ਸਿਆਸੀ ਦਾਅ ਖੇਡ ਕੇ ਪੰਜਾਬ ਦੇ ਹੋਰ ਸਾਰੇ ਤਰਜੀਹੀ ਮੁੱਦੇ ਅਣਗੌਲੇ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਿੱਖ ਕੌਮ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇਣ ਦੇ ਖਿਲਾਫ ਨਹੀਂ, ਪਰ ਐਕਟ ਅੰਦਰ ਸ਼ਾਮਲ ਉਹ ਮੱਦਾਂ ਜਿਹੜੀਆਂ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ, ਉਨ੍ਹਾਂ ਨੂੰ ਤੁਰੰਤ ਹਟਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਟਕਰਾਅ ਦੀ ਬਜਾਏ ਸਿੱਖ ਭਾਵਨਾਵਾਂ ਅਤੇ ਪੰਥਕ ਮਰਯਾਦਾ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਐਕਟ ਨੂੰ ਲੈ ਕੇ ਮੁੱਖ ਮੰਤਰੀ ਵਲੋਂ ਕੀਤੇ ਜਾ ਰਹੇ ਕੁਝ ਦਾਅਵੇ ਕਾਨੂੰਨੀ ਲਿਖਤ ਨਾਲ ਮੇਲ ਨਹੀਂ ਖਾਂਦੇ, ਜਿਸ ਨਾਲ ਸਿੱਖ ਸੰਗਤ ਅੰਦਰ ਹੋਰ ਸ਼ੰਕੇ ਪੈਦਾ ਹੋ ਰਹੇ ਹਨ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਸਰਕਾਰਾਂ ਸਿੱਖਾਂ ਦੀ ਵਿਲੱਖਣ ਪਛਾਣ ਨੂੰ ਢਾਹ ਲਾਉਣ ਦੀ ਕੋਸ਼ਿਸ਼ ਵਿਚ ਹਨ ਅਤੇ ਇਸੇ ਦਿਸ਼ਾ ਵਿਚ ਬੇਅਦਬੀ ਦੇ ਵਿਰੁੱਧ ਕਥਿਤ ਕਾਨੂੰਨ ਵੀ ਮਿੱਠੇ ਵਿਚ ਲਬੇੜ ਕੇ ਜ਼ਹਿਰ ਦੇਣ ਵਰਗੀ ਕਾਰਵਾਈ ਸਾਬਤ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਦੇ ਬਹਾਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੂਹਾਨੀ ਅਜ਼ਮਤ ਨੂੰ ਕਾਨੂੰਨੀ ਦਾਇਰੇ ਵਿਚ ਬੰਨ੍ਹਣ ਦੀ ਕੋਸ਼ਿਸ਼ ਬੇਹੱਦ ਘਿਨਾਉਣੀ ਹੈ ਤੇ ਇਸ ਕਾਨੂੰਨ ਦੇ ਨੁਕਸਾਨਦੇਹ ਸਿੱਟੇ ਭਵਿੱਖ ਵਿਚ ਪੰਥ ਨੂੰ ਭੁਗਤਣੇ ਪੈਣਗੇ। ਉਨ੍ਹਾਂ ਕਿਹਾ ਕਿ ਦੁਨੀਆ ਦੀ ਕੋਈ ਵੀ ਸਰਕਾਰ ਕਿਸੇ ਵੀ ਧਰਮ ਦੇ ਅੰਦਰੂਨੀ ਮਾਮਲਿਆਂ ਵਿਚ ਉਸ ਧਰਮ ਦੀ ਮਰਜ਼ੀ ਦੇ ਉਲਟ ਕੋਈ ਕਾਨੂੰਨ ਨਹੀਂ ਬਣਾ ਸਕਦੀ ਪਰ ਪੰਜਾਬ ਸਰਕਾਰ ਨੇ ਸਿੱਖਾਂ ਦੀ ਸਹਿਮਤੀ ਤੋਂ ਬਗੈਰ ਨਾ-ਸਿਰਫ਼ ਕਾਨੂੰਨ ਹੀ ਬਣਾਇਆ ਬਲਕਿ ਸਿੱਖ ਰਹਿਤ ਮਰਿਆਦਾ ਨੂੰ ਵੀ ਕਾਨੂੰਨੀ ਵਿਆਖਿਆ ਅਧੀਨ ਲਿਆਉਣ ਦੀ ਕੋਝੀ ਹਰਕਤ ਕੀਤੀ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਸਰਕਾਰ ਅਤੇ ਉਸ ਦੇ ਮੂੰਹਬੋਲੇ ਬੁਲਾਰੇ ਸਮਝ ਲੈਣ ਕਿ ਸਿੱਖਾਂ ਵੱਲੋਂ ਅਜਿਹੇ ਕਿਸੇ ਵੀ ਕਾਨੂੰਨ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਕਾਨੂੰਨ ਦੇ ਭੈਅ ਨਾਲ ਆਮ ਸਿੱਖ ਸਾਧਕ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਹਾਨੀ ਗਿਆਨ ਤੋਂ ਵਾਂਝੇ ਕਰਨ ਦੀ ਡੂੰਘੀ ਸਾਜ਼ਿਸ਼ ਹੈ, ਜਿਸ ਨੂੰ ਸਿੱਖ ਕਿਸੇ ਵੀ ਕੀਮਤ 'ਤੇ ਕਾਮਯਾਬ ਨਹੀਂ ਹੋਣ ਦੇਣਗੇ।

ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਟੇਕ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਜਾਣ-ਬੁੱਝ ਕੇ ਸਾਜ਼ਿਸ਼ ਤਹਿਤ 'ਜਾਗਤ-ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਬਿਲ-2026' ਦਾ ਖਰੜਾ ਅੰਗਰੇਜ਼ੀ ਭਾਸ਼ਾ ਵਿਚ ਪਾਸ ਕੀਤਾ ਹੈ ਤਾਂ ਜੋ ਆਮ ਸਿੱਖ ਸੰਗਤ ਨੂੰ ਗੁੰਮਰਾਹ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਕਾਨੂੰਨ ਵਿਚ ਬੇਅਦਬੀ ਦੇ ਨਾਬਾਲਗ ਜਾਂ ਮਾਨਸਿਕ ਰੋਗੀ ਦੋਸ਼ੀਆਂ ਦੇ ਵਾਰਿਸਾਂ ਦੀ ਜਵਾਬਦੇਹੀ ਤੈਅ ਕਰਨ ਦੀ ਬਜਾਇ ਉਲਟਾ ਗ੍ਰੰਥੀ ਸਿੰਘਾਂ, ਪ੍ਰਚਾਰਕਾਂ ਤੇ ਗੁਰਦੁਆਰਾ ਕਮੇਟੀਆਂ ਨੂੰ ਕਟਹਿਰੇ ਵਿਚ ਖੜ੍ਹਾ ਕਰਨਾ ਨਿਦਣਯੋਗ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਹੀ ਪੰਥ ਵਿਚ ਗ੍ਰੰਥੀ ਸਿੰਘ ਬਣਨ ਲਈ ਨਵੀਂ ਪੀੜ੍ਹੀ ਅੰਦਰ ਉਦਾਸੀਨਤਾ ਹੈ ਤੇ ਅਜਿਹਾ ਗੁੰਮਰਾਹਕੁੰਨ ਕਾਨੂੰਨ ਆਪਣੀਆਂ ਕੁਝ ਵਿਵਾਦਤ ਮੱਦਾਂ ਕਾਰਨ ਸਿੱਖਾਂ ਨੂੰ ਆਪਣੇ ਸ਼ਬਦ ਗੁਰੂ ਨਾਲੋਂ ਤੋੜਨ ਦਾ ਕਾਰਨ ਬਣੇਗਾ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਅੜੀ ਛੱਡਣੀ ਪਵੇਗੀ ਅਤੇ ਪੰਥ ਦੀਆਂ ਭਾਵਨਾਵਾਂ ਅੱਗੇ ਝੁਕਣਾ ਪਵੇਗਾ।

ਉਨ੍ਹਾਂ ਕਿਹਾ ਕਿ ਕਾਨੂੰਨ ਦੀਆਂ ਕੁਝ ਮੱਦਾਂ ਕਾਰਨ ਸੰਗਤ ਵਿਚ ਡਰ ਤੇ ਦੁਬਿਧਾ ਦੀ ਸਥਿਤੀ ਬਣ ਰਹੀ ਹੈ, ਜਿਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਲੋਕ ਆਪਣੇ ਘਰਾਂ ਵਿਚ ਰੱਖੇ ਗੁਟਕਾ ਸਾਹਿਬ ਤੇ ਧਾਰਮਿਕ ਸਰੂਪ ਗੁਰਦੁਆਰਾ ਸਾਹਿਬਾਨ ਵਿੱਚ ਜਮ੍ਹਾ ਕਰਵਾਉਣ ਲਈ ਮਜਬੂਰ ਹੋ ਰਹੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਇਹ ਹਾਲਾਤ ਸਿੱਖੀ ਦੇ ਪ੍ਰਚਾਰ ਅਤੇ ਘਰ-ਘਰ ਗੁਰਬਾਣੀ ਪਹੁੰਚਾਉਣ ਦੇ ਮਿਸ਼ਨ ਲਈ ਘਾਤਕ ਸਾਬਤ ਹੋ ਸਕਦੇ ਹਨ।

ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਸਿੱਖ ਚਿੰਤਕ ਤਲਵਿੰਦਰ ਸਿੰਘ ਬੁੱਟਰ, ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਰਟੌਲ, ਪ੍ਰੋ. ਸੁਖਵਿੰਦਰ ਸਿੰਘ, ਇੰਦਰਜੀਤ ਸਿੰਘ ਬਾਬਾ ਬਕਾਲਾ ਤੇ ਸੰਤ ਮਹਾਂਵੀਰ ਸਿੰਘ ਤਾਜੇਵਾਲਾ ਨੇ ਵੀ ਸੰਬੋਧਨ ਕਰਦਿਆਂ ਸਤਿਕਾਰ ਸੋਧ ਕਾਨੂੰਨ ਨੂੰ ਸਿੱਖਾਂ ਤੇ ਸ਼ਬਦ ਗੁਰੂ ਵਿਚਾਲੇ ਸਰਕਾਰੀ ਨਿਗਰਾਨੀ ਵਾਲਾ ਯਤਨ ਕਰਾਰ ਦਿੰਦਿਆਂ ਸੰਗਤ ਨੂੰ ਜਾਗਰੂਕ ਹੋ ਕੇ ਇਸ ਵਿਚਲੀਆਂ ਦੋਸ਼ਪੂਰਨ ਮੱਦਾਂ ਦਾ ਖੁੱਲ੍ਹ ਕੇ ਵਿਰੋਧ ਕਰਨ ਦੀ ਗੱਲ ਆਖੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸ਼੍ਰੋਮਣੀ ਕਮੇਟੀ ਮੈਂਬਰ ਅਵਤਾਰ ਸਿੰਘ ਰਿਆ, ਸ਼੍ਰੋਮਣੀ ਕਮੇਟੀ ਮੈਂਬਰ ਹਰਪਾਲ ਸਿੰਘ ਜੱਲ੍ਹਾ, ਸੀਨੀਅਰ ਅਕਾਲੀ ਆਗੂ ਹੀਰਾ ਸਿੰਘ ਗਾਬੜੀਆ, ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਮੀਤ ਸਕੱਤਰ ਸੁਖਬੀਰ ਸਿੰਘ, ਡਾ. ਸੁਖਬੀਰ ਸਿੰਘ, ਬਾਬਾ ਅਮਰਜੀਤ ਸਿੰਘ ਹਰਖੋਵਾਲ, ਬਾਬਾ ਸੰਤੋਖ਼ ਸਿੰਘ, ਸਿੱਖ ਮਿਸ਼ਨਰੀ ਕਾਲਜ ਸਾਹਿਬਜ਼ਾਦਾ ਜੁਝਾਰ ਸਿੰਘ ਨਗਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਬਾਬਾ ਅਜੀਤ ਸਿੰਘ, ਸਮੁੱਚੀਆਂ ਸਭਾਵਾਂ ਲੁਧਿਆਣਾ, ਕਬੀਰ ਪੰਥੀ ਬਾਬਾ ਭੋਲਾ ਨਾਥ, ਨਿਰਮਲ ਕੁਟੀਆ ਜੌਹਲਾਂ, ਜਥੇਦਾਰ ਰਣਜੀਤ ਸਿੰਘ ਕਾਹਲੋਂ ਕਰਤਾਰਪੁਰ, ਬੀਬੀ ਦਵਿੰਦਰ ਕੌਰ ਕਾਲਰਾ ਆਦਮਪੁਰ, ਕਵਲਜੀਤ ਸਿੰਘ ਮੈਨੇਜਰ ਗੁਰਦੁਆਰਾ ਗੰਗਸਰ ਸਾਹਿਬ, ਕਰਤਾਰਪੁਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਤਲਵੰਡੀ ਸੱਲਾ, ਵਧੀਕ ਮੈਨੇਜਰ ਹਰਦੇਵ ਸਿੰਘ ਐਡਵੋਕੇਟ, ਮੈਨੇਜਰ ਗੁਰਦੀਪ ਸਿੰਘ ਕੰਗ, ਮੈਨੇਜਰ ਅਮਰਜੀਤ ਸਿੰਘ ਤੇ ਮੈਨੇਜਰ ਸੁਖਬੀਰ ਸਿੰਘ ਆਦਿ ਵੀ ਹਾਜ਼ਰ ਸਨ। ਮੰਚ ਸੰਚਾਲਨ ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ ਨੇ ਬਾਖੂਬ ਕੀਤਾ।

## ਪੀ.ਆਰ.ਟੀ.ਸੀ. ਕਰਮਚਾਰੀਆਂ ਦੀ ਹੜਤਾਲ ਟਲੀ

ਕੀਤੀ ਜਾਵੇਗੀ। ਨਵੰਬਰ, 2025 ਦੇ ਅੰਦੋਲਨ ਦੌਰਾਨ ਪਟਿਆਲਾ ਅਤੇ ਸੰਗਰੂਰ ਵਿੱਚ ਗ੍ਰਿਫ਼ਤਾਰ ਕੀਤੇ ਗਏ ਯੂਨੀਅਨ ਕਰਮਚਾਰੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਯੂਨੀਅਨ ਦਾ ਦੋਸ਼ ਹੈ ਕਿ ਸਮਝੌਤੇ ਦੇ ਬਾਵਜੂਦ, ਉਨ੍ਹਾਂ ਦੇ ਸਾਥੀਆਂ ਨੂੰ ਅਜੇ ਤੱਕ ਰਿਹਾਅ ਨਹੀਂ ਕੀਤਾ ਗਿਆ ਹੈ। ਵਿਭਾਗ ਵਿੱਚ ਲੰਬੇ ਸਮੇਂ ਤੋਂ ਠੇਕੇ ਅਤੇ ਆਊਟਸੋਰਸਿੰਗ ਦੇ ਆਧਾਰ 'ਤੇ ਕੰਮ ਕਰ ਰਹੇ ਲਗਭਗ 8,200 ਕਰਮਚਾਰੀਆਂ ਨੂੰ ਰੈਗੂਲਰ (ਸਥਾਈ) ਕੀਤਾ ਜਾਣਾ ਚਾਹੀਦਾ ਹੈ। ਕਿਲੋਮੀਟਰ ਸਕੀਮ ਤਹਿਤ ਪ੍ਰਾਈਵੇਟ ਬੱਸਾਂ ਕਿਰਾਏ 'ਤੇ ਲੈਣ ਲਈ ਚੱਲ ਰਹੀ ਟੈਂਡਰ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਰੱਦ ਕੀਤਾ ਜਾਣਾ ਚਾਹੀਦਾ ਹੈ। ਯੂਨੀਅਨ ਆਗੂਆਂ ਨੇ ਸਪੱਸ਼ਟ ਕੀਤਾ ਹੈ ਕਿ ਜੇ ਸਰਕਾਰ ਨਾਲ ਇਸ ਉੱਚ ਪੱਧਰੀ ਮੀਟਿੰਗ ਨਾਲ ਉਨ੍ਹਾਂ ਦੀਆਂ ਮੰਗਾਂ ਦਾ ਕੋਈ ਠੋਸ ਅਤੇ ਸਕਾਰਾਤਮਕ ਹੱਲ ਨਹੀਂ ਨਿਕਲਦਾ ਹੈ, ਤਾਂ ਉਹ ਰਾਜ ਵਿਆਪੀ ਅਣਮਿੱਥੇ ਸਮੇਂ ਲਈ ਹੜਤਾਲ ਕਰਨ ਲਈ ਮਜਬੂਰ ਹੋਣਗੇ।

## 5.50 ਲੱਖ ਦੀ ਜਾਅਲੀ ਕਰੰਸੀ ਸਮੇਤ

ਐਨਡੀਪੀਐਸ ਐਕਟ ਨਾਲ ਸਬੰਧਤ ਇੱਕ ਐਫਆਈਆਰ ਦਰਜ ਹੈ।

ਡੀਜੀਪੀ ਨੇ ਕਿਹਾ ਕਿ ਇਸ ਨੈੱਟਵਰਕ ਦੇ ਅਗਲੇ-ਪਿਛਲੇ ਸਬੰਧਾਂ ਦਾ ਪਰਦਾਫਾਸ਼ ਕਰਨ ਲਈ ਹੋਰ ਜਾਂਚ ਜਾਰੀ ਹੈ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਏਆਈਜੀ ਸੀਆਈ ਪਟਿਆਲਾ ਡਾ. ਸਿਮਰਤ ਕੌਰ ਨੇ ਦੱਸਿਆ ਕਿ ਸੀਆਈ ਯੂਨਿਟ ਮਾਲੇਰਕੋਟਲਾ ਦੀ ਟੀਮ ਵੱਲੋਂ ਕੀਤੀ ਗਈ ਕਾਰਵਾਈ ਦੌਰਾਨ ਦੋ ਸ਼ੱਕੀ ਵਿਅਕਤੀਆਂ – ਨਾਜ਼ਰ ਖਾਨ ਅਤੇ ਰਾਜ ਮੁਹੰਮਦ – ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 4 ਲੱਖ ਰੁਪਏ ਦੇ ਜਾਅਲੀ ਭਾਰਤੀ ਕਰੰਸੀ ਨੋਟ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ ਹੋਰ ਜਾਂਚ ਦੌਰਾਨ, ਦੋ ਹੋਰ ਮੁਲਜ਼ਮਾਂ – ਮੁਖਤਿਆਰ ਸਿੰਘ ਉਰਫ਼ ਗੁਰਜੀਤ ਸਿੰਘ ਅਤੇ ਆਸਿਫ਼ ਅਲੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.5 ਲੱਖ ਰੁਪਏ ਦੇ ਹੋਰ ਜਾਅਲੀ ਭਾਰਤੀ ਕਰੰਸੀ ਨੋਟ ਬਰਾਮਦ ਕੀਤੇ ਗਏ।

ਏਆਈਜੀ ਨੇ ਕਿਹਾ ਕਿ ਅਗਲੇਰੀ ਜਾਂਚ ਦੌਰਾਨ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਇਸ ਸਬੰਧੀ, ਐਫਆਈਆਰ ਨੰਬਰ 159 ਮਿਤੀ 17.05.2026 ਨੂੰ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 179 ਅਤੇ 180 ਤਹਿਤ ਮਾਲੇਰਕੋਟਲਾ ਦੇ ਥਾਣਾ ਅਮਰਗੜ੍ਹ ਵਿਖੇ ਦਰਜ ਕੀਤੀ ਗਈ ਹੈ।

## ਕੇਰਲਾ ਦੇ ਮੁੱਖ ਮੰਤਰੀ ਵਜੋਂ ਵੀ.ਡੀ. ਸਤੀਸ਼ਨ ਨੇ 20

ਮੰਤਰੀਆਂ ਵਜੋਂ ਸਹੁੰ ਚੁੱਕੀ। ਸਹੁੰ ਚੁੱਕ ਸਮਾਗਮ ਵਿੱਚ ਕਾਂਗਰਸ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀ ਵੀ ਮੌਜੂਦ ਸਨ। ਵੀ.ਡੀ. ਸਤੀਸ਼ਨ ਛੇ ਵਾਰ ਵਿਧਾਇਕ ਹਨ ਅਤੇ ਕੇਰਲਾ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਸੇਵਾ ਨਿਭਾ ਚੁੱਕੇ ਹਨ। ਉਹ ਪਹਿਲੀ ਵਾਰ 2001 ਵਿੱਚ ਵਿਧਾਨ ਸਭਾ ਲਈ ਚੁਣੇ ਗਏ ਸਨ ਅਤੇ ਉਦੋਂ ਤੋਂ ਪਰਾਵੂਰ ਵਿਧਾਨ ਸਭਾ ਹਲਕੇ ਤੋਂ ਹਰ ਚੋਣ ਜਿੱਤ ਚੁੱਕੇ ਹਨ। ਯੂ.ਡੀ.ਏ.ਐਫ. ਗਠਜੋੜ ਨੇ 140 ਮੈਂਬਰੀ ਕੇਰਲਾ ਵਿਧਾਨ ਸਭਾ ਵਿੱਚ 102 ਸੀਟਾਂ ਜਿੱਤੀਆਂ ਹਨ।

## ਸਿੱਕਮ 'ਚ ਇੱਕ ਜੂਨ ਤੋਂ ਲਾਗੂ

ਇਸ ਤੋਂ ਪਹਿਲਾਂ, ਸਿੱਕਿਮ ਵਿੱਚ ਕੋਈ ਖ਼ਾਸ ਨਿਯਮ ਨਾ ਹੋਣ ਕਾਰਨ, ਸਿੱਖ ਜੋੜਿਆਂ ਨੂੰ ਮਜਬੂਰਨ ਆਪਣੇ ਵਿਆਹ 'ਹਿੰਦੂ ਮੈਰਿਜ ਐਕਟ 1955' ਦੇ ਤਹਿਤ ਰਜਿਸਟਰ ਕਰਵਾਉਣੇ ਪੈਂਦੇ ਸਨ।

ਕੇਂਦਰੀ ਕਾਨੂੰਨ ਮੰਤਰਾਲੇ ਵੱਲੋਂ 14 ਮਈ ਨੂੰ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੇ ਮੁਤਾਬਕ, ਕੇਂਦਰ ਸਰਕਾਰ ਨੇ 1 ਜੂਨ, 2026 ਦੀ ਤਾਰੀਖ਼ ਤੈਅ ਕੀਤੀ ਹੈ, ਜਿਸ ਦਿਨ ਤੋਂ ਅਨੰਦ ਮੈਰਿਜ ਐਕਟ 1909 ਦੇ ਸਾਰੇ ਪ੍ਰਾਵਧਾਨ ਸਿੱਕਿਮ ਸੂਬੇ ਵਿੱਚ ਲਾਗੂ ਹੋ ਜਾਣਗੇ। ਇਹ ਫੈਸਲਾ ਉਦੋਂ ਲਿਆ ਗਿਆ ਜਦੋਂ ਸਿੱਕਮ ਸਰਕਾਰ ਨੇ ਆਪਣੇ ਸਥਾਨਕ ਪੱਧਰ 'ਤੇ ਵਿਆਹ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਲਈ 'ਸਿੱਕਮ ਅਨੰਦ ਮੈਰਿਜ ਰਜਿਸਟ੍ਰੇਸ਼ਨ ਰੂਲਜ਼, 2026' ਨੂੰ ਤਿਆਰ ਕਰਕੇ ਨੋਟੀਫਾਈ ਕਰ ਦਿੱਤਾ।

## ਸਾਸਾਰਾਮ 'ਚ ਯਾਤਰੀ ਰੇਲ ਨੂੰ ਲੱਗੀ ਅੱਗ

ਹੋਏ ਹਨ। ਘਟਨਾ ਦੀ ਜਾਣਕਾਰੀ ਤੁਰੰਤ ਰੇਲਵੇ ਮੁਲਾਜ਼ਮਾਂ ਨੂੰ ਦਿੱਤੀ ਗਈ। ਫੌਰਨ ਮੌਕੇ 'ਤੇ ਆਰ.ਪੀ.ਐਫ. ਤੇ ਫਾਇਰ ਬ੍ਰਿਗੇਡ ਦੀਆਂ ਟੀਮਾਂ ਪਹੁੰਚੀਆਂ ਤੇ ਅੱਗ 'ਤੇ ਕਾਬੂ ਪਾਇਆ ਗਿਆ।

ਸਾਰੇ ਯਾਤਰੀਆਂ ਨੂੰ ਬੋਗੀ ਤੋਂ ਸੁਰੱਖਿਅਤ ਬਾਹਰ ਕੱਢ ਲਿਆ ਗਿਆ ਹੈ ਤੇ ਕਿਸੇ ਦੇ ਵੀ ਜ਼ਖਮੀ ਹੋਣ ਦੀ ਸੂਚਨਾ ਨਹੀਂ ਹੈ। ਜਿਸ ਬੋਗੀ ਨੂੰ ਅੱਗ ਲੱਗੀ ਸੀ ਉਸ ਨੂੰ ਟ੍ਰੇਨ ਤੋਂ ਵੱਖ ਕਰ ਦਿੱਤਾ ਗਿਆ ਹੈ। ਇਸ ਦੇ ਬਾਅਦ ਟ੍ਰੇਨ ਆਪ੍ਰੇਸ਼ਨ ਨੂੰ ਸਾਧਾਰਨ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ। ਸ਼ੁਰੂਆਤੀ ਜਾਂਚ ਵਿਚ ਤਨੀਕੀ ਖਰਾਬੀ ਜਾਂ ਸ਼ਾਰਟ ਸਰਕਟ ਨਾਲ ਅੱਗ ਲੱਗਣ ਦੀ ਗੱਲ ਕਹੀ ਜਾ ਰਹੀ ਹੈ।

## ਪਾਕਿਸਤਾਨ ਤੋਂ ਆ ਰਹੇ ਖ਼ਤਰਨਾਕ

ਦੀ ਗੱਲ ਹੈ ਅਤੇ ਇਹ ਸਰਗਰਮ ਰਾਜ-ਸਮਰਥਨ ਨਾਲ ਹੋ ਰਹੀ ਹੈ।

ਖਾਲਿਸਤਾਨ ਦੇ ਮੁੱਦੇ ਨਾਲ ਜੁੜੇ ਗੈਂਗਸਟਰਾਂ ਨੂੰ ਪਾਕਿਸਤਾਨ ਦੀ ਆਈ ਐੱਸ ਆਈ ਨੇ ਸਰਕਾਰੀ ਢਾਂਚੇ 'ਤੇ ਹਮਲਾ ਕਰਨ ਅਤੇ ਪ੍ਰਭਾਵਸ਼ਾਲੀ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਲਈ ਆਸਾਨੀ ਨਾਲ ਭਰਤੀ ਕਰ ਲਿਆ

ਭੁਗਤਾਨ ਹਵਾਲਾ ਨੈੱਟਵਰਕ ਅਤੇ ਪ੍ਰੌਕਸੀ ਖਾਤਿਆਂ ਰਾਹੀਂ ਕੀਤਾ ਜਾਂਦਾ ਹੈ। ਤਿੰਨ ਮੌਡਿਊਲ ਪਾਕਿਸਤਾਨ ਅਤੇ ਅਫਗਾਨਿਸਤਾਨ ਵਿੱਚ ਸਮਗਲਰਾਂ ਨੂੰ ਰੋਜ਼ਾਨਾ 2 ਕਰੋੜ ਰੁਪਏ ਤੋਂ ਵੱਧ ਹਵਾਲਾ ਨੈੱਟਵਰਕ ਰਾਹੀਂ ਭੇਜ ਰਹੇ ਸਨ।

ਕੈਨੇਡਾ, ਅਮਰੀਕਾ, ਜਰਮਨੀ ਅਤੇ ਯੂ ਏ ਈ ਵਰਗੇ ਦੇਸ਼ਾਂ ਵਿੱਚ ਲੁਕੇ ਗੈਂਗਸਟਰ ਵੱਡੇ ਪੱਧਰ 'ਤੇ ਸਰਹੱਦ ਪਾਰ ਨਸ਼ਾ ਸਮਗਲਿੰਗ ਅਤੇ ਹਥਿਆਰਾਂ ਦੀ ਸਪਲਾਈ ਵਿੱਚ ਸ਼ਾਮਲ ਹਨ।

ਮੌਡਿਊਲ ਨਿਗਰਾਨੀ ਤੋਂ ਬਚਣ ਲਈ ਇਨਕ੍ਰਿਪਟਿਡ ਸੰਚਾਰ ਵਰਤਦਾ ਹੈ ਅਤੇ ਅਕਸਰ ਡਰੌਪ ਲੋਕੇਸ਼ਨਾਂ ਬਦਲਦਾ ਹੈ। 'ਗੈਂਗਸਟਰਾਂ 'ਤੇ ਵਾਰ' ਉਪਰੇਸ਼ਨ ਰਾਹੀਂ ਪੁਲਿਸ ਨੇ ਅਜਿਹੇ ਨੈੱਟਵਰਕਾਂ 'ਤੇ ਸ਼ਿਕੰਜਾ ਕੱਸਿਆ ਹੈ। 2025 ਵਿੱਚ 1,334 ਮਾਮਲੇ ਦਰਜ ਹੋਏ ਅਤੇ 1,662 ਗ੍ਰਿਫ਼ਤਾਰੀਆਂ ਹੋਈਆਂ। ਇਹ ਪੂਰੀ ਸਪਲਾਈ ਚੇਨ ਸੰਗਠਿਤ ਅਪਰਾਧ, ਅੱਤਵਾਦ ਅਤੇ ਵਿਦੇਸ਼ੀ ਖੁਫ਼ੀਆ ਏਜੰਸੀਆਂ ਦੇ ਆਪਸੀ ਗੱਠਜੋੜ ਦਾ ਨਤੀਜਾ ਹੈ ਜੋ ਭਾਰਤ ਲਈ ਇੱਕ ਗੰਭੀਰ ਸੁਰੱਖਿਆ ਚੁਣੌਤੀ ਬਣਿਆ ਹੋਇਆ ਹੈ।

ਇਸ ਸਾਲ 13 ਮਾਰਚ ਨੂੰ, ਦਿੱਲੀ ਪੁਲਿਸ ਨੇ ਨੇਤਾ ਜੀ ਸੁਭਾਸ਼ ਮਾਰਗ 'ਤੇ ਇੱਕ ਵੱਡਾ ਆਪ੍ਰੇਸ਼ਨ ਕੀਤਾ। ਰਾਤ 11:30 ਵਜੇ, ਤਿੰਨ ਆਦਮੀ ਇੱਕ ਚਿੱਟੇ ਸਕੂਟਰ 'ਤੇ ਪਹੁੰਚੇ। ਸਕੂਟਰ ਚਲਾ ਰਿਹਾ ਵਿਅਕਤੀ ਮੈਰੂਨ ਟੀ-ਸ਼ਰਟ ਪਹਿਨੀ ਹੋਈ ਸੀ। ਇੱਕ ਪੁਲਿਸ ਅਧਿਕਾਰੀ ਨੇ ਉਸਨੂੰ ਰਾਹਿਲ ਅੰਸਾਰੀ ਵਜੋਂ ਪਛਾਣ ਲਿਆ। ਪੁਲਿਸ ਨੇ ਮੌਕੇ 'ਤੇ ਹੀ ਸਕੂਟਰ ਨੂੰ ਰੋਕ ਲਿਆ ਅਤੇ ਰਾਹਿਲ ਕਾਨੂੰਨ ਦੇ ਸ਼ਿਕੰਜੇ ਵਿੱਚ ਫਸ ਗਿਆ। ਪੁਲਿਸ ਨੂੰ ਮੌਕੇ 'ਤੇ ਕੋਈ ਦੇਸੀ ਪਿਸਤੌਲ ਨਹੀਂ ਮਿਲਿਆ, ਸਗੋਂ ਇੱਕ ਸੀਜ਼ੈਡ ਸ਼ੈਡੋ ਹੈਂਡਗਨ ਮਿਲੀ। ਇਸ ਹਥਿਆਰ ਦੀ ਵਿਸ਼ੇਸ਼ਤਾ ਇਹ ਹੈ ਕਿ ਇਸਨੂੰ ਸਪੋਰਟਸ ਸ਼ੂਟਰਾਂ ਅਤੇ ਤਕਨੀਕੀ ਇਕਾਈਆਂ ਦੁਆਰਾ ਵਰਤਿਆ ਜਾਂਦਾ ਹੈ।

ਗੈਂਗਾਂ ਦਾ ਕੰਮ ਕਰਨ ਦਾ ਢੰਗ ਬਦਲ ਗਿਆ

ਇੱਕ ਪੁਲਿਸ ਅਧਿਕਾਰੀ ਨੇ ਉਸ ਸਮੇਂ ਕਿਹਾ ਸੀ, 'ਇਹ ਅਰਧ-ਆਟੋਮੈਟਿਕ ਹਥਿਆਰ ਕਮਾਂਡੋ ਦੁਆਰਾ ਵਰਤੇ ਜਾਂਦੇ ਹਨ। ਕੋਈ ਵੀ ਸਥਾਨਕ ਅਪਰਾਧੀ ਅਜਿਹੇ ਹਥਿਆਰ ਲੈ ਕੇ ਸਕੂਟਰ 'ਤੇ ਨਹੀਂ ਘੁੰਮਦਾ।' ਇਸ ਪੁਲਿਸ ਕਾਰਵਾਈ ਨੇ ਨਾ ਸਿਰਫ਼ ਰਾਹਿਲ ਅੰਸਾਰੀ ਨੂੰ ਗ੍ਰਿਫ਼ਤਾਰ ਕੀਤਾ, ਸਗੋਂ ਉਸਦੇ ਦੋ ਭਰਾਵਾਂ, ਹਾਸਿਮ ਅਤੇ ਸਯਾਮ ਨੂੰ ਵੀ ਗ੍ਰਿਫ਼ਤਾਰ ਕੀਤਾ। ਜਿਵੇਂ-ਜਿਵੇਂ ਜਾਂਚ ਅੱਗੇ ਵਧਦੀ ਗਈ, ਇਹ ਸਪੱਸ਼ਟ ਹੋ ਗਿਆ ਕਿ ਰਾਹਿਲ ਰਾਜਧਾਨੀ ਨੂੰ ਵੱਡੇ ਪੱਧਰ 'ਤੇ ਵਿਦੇਸ਼ੀ ਹਥਿਆਰ ਸਪਲਾਈ ਕਰ ਰਿਹਾ ਸੀ।

ਰਾਹਿਲ ਨੇ ਇਹ ਰੈਕੇਟ ਕੁਝ ਦਿਨਾਂ ਵਿੱਚ ਸਥਾਪਤ ਨਹੀਂ ਕੀਤਾ ਸੀ; ਉਸਨੇ ਕਈ ਮਹੀਨੇ ਬਿਤਾਏ ਸਨ। ਪੁਲਿਸ ਦਾ ਮੰਨਣਾ ਹੈ ਕਿ ਰਾਹਿਲ ਦਾ ਭਰਾ, ਸ਼ਾਹਬਾਜ਼ ਅੰਸਾਰੀ, ਵੀ ਬੰਗਲਾਦੇਸ਼ ਤੋਂ ਇਸ ਰੈਕੇਟ ਨੂੰ ਚਲਾ ਰਿਹਾ ਹੈ। ਉਹ ਹਥਿਆਰ ਸਪਲਾਈ ਕਰਦਾ ਹੈ, ਅਤੇ ਰਾਹਿਲ ਉਨ੍ਹਾਂ ਨੂੰ ਉੱਤਰ ਪ੍ਰਦੇਸ਼ ਵਿੱਚ ਗੁਪਤ ਥਾਵਾਂ 'ਤੇ ਸਟੋਰ ਕਰਦਾ ਹੈ। ਪੁਲਿਸ ਦੇ ਅਨੁਸਾਰ, ਪਿਛਲੇ ਅੱਠ ਮਹੀਨਿਆਂ ਵਿੱਚ, ਉਨ੍ਹਾਂ ਨੇ ਦਿੱਲੀ ਵਿੱਚ 300 ਤੋਂ 400 ਵਿਦੇਸ਼ੀ ਹਥਿਆਰਾਂ ਦਾ ਪਤਾ ਲਗਾਇਆ ਹੈ ਜੋ ਸਿੱਧੇ ਤੌਰ 'ਤੇ ਰਾਹਿਲ ਅਤੇ ਸ਼ਾਹਬਾਜ਼ ਨਾਲ ਜੁੜੇ ਹੋਏ ਹਨ। ਇਸ ਤੋਂ ਇਲਾਵਾ, ਪਿਛਲੇ ਮਹੀਨੇ ਗੋਲੀਬਾਰੀ ਦੀਆਂ ਛੇ ਘਟਨਾਵਾਂ ਸਾਹਮਣੇ ਆਈਆਂ ਹਨ ਜਿੱਥੇ ਅੰਸਾਰੀ ਭਰਾਵਾਂ ਦੁਆਰਾ ਹਥਿਆਰ ਸਪਲਾਈ ਕੀਤੇ ਗਏ ਸਨ।

ਰਾਹਿਲ ਦੀ ਗ੍ਰਿਫ਼ਤਾਰੀ ਤੋਂ ਬਾਅਦ, ਪੁਲਿਸ ਨੇ 15 ਹੋਰ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਸਾਰੇ ਇਸ ਹਥਿਆਰਾਂ ਦੇ ਨੈੱਟਵਰਕ ਦਾ ਹਿੱਸਾ ਹਨ ਅਤੇ ਖੇਪਾਂ ਦੀ ਤਿਆਰੀ ਅਤੇ ਡਿਲੀਵਰੀ ਵਿੱਚ ਸ਼ਾਮਲ ਸਨ।

ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਕਿਹੜੇ ਹਥਿਆਰ ਵਰਤੇ ਗਏ ਸਨ?

ਕੁਝ ਸਾਲ ਪਹਿਲਾਂ ਸਿੱਧੂ ਮੂਸੇਵਾਲਾ ਦੇ ਕਤਲ ਵਿੱਚ ਵਰਤੇ ਗਏ ਹਥਿਆਰਾਂ ਨਾਲ ਅੰਸਾਰੀ ਭਰਾਵਾਂ ਦਾ ਸਬੰਧ ਵੀ ਸਾਹਮਣੇ ਆ ਰਿਹਾ ਹੈ। ਮੂਸੇਵਾਲਾ ਦੇ ਕਤਲ ਤੋਂ ਬਾਅਦ, ਪੁਲਿਸ ਨੇ ਘਟਨਾ ਸਥਾਨ ਤੋਂ ਲਗਭਗ ਦੋ ਦਰਜਨ ਗੋਲੀਆਂ ਦੇ ਖੋਲ ਬਰਾਮਦ ਕੀਤੇ। ਫੋਰੈਂਸਿਕ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਖੋਲ ਏ ਕੇ-47 ਰਾਈਫਲਾਂ, ਆਸਟ੍ਰੀਅਨ ਗਲੋਕ ਪਿਸਤੌਲ ਅਤੇ ਤੁਰਕੀ ਜ਼ਿਗਾਨਾ ਅਰਧ-ਆਟੋਮੈਟਿਕ ਪਿਸਤੌਲ ਦੇ ਸਨ। ਪੁਲਿਸ ਦੇ ਅਨੁਸਾਰ, ਅਜਿਹੇ ਹਥਿਆਰ ਦਿੱਲੀ ਦੇ ਗੈਂਗਸਟਰਾਂ ਦੁਆਰਾ ਨਹੀਂ ਵਰਤੇ ਗਏ ਸਨ, ਅਤੇ ਇੱਕ ਏ ਕੇ-47 ਦੀ ਖੋਜ ਹੈਰਾਨੀਜਨਕ ਸੀ।

ਮੂਸੇਵਾਲਾ ਦੇ ਕਤਲ ਤੋਂ ਬਾਅਦ ਵੀ, ਇੱਕ ਨਾਮ ਸਾਹਮਣੇ ਆਉਂਦਾ ਰਿਹਾ: ਸ਼ਾਹਬਾਜ਼ ਅੰਸਾਰੀ। ਸ਼ਾਹਬਾਜ਼ ਅੰਸਾਰੀ ਉੱਤਰ ਪ੍ਰਦੇਸ਼ ਦੇ ਖੁਰਜਾ ਦਾ ਰਹਿਣ ਵਾਲਾ ਦੱਸਿਆ ਜਾਂਦਾ ਹੈ। ਉਸਦਾ ਪਿਤਾ, ਕੁਰਬਾਨ, ਇੱਕ ਇਲੈਕਟ੍ਰਾਨਿਕਸ ਦੀ ਦੁਕਾਨ ਦੀ ਆੜ ਵਿੱਚ ਹਥਿਆਰ ਸਪਲਾਈ ਕਰਦਾ ਸੀ। ਜਦੋਂ ਕੋਵਿਡ-19 ਮਹਾਂਮਾਰੀ ਦੌਰਾਨ ਉਸਦੇ ਪਿਤਾ ਦਾ ਦੇਹਾਂਤ ਹੋ ਗਿਆ, ਤਾਂ ਸ਼ਾਹਬਾਜ਼ ਇਸ ਕਾਰੋਬਾਰ ਵਿੱਚ ਸਰਗਰਮ ਹੋ ਗਿਆ।

ਸ਼ਾਹਬਾਜ਼ ਅੰਸਾਰੀ ਕੌਣ ਹੈ?

ਸ਼ਾਹਬਾਜ਼ ਅੰਸਾਰੀ ਦਾ ਨਾਮ ਪਹਿਲੀ ਵਾਰ 2022 ਵਿੱਚ ਇੱਕ ਮਾਮਲੇ ਵਿੱਚ ਸਾਹਮਣੇ ਆਇਆ ਸੀ। ਉਸਨੇ ਲਾਰੈਂਸ ਬਿਸ਼ਨੋਈ ਗੈਂਗ ਨੂੰ ਏ ਕੇ-47 ਬੰਦੂਕਾਂ ਸਪਲਾਈ ਕੀਤੀਆਂ ਸਨ, ਜਿਨ੍ਹਾਂ ਦੀ ਵਰਤੋਂ ਬਾਅਦ ਵਿੱਚ ਸਿੱਧੂ ਮੂਸੇਵਾਲਾ ਨੂੰ ਮਾਰਨ ਲਈ ਕੀਤੀ ਗਈ ਸੀ। ਐਨ ਆਈ ਏ ਨੇ ਇਸ ਅਪਰਾਧ ਲਈ ਉਸਦੇ ਖਿਲਾਫ ਕੇਸ ਦਰਜ ਕੀਤਾ। ਇਸ ਤੋਂ ਬਾਅਦ, ਉਸਨੂੰ ਪਹਿਲੀ ਵਾਰ ਅਕਤੂਬਰ 2022 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਜੇਲ੍ਹ ਭੇਜ ਦਿੱਤਾ ਗਿਆ।

ਠੀਕ ਦੋ ਸਾਲ ਬਾਅਦ, ਸ਼ਾਹਬਾਜ਼ ਵਿਰੁੱਧ ਅਸਲਾ ਐਕਟ ਦੇ ਤਹਿਤ ਦੁਬਾਰਾ ਕੇਸ ਦਰਜ ਕੀਤਾ ਗਿਆ। ਪੁਲਿਸ ਜਾਂਚ ਵਿੱਚ ਪਤਾ ਲੱਗਿਆ ਕਿ ਸ਼ਾਹਬਾਜ਼ ਚੈੱਕ-ਬਣੀਆਂ ਸਬ ਮਸ਼ੀਨ ਗੰਨ ਅਤੇ ਹੋਰ ਹਥਿਆਰਾਂ ਦੇ ਨਿਰਮਾਣ ਵਿੱਚ ਸ਼ਾਮਲ ਸੀ। ਪੁਲਿਸ ਦੇ ਅਨੁਸਾਰ, ਜਦੋਂ ਤੱਕ ਸ਼ਾਹਬਾਜ਼ ਇਸ ਕਾਰੋਬਾਰ ਵਿੱਚ ਸਰਗਰਮ ਨਹੀਂ ਹੋਇਆ, ਹਥਿਆਰਾਂ ਦਾ ਬਾਜ਼ਾਰ ਜ਼ਿਆਦਾਤਰ ਸਥਾਨਕ ਸੀ। ਬੰਦੂਕਾਂ ਬਿਹਾਰ ਦੇ ਮੁੰਗੇਰ ਅਤੇ ਮੱਧ ਪ੍ਰਦੇਸ਼ ਦੇ ਖਰਗੋਨ ਤੋਂ ਆਯਾਤ ਕੀਤੀਆਂ ਜਾਂਦੀਆਂ ਸਨ, ਅਤੇ ਫਿਰ ਪੱਛਮੀ ਉੱਤਰ ਪ੍ਰਦੇਸ਼ ਵਿੱਚ ਇਕੱਠੀਆਂ ਕੀਤੀਆਂ ਜਾਂਦੀਆਂ ਸਨ। ਹਾਲਾਂਕਿ, ਇਸ ਕਾਰੋਬਾਰ ਵਿੱਚ ਸ਼ਾਹਬਾਜ਼ ਦੇ ਦਾਖਲੇ ਨੇ ਉਸ ਨੈੱਟਵਰਕ ਨੂੰ ਵਿਗਾੜ ਦਿੱਤਾ ਅਤੇ ਗੈਂਗਸਟਰਾਂ ਨੂੰ ਵਿਦੇਸ਼ੀ ਹਥਿਆਰਾਂ ਦੀ ਸਪਲਾਈ ਸ਼ੁਰੂ ਕਰ ਦਿੱਤੀ।

ਪਾਕਿਸਤਾਨ ਤੋਂ ਹਥਿਆਰ, ਨੇਪਾਲ ਰਾਹੀਂ ਭਾਰਤ ਵਿੱਚ ਦਾਖਲਾ

ਸ਼ਹਿਬਾਜ਼ ਅੰਸਾਰੀ ਦੇ ਪਾਕਿਸਤਾਨ ਨਾਲ ਸਬੰਧ ਵੀ ਸਾਹਮਣੇ ਆਏ ਹਨ। ਉਸਨੂੰ ਉੱਥੋਂ ਵੱਡੀ ਮਾਤਰਾ ਵਿੱਚ ਆਧੁਨਿਕ ਹਥਿਆਰ ਮਿਲ ਰਹੇ ਸਨ, ਜੋ ਫਿਰ ਨੇਪਾਲ ਰਾਹੀਂ ਭਾਰਤ ਲਿਆਂਦੇ ਗਏ ਸਨ। ਇੱਕ ਪੁਲਿਸ ਅਧਿਕਾਰੀ ਦੇ ਅਨੁਸਾਰ, ਸ਼ਹਿਬਾਜ਼ ਦਾ ਜੀਜਾ, ਇਮਰਾਨ, ਨੇਪਾਲ ਤੋਂ ਹਥਿਆਰ ਭਾਰਤ ਭੇਜ ਰਿਹਾ ਸੀ, ਸਾਰੇ ਪ੍ਰਬੰਧ ਕਰ ਰਿਹਾ ਸੀ।

ਪੁਲਿਸ ਸ਼ਹਿਬਾਜ਼ ਤੋਂ ਇਸ ਨੈੱਟਵਰਕ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਤੋਂ ਪਹਿਲਾਂ, ਉਹ ਫਰਾਰ ਹੋ ਗਿਆ। ਦਿੱਲੀ ਦੀ ਇੱਕ ਅਦਾਲਤ ਨੇ ਉਸਨੂੰ ਇੱਕ ਮਹੀਨੇ ਲਈ ਜ਼ਮਾਨਤ ਦੇ ਦਿੱਤੀ। ਉਸਨੇ ਰਾਹਤ ਮੰਗਣ ਦਾ ਕਾਰਨ ਆਪਣੀ ਪਤਨੀ ਦੀ ਸਰਜਰੀ ਦੱਸਿਆ। ਅਦਾਲਤ ਨੇ ਉਸਨੂੰ ਇਸ ਸ਼ਰਤ 'ਤੇ ਜ਼ਮਾਨਤ ਦੇ ਦਿੱਤੀ ਕਿ ਉਹ ਆਪਣਾ ਫ਼ੋਨ ਬੰਦ ਨਹੀਂ ਕਰੇਗਾ ਅਤੇ ਉਸਦੀ ਲਾਈਵ ਲੋਕੇਸ਼ਨ ਪੁਲਿਸ ਨਾਲ ਸਾਂਝੀ ਕੀਤੀ ਜਾਵੇਗੀ। ਪਰ 48 ਘੰਟਿਆਂ ਦੇ ਅੰਦਰ, ਸ਼ਹਿਬਾਜ਼ ਦਾ ਫ਼ੋਨ ਬੰਦ ਹੋ ਗਿਆ, ਅਤੇ ਉਹ ਪੁਲਿਸ ਰਾਡਾਰ ਤੋਂ ਗਾਇਬ ਹੋ ਗਿਆ।

## ਸੀ.ਬੀ.ਆਈ. ਵੱਲੋਂ ਰੇਣੂਕਾਈ ਕੈਮਿਸਟਰੀ ਕਲਾਸਿਜ਼ ਦਾ

ਅਤੇ ਇਸਨੂੰ ਅੱਗੇ ਪਹੁੰਚਾਉਣ ਵਿੱਚ ਸ਼ਾਮਲ ਇੱਕ ਸੰਗਠਿਤ ਗੈਂਗ ਦਾ ਸਰਗਰਮ ਮੈਂਬਰ ਸੀ।

ਉਨ੍ਹਾਂ ਨੇ ਦੱਸਿਆ ਕਿ ਮੋਤੇਗਾਓਂਕਰ ਨੇ ਦੂਜੇ ਦੋਸ਼ੀਆਂ ਨਾਲ ਮਿਲ ਕੇ ਸਾਜ਼ਿਸ਼ ਤਹਿਤ 23 ਅਪ੍ਰੈਲ, 2026 ਦੀ ਪ੍ਰੀਖਿਆ ਤੋਂ ਪਹਿਲਾਂ ਹੀ ਨੀਟ-ਯੂਜੀ ਪ੍ਰੀਖਿਆ, 2026 ਦਾ ਪ੍ਰਸ਼ਨ ਪੱਤਰ ਅਤੇ ਉੱਤਰ ਪ੍ਰਾਪਤ ਕਰ ਲਏ ਸਨ। ਉਸ ਨੇ ਕਥਿਤ ਤੌਰ 'ਤੇ ਇਹ ਪੇਪਰ ਕਈ ਲੋਕਾਂ ਨੂੰ ਅੱਗੇ ਭੇਜਿਆ ਸੀ। ਪੇਪਰ ਲੀਕ ਮਾਮਲੇ ਦੇ ਸਾਹਮਣੇ ਆਉਣ ਤੋਂ ਬਾਅਦ ਕੇਂਦਰੀ ਏਜੰਸੀ ਨੇ ਇੱਕ ਐਫ.ਆਈ.ਆਰ. ਦਰਜ ਕੀਤੀ ਸੀ ਅਤੇ ਵੱਖ-ਵੱਖ ਟੀਮਾਂ ਦਾ ਗਠਨ ਕੀਤਾ ਸੀ, ਜਿਸ ਕਾਰਨ 3 ਮਈ ਨੂੰ ਹੋਈ ਪ੍ਰੀਖਿਆ ਨੂੰ ਰੱਦ ਕਰਨਾ ਪਿਆ ਸੀ। ਇਹ ਪ੍ਰੀਖਿਆ ਦੇਸ਼ ਦੇ 551 ਸ਼ਹਿਰਾਂ ਅਤੇ ਵਿਦੇਸ਼ਾਂ ਵਿੱਚ 14 ਕੇਂਦਰਾਂ 'ਤੇ ਕਰਵਾਈ ਗਈ ਸੀ, ਜਿਸ ਵਿੱਚ ਦੇਸ਼ ਭਰ ਦੇ 23 ਲੱਖ ਉਮੀਦਵਾਰਾਂ ਨੇ ਨੈਸ਼ਨਲ ਟੈਸਟਿੰਗ ਏਜੰਸੀ (ਐਨ.ਟੀ.ਏ.) ਕੋਲ ਰਜਿਸਟ੍ਰੇਸ਼ਨ ਕਰਵਾਈ ਸੀ। ਐਨ.ਟੀ.ਏ. ਮੁਤਾਬਕ, ਪ੍ਰੀਖਿਆ ਹੋਣ ਦੇ ਚਾਰ ਦਿਨ ਬਾਅਦ 7 ਮਈ ਦੀ ਸ਼ਾਮ ਨੂੰ ਕਥਿਤ ਬੇਨਿਯਮੀਆਂ ਅਤੇ ਗੜਬੜੀ ਬਾਰੇ ਜਾਣਕਾਰੀ ਮਿਲੀ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਪੁਸ਼ਟੀ ਅਤੇ ਲੋੜੀਂਦੀ ਕਾਰਵਾਈ ਲਈ ਅਗਲੀ ਹੀ ਸਵੇਰ ਇਹ ਜਾਣਕਾਰੀ ਕੇਂਦਰੀ ਏਜੰਸੀਆਂ ਨੂੰ ਸੌਂਪ ਦਿੱਤੀ ਗਈ ਸੀ।

ਸੀ.ਬੀ.ਆਈ. ਨੇ ਇਸ ਮਾਮਲੇ ਦੇ ਸਬੰਧ ਵਿੱਚ ਹੁਣ ਤੱਕ ਮਹਾਰਾਸ਼ਟਰ ਤੋਂ ਕਈ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਏਜੰਸੀ ਨੇ ਸ਼ਨਿਚਰਵਾਰ ਨੂੰ ਦਿੱਲੀ ਸਥਿਤ ਆਪਣੇ ਹੈੱਡਕੁਆਰਟਰ ਵਿੱਚ ਪੁੱਛ-ਗਿੱਛ ਕਰਨ ਤੋਂ ਬਾਅਦ ਪੁਣੇ ਦੀ ਜੀਵ ਵਿਗਿਆਨ ਦੀ ਲੈਕਚਰਾਰ ਮਨੀਸ਼ਾ ਗੁਰੂਨਾਥ ਮੰਧਾਰੇ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਹੈ, ਜੋ ਐਨ.ਟੀ.ਏ. ਦੀ ਪੇਪਰ ਸੈੱਟ ਕਰਨ ਵਾਲੀ ਕਮੇਟੀ ਦਾ ਹਿੱਸਾ ਸੀ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

## ਸੰਪਾਦਕੀ

# ਮਹਾਂਸ਼ਕਤੀਆਂ ਦੀਆਂ ਤਰਜੀਹਾਂ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਚੀਨ ਦੌਰੇ ਨਾਲ ਪੱਛਮੀ ਏਸ਼ੀਆ ਵਿੱਚ ਟਕਰਾਅ ਦੇ ਹੱਲ ਦੀ ਉਮੀਦ ਕੀਤੀ ਜਾ ਰਹੀ ਸੀ, ਜਿਸ ਨਾਲ ਡੂੰਘੇ ਹੁੰਦੇ ਜਾ ਰਹੇ ਵਿਸ਼ਵ ਸੰਕਟ ਤੋਂ ਰਾਹਤ ਮਿਲੇਗੀ। ਹਾਲਾਂਕਿ, ਦੋਵਾਂ ਦੇਸ਼ਾਂ ਦੀ ਸਿਖਰਲੀ ਲੀਡਰਸ਼ਿਪ ਵਿਚਕਾਰ ਗੱਲਬਾਤ ਦੇ ਨਤੀਜੇ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਦੁਨੀਆ ਦੀਆਂ ਆਰਥਿਕ ਮਹਾਂਸ਼ਕਤੀਆਂ ਬਾਕੀ ਦੁਨੀਆ ਦੀ ਚਿੰਤਾ ਨਹੀਂ ਕਰਦੀਆਂ। ਰਿਪੋਰਟਾਂ ਦੇ ਅਨੁਸਾਰ ਮੀਟਿੰਗ ਸਿਰਫ਼ ਦੁਵੱਲੇ ਮੁੱਦਿਆਂ 'ਤੇ ਕੇਂਦ੍ਰਿਤ ਸੀ ਅਤੇ ਟਰੰਪ ਨੇ ਇਸਨੂੰ ਜੀ-2 ਸੰਮੇਲਨ ਦੱਸਿਆ, ਜਿੱਥੇ ਦੋਵਾਂ ਦੇਸ਼ਾਂ ਵਿਚਕਾਰ ਕਈ ਵਪਾਰਕ ਸਮਝੌਤੇ ਹੋਏ। ਸਵਾਲ ਇਹ ਹੈ: ਕੀ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਹੋਣ ਦਾ ਦਾਅਵਾ ਕਰਨ ਵਾਲੇ ਦੇਸ਼ਾਂ ਦੀ ਵਿਸ਼ਵ ਭਾਈਚਾਰੇ ਪ੍ਰਤੀ ਕੋਈ ਜ਼ਿੰਮੇਵਾਰੀ ਨਹੀਂ ਹੈ? ਕੀ ਉਨ੍ਹਾਂ ਦੀ ਸ਼ਕਤੀ ਸਿਰਫ਼ ਸਵਾਰਥੀ ਹਿੱਤਾਂ ਤੱਕ ਸੀਮਤ ਹੈ? ਪਿਛਲੇ ਕੁਝ ਸਾਲਾਂ ਤੋਂ ਵਿਸ਼ਵ ਆਰਥਿਕ ਹਿੱਤਾਂ ਪ੍ਰਤੀ ਅਮਰੀਕਾ ਦੇ ਨਜ਼ਰੀਏ ਵਿੱਚ ਤਬਦੀਲੀ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਹੀ ਹੈ। ਇਹ ਹੁਣ ਸਾਂਝੇ ਉਦਾਰਵਾਦੀ ਮੁੱਲਾਂ 'ਤੇ ਨਹੀਂ, ਸਗੋਂ ਮਹਾਂਸ਼ਕਤੀਆਂ ਦੇ ਪ੍ਰਭਾਵ ਦੇ ਖੇਤਰਾਂ 'ਤੇ ਕੇਂਦ੍ਰਿਤ ਹੈ। ਇਸ ਲਈ, ਸਵਾਲ ਇਹ ਨਹੀਂ ਹੈ ਕਿ ਕੀ ਅਮਰੀਕਾ ਅਤੇ ਚੀਨ ਸਹਿਯੋਗ ਕਰ ਸਕਦੇ ਹਨ, ਸਗੋਂ, ਜੇਕਰ ਉਨ੍ਹਾਂ ਵਿਚਕਾਰ ਤਾਲਮੇਲ ਸੰਭਵ ਹੈ ਤਾਂ ਇਹ ਕਿਸ ਤਰ੍ਹਾਂ ਦੀ ਵਿਸ਼ਵ ਵਿਵਸਥਾ ਪੈਦਾ ਕਰੇਗਾ? ਜੀ-20 ਸ਼ਬਦ 2005 ਵਿੱਚ ਇੱਕ ਪ੍ਰਮੁੱਖ ਅਮਰੀਕੀ ਅਰਥਸ਼ਾਸਤਰੀ ਦੁਆਰਾ ਤਿਆਰ ਕੀਤਾ ਗਿਆ ਸੀ। ਉਸਦਾ ਮੰਨਣਾ ਸੀ ਕਿ ਦੁਨੀਆ ਦੀਆਂ ਦੋ ਸਭ ਤੋਂ ਵੱਡੀਆਂ ਅਰਥਵਿਵਸਥਾਵਾਂ, ਸੰਯੁਕਤ ਰਾਜ ਅਮਰੀਕਾ ਅਤੇ ਚੀਨ ਵਿੱਚ ਇੱਕ ਮਜ਼ਬੂਤ ਭਾਈਵਾਲੀ ਹੋਣੀ ਚਾਹੀਦੀ ਹੈ। ਇਹ ਵਿਚਾਰ ਜੀ-20, ਜੋ ਕਿ ਪ੍ਰਮੁੱਖ ਅਰਥਵਿਵਸਥਾਵਾਂ ਦਾ ਸਮੂਹ ਹੈ, ਨੂੰ ਹੋਰ ਮਜ਼ਬੂਤ ਕਰਨ ਲਈ ਸੀ। ਗਲੋਬਲ ਵਿੱਤੀ ਸੰਕਟ ਨੂੰ ਹੱਲ ਕਰਨ ਲਈ ਜੀ-20 ਦੀ ਰਣਨੀਤੀ ਦੇ ਹਿੱਸੇ ਵਜੋਂ, ਸੰਯੁਕਤ ਰਾਜ ਅਮਰੀਕਾ ਨੇ ਸ਼ੁਰੂ ਵਿੱਚ 787 ਬਿਲੀਅਨ ਡਾਲਰ ਦਾ ਇੱਕ ਪ੍ਰੋਤਸਾਹਨ ਪੈਕੇਜ ਪ੍ਰਦਾਨ ਕੀਤਾ, ਜਦੋਂ ਕਿ ਚੀਨ ਨੇ 586 ਬਿਲੀਅਨ ਡਾਲਰ ਪ੍ਰਦਾਨ ਕੀਤੇ। ਇਸਨੇ ਇੱਕ ਵੱਡੇ ਆਰਥਿਕ ਸੰਕਟ ਨੂੰ ਟਾਲਣ ਵਿੱਚ ਮਦਦ ਕੀਤੀ। ਹਾਲਾਂਕਿ, ਪੱਛਮੀ ਏਸ਼ੀਆ ਵਿੱਚ ਟਕਰਾਅ ਤੋਂ ਪੈਦਾ ਹੋਏ ਵਿਸ਼ਵਵਿਆਪੀ ਸੰਕਟ ਦੇ ਵਿਚਕਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਵਿਚਕਾਰ ਹਾਲ ਹੀ ਵਿੱਚ ਹੋਈ ਗੱਲਬਾਤ ਨੇ ਇੱਕ ਨਵਾਂ ਦ੍ਰਿਸ਼ਟੀਕੋਣ ਪ੍ਰਗਟ ਕੀਤਾ ਹੈ: ਵਿਸ਼ਵਵਿਆਪੀ ਚਿੰਤਾਵਾਂ ਦੀ ਬਜਾਏ ਆਪਸੀ ਹਿੱਤ। ਦੋਵਾਂ ਦੇਸ਼ਾਂ ਵਿਚਕਾਰ ਕਈ ਮਹੱਤਵਪੂਰਨ ਵਪਾਰਕ ਸਮਝੌਤੇ ਹੋਏ ਹਨ, ਜਿਨ੍ਹਾਂ ਵਿੱਚ ਬੋਇੰਗ ਜਹਾਜ਼ਾਂ ਦੀ ਖਰੀਦ ਵੀ ਸ਼ਾਮਲ ਹੈ। ਇਸਦਾ ਮਤਲਬ ਹੈ ਕਿ ਅਮਰੀਕਾ-ਚੀਨ ਸਹਿਯੋਗ ਹੁਣ ਬਾਕੀ ਦੁਨੀਆ ਲਈ ਇੱਕ ਸਕਾਰਾਤਮਕ ਮਾਹੌਲ ਨਹੀਂ ਬਣਾਉਂਦਾ; ਸਗੋਂ, ਇਹ ਇੱਕ ਨਿੱਜੀ ਸਮਝੌਤਾ ਜਾਪਦਾ ਹੈ ਜਿਸ ਵਿੱਚ ਦੋ ਮਹਾਂਸ਼ਕਤੀਆਂ ਆਪਣੇ ਹਿੱਤਾਂ ਦੀ ਪੈਰਵੀ ਕਰ ਰਹੀਆਂ ਹਨ। ਇਹ ਧਿਆਨ ਦੇਣ ਯੋਗ ਹੈ ਕਿ ਹੋਰਮੁਜ਼ ਜਲਡਮਰੂ ਦੀ ਰੁਕਾਵਟ ਨੇ ਊਰਜਾ ਸਮੇਤ ਜ਼ਰੂਰੀ ਵਸਤੂਆਂ ਦਾ ਇੱਕ ਵਿਸ਼ਵਵਿਆਪੀ ਸੰਕਟ ਪੈਦਾ ਕਰ ਦਿੱਤਾ ਹੈ। ਅਮਰੀਕਾ ਅਤੇ ਈਰਾਨ ਦੀ ਜ਼ਿੱਦ ਸ਼ਾਂਤੀ ਵਾਰਤਾ ਵਿੱਚ ਰੁਕਾਵਟ ਪਾ ਰਹੀ ਹੈ, ਜਿਸ ਨਾਲ ਕਈ ਦੇਸ਼ਾਂ ਦੀ ਆਰਥਿਕਤਾ ਪ੍ਰਭਾਵਿਤ ਹੋ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ਾਂਤੀ ਵਾਰਤਾ ਲਈ ਇੱਕ ਪ੍ਰਭਾਵਸ਼ਾਲੀ ਵਿਚੋਲੇ ਦੀ ਲੋੜ ਹੁੰਦੀ ਹੈ ਅਤੇ ਚੀਨ ਇੱਕ ਮੁੱਖ ਭੂਮਿਕਾ ਨਿਭਾ ਸਕਦਾ ਹੈ। ਹਾਲਾਂਕਿ, ਅਮਰੀਕਾ ਅਤੇ ਚੀਨੀ ਰਾਜਾਂ ਦੇ ਮੁਖੀਆਂ ਵਿਚਕਾਰ ਮੁਲਾਕਾਤ ਦੌਰਾਨ ਇਸ ਮੁੱਦੇ ਦੀ ਅਣਦੇਖੀ ਨੂੰ ਕਿਵੇਂ ਦੇਖਿਆ ਜਾਵੇਗਾ? ਰਿਪੋਰਟਾਂ ਦੇ ਅਨੁਸਾਰ ਤਾਈਵਾਨ ਦਾ ਮੁੱਦਾ ਜ਼ਰੂਰ ਉੱਠਿਆ ਸੀ ਅਤੇ ਚੀਨ ਨੇ ਅਮਰੀਕਾ ਨੂੰ ਚੇਤਾਵਨੀ ਦਿੱਤੀ ਸੀ ਕਿ ਜੇਕਰ ਇਸ ਮੁੱਦੇ ਨੂੰ ਸਹੀ ਢੰਗ ਨਾਲ ਨਹੀਂ ਸੰਭਾਲਿਆ ਗਿਆ ਤਾਂ ਇਹ ਦੋਵਾਂ ਦੇਸ਼ਾਂ ਵਿਚਕਾਰ ਟਕਰਾਅ ਦਾ ਕਾਰਨ ਬਣ ਸਕਦਾ ਹੈ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਇੱਕ ਵਿਸ਼ਵਵਿਆਪੀ ਸੰਕਟ ਦੇ ਵਿਚਕਾਰ ਵੀ ਇਹ ਦੋਵੇਂ ਮਹਾਂਸ਼ਕਤੀਆਂ ਆਪਣੇ ਵਪਾਰਕ, ਰਣਨੀਤਕ ਅਤੇ ਭੂ-ਰਾਜਨੀਤਿਕ ਹਿੱਤਾਂ ਨੂੰ ਤਰਜੀਹ ਦਿੰਦੀਆਂ ਹਨ।

-ਜਗਜੀਤ ਸਿੰਘ ਦਰਦੀ

### ਪੰਜਾਬ : ਜਿੱਥੇ ਧਰਮ ਅਤੇ ਰਾਜਨੀਤੀ ਕਦੀ ਵੱਖ ਨਹੀਂ ਰਹੇ

# ਅੱਜ ਪੰਥ, ਪੰਜਾਬ ਅਤੇ ਪਾਵਰ ਪਾਲਿਟਿਕਸ ਵਿੱਚ ਟਕਰਾਅ ਕਿੱਥੇ ਰੁਕੇਗਾ?



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਪੰਜਾਬ ਅੱਜ ਫ਼ਿਰ ਇੱਕ ਅਜੇਹੇ ਮੋੜ ਉੱਤੇ ਖੜ੍ਹਾ ਦਿਖਾਈ ਦੇ ਰਿਹਾ ਹੈ, ਜਿੱਥੇ ਧਰਮ, ਰਾਜਨੀਤੀ ਅਤੇ ਲੋਕ-ਮਨੋਵਿਗਿਆਨ ਆਪਸ ਵਿੱਚ ਟਕਰਾ ਰਹੇ ਹਨ। ਇੱਕ ਪਾਸੇ ਪੰਥਕ ਸੰਸਥਾਵਾਂ ਅਤੇ ਤਖ਼ਤਾਂ ਤੋਂ ਉੱਠ ਰਹੀ ਚਿੰਤਾ ਹੈ ਕਿ ਸਿੱਖ ਪੰਥ ਦੀ ਆਤਮਿਕ ਅਜ਼ਾਦੀ ਅਤੇ ਮਰਿਆਦਾ ਨੂੰ ਰਾਜਨੀਤਿਕ ਦਖ਼ਲ ਦੇ ਰਾਹੀਂ ਪ੍ਰਭਾਵਿਤ ਕੀਤਾ ਜਾ ਰਿਹਾ ਹੈ, ਦੂਜੇ ਪਾਸੇ ਸਰਕਾਰ ਆਪਣੀ ਸੰਵਿਧਾਨਕ ਅਤੇ ਕਾਨੂੰਨੀ ਜ਼ਿੰਮੇਵਾਰੀ ਦਾ ਹਵਾਲਾ ਦੇ ਰਹੀ ਹੈ। ਅੱਜ ਦੇ ਇਸ ਸਾਰੇ ਦ੍ਰਿਸ਼ ਵਿੱਚ ਆਮ ਪੰਜਾਬੀ ਬੇਚੈਨ ਹੈ—ਉਹ ਡਰਦਾ ਹੈ ਕਿ ਕਿਤੇ ਪੰਜਾਬ ਮੁੜ ਕਿਸੇ ਅਜਿਹੇ ਵਿਚਾਰਕ ਅਤੇ ਸਮਾਜਕ ਟਕਰਾਅ ਵੱਲ ਨਾ ਵਧ ਜਾਵੇ ਜਿਸਦੇ ਨਤੀਜੇ ਦਹਾਕਿਆਂ ਤੱਕ ਭੁਗਤਣ ਪੈਣ। ਕੱਲ੍ਹ 17 ਮਈ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਵਿੱਚ ਅਕਾਲ ਤਖ਼ਤ ਦੇ ਪ੍ਰਮੁੱਖ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਦਿੱਤਾ ਗਿਆ ਬਿਆਨ—ਕਿ "ਪੰਥ ਕਦੇ ਵੀ ਸਰਕਾਰਾਂ ਤੋਂ ਸੰਚਾਲਤ ਨਹੀਂ ਹੋ ਸਕਦਾ—ਸਿਰਫ਼ ਇੱਕ ਪ੍ਰਤੀਕ੍ਰਿਆ ਨਹੀਂ ਸੀ, ਸਗੋਂ ਇੱਕ ਡੂੰਘੀ ਇਤਿਹਾਸਕ ਚੇਤਾਵਨੀ ਸੀ। ਇਹ ਬਿਆਨ ਉਸ ਵੇਲੇ ਆਇਆ ਜਦੋਂ ਪੰਜਾਬ ਵਿੱਚ ਬੇਅਦਬੀ ਮਾਮਲਿਆਂ ਨੂੰ ਲੈ ਕੇ ਸਰਕਾਰ ਅਤੇ ਪੰਥਕ ਧਿਰਾਂ ਵਿਚਕਾਰ ਤਣਾਅ ਵਧ ਰਿਹਾ ਹੈ।

ਅੱਜ ਇਹ ਸਿਰਫ਼ ਇੱਕ ਕਾਨੂੰਨੀ ਮਸਲਾ ਨਹੀਂ। ਇਹ ਸਿੱਖ ਪੰਥ ਦੀ ਖ਼ੁਦਮੁਖਤਿਆਰੀ, ਪੰਜਾਬ ਦੀ ਰਾਜਨੀਤਿਕ ਦਿਸ਼ਾ ਅਤੇ ਆਉਣ ਵਾਲੇ ਸਮੇਂ ਦੇ ਸਮਾਜਕ ਸੰਤੁਲਨ ਨਾਲ ਜੁੜਿਆ ਹੋਇਆ ਸੰਕਟ ਹੈ।

ਪੰਜਾਬ ਉਹ ਧਰਤੀ ਹੈ, ਜਿੱਥੇ ਧਰਮ ਅਤੇ ਰਾਜਨੀਤੀ ਵੱਖ ਨਹੀਂ ਰਹੇ ਹਨ। ਅੱਜ ਪੰਜਾਬ ਦੀ ਰਾਜਨੀਤੀ ਨੂੰ ਸਮਝਣ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਇੱਥੇ ਪੰਥ ਅਤੇ ਸਿਆਸਤ ਦਾ ਰਿਸ਼ਤਾ ਇਤਿਹਾਸਕ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਕੇਵਲ ਆਤਮਿਕ ਰੂਪ ਨਹੀਂ ਦਿੱਤਾ ਸੀ, ਸਗੋਂ ਉਸਨੂੰ ਸਮਾਜਕ ਅਤੇ ਸਿਆਸੀ ਚੇਤਨਾ ਨਾਲ ਵੀ ਜੋੜਿਆ ਸੀ। ਇਸੇ ਲਈ ਸਿੱਖ ਪੰਥ ਵਿੱਚ ਧਰਮ ਅਤੇ ਸਮਾਜਕ ਨਿਆਂ ਦੀ ਧਾਰਨਾ ਇਕੱਠੇ ਚੱਲਦੀ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿੱਚ ਪੰਥਕ ਮੁੱਦੇ ਹਮੇਸ਼ਾ ਪ੍ਰਭਾਵਸ਼ਾਲੀ ਰਹੇ ਹਨ। ਪੰਜਾਬੀ ਸੂਬਾ ਅੰਦੋਲਨ ਤੋਂ ਲੈ ਕੇ ਧਰਮ ਯੁੱਧ ਮੋਰਚੇ ਅਤੇ ਫਿਰ 1980 ਦੇ ਦਹਾਕੇ ਤੱਕ, ਹਰ ਵੱਡੇ ਰਾਜਨੀਤਿਕ ਸੰਘਰਸ਼ ਦੇ ਕੇਂਦਰ ਵਿੱਚ ਪਹਿਚਾਣ ਅਤੇ ਪੰਥਕ ਅਧਿਕਾਰ ਦਾ ਸਵਾਲ ਰਿਹਾ ਹੈ। ਇਸੇ ਕਾਰਨ ਜਦੋਂ ਵੀ ਸਰਕਾਰ ਅਤੇ ਪੰਥਕ ਸੰਸਥਾਵਾਂ ਵਿਚਕਾਰ ਅਣਬਣ ਸਾਹਮਣੇ ਆਉਂਦੀ ਹੈ, ਤਾਂ ਉਹ ਸਿਰਫ਼ ਪ੍ਰਸ਼ਾਸਕੀ ਵਿਵਾਦ ਨਹੀਂ ਰਹਿੰਦੀ। ਉਹ ਲੋਕ-ਮਨ ਨੂੰ ਵੰਡਣ ਵਾਲੀ ਚਰਚਾ ਬਣ ਜਾਂਦੀ ਹੈ।

ਅੱਜ ਬੇਅਦਬੀ ਦਾ ਸਵਾਲ ਪੰਜਾਬ ਦੇ ਮਨ ਉੱਤੇ ਸਭ ਤੋਂ ਡੂੰਘਾ ਜ਼ਖ਼ਮ ਬਣਿਆ ਹੋਇਆ ਹੈ। 2015 ਤੋਂ ਬਾਅਦ ਪੰਜਾਬ ਵਿੱਚ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖ ਸਮਾਜ ਨੂੰ ਅੰਦਰੋਂ ਝੰਜੋੜ ਦਿੱਤਾ। ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਵਰਗੀਆਂ ਘਟਨਾਵਾਂ ਸਿਰਫ਼ ਕਾਨੂੰਨੀ ਕੇਸ ਨਹੀਂ ਰਹੀਆਂ; ਉਹ ਪੰਥਕ ਜ਼ਖ਼ਮ ਬਣ ਗਈਆਂ ਹਨ।

ਅੱਜ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਲਈ ਜੀਵੰਤ ਗੁਰੂ ਹਨ। ਇਸ ਲਈ ਬੇਅਦਬੀ ਨੂੰ ਸਿੱਖ ਮਨ ਸਿਰਫ਼ ਅਪਰਾਧ ਨਹੀਂ, ਧਾਰਮਿਕ ਤੌਰ 'ਤੇ ਉੱਤੇ ਹਮਲਾ ਮੰਨਦਾ ਹੈ। ਪਿਛਲੇ ਦਸ ਸਾਲਾਂ ਵਿੱਚ ਬੇਅਦਬੀ ਨਾਲ ਜੁੜੇ ਕਈ ਮਾਮਲੇ ਦਰਜ ਹੋਏ, ਵਿਸ਼ੇਸ਼ ਜਾਂਚ ਟੀਮਾਂ ਬਣੀਆਂ, ਕਈ ਰਾਜਨੀਤਿਕ ਦੋਸ਼-ਪ੍ਰਤਿਦੋਸ਼ ਹੋਏ, ਪਰ ਬਹੁਤ ਸਾਰੇ ਲੋਕਾਂ ਦੇ ਮਨ ਵਿੱਚ ਅਜੇ ਵੀ ਇਹ ਸਵਾਲ ਜ਼ਿੰਦਾ ਹੈ ਕਿ "ਅਸਲ ਦੋਸ਼ੀ" ਕੌਣ ਹਨ? ਇਹੀ ਅਣਭਰੋਸਾ ਅੱਜ ਦੀ ਟਕਰਾਅ ਭਰੀ ਸਥਿਤੀ ਨੂੰ ਹੋਰ ਗੰਭੀਰ ਬਣਾਉਂਦਾ ਹੈ। ਅੱਜ ਸਰਕਾਰ ਦੀ ਦਲੀਲ ਬਨਾਮ ਪੰਥ ਦੀ ਚਿੰਤਾ ਹੈ। ਮੌਜੂਦਾ ਸਰਕਾਰ ਇਹ ਦਲੀਲ ਦਿੰਦੀ ਹੈ ਕਿ ਬੇਅਦਬੀ ਵਿਰੁੱਧ ਕੜੇ ਕਾਨੂੰਨ ਲਿਆਉਣਾ ਸਮੇਂ ਦੀ ਲੋੜ ਹੈ। ਸਰਕਾਰ ਚਾਹੁੰਦੀ ਹੈ ਕਿ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਲਈ ਸਖ਼ਤ ਸਜ਼ਾਵਾਂ ਹੋਣ ਪਰ ਪੰਥਕ ਧਿਰਾਂ ਦਾ ਸਵਾਲ ਵੱਖਰਾ ਹੈ।

ਉਹ ਕਹਿੰਦੀਆਂ ਹਨ ਕਿ ਕੀ ਇਹ ਕਾਨੂੰਨ ਪੰਥਕ ਸਲਾਹ-ਮਸ਼ਵਰੇ ਨਾਲ ਬਣ ਰਹੇ ਹਨ? ਕੀ ਸਰਕਾਰ ਧਾਰਮਿਕ ਮਰਿਆਦਾਵਾਂ ਨੂੰ ਕਾਨੂੰਨੀ ਭਾਸ਼ਾ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ?

ਕੀ ਇਸ ਨਾਲ ਭਵਿੱਖ ਵਿੱਚ ਸਰਕਾਰਾਂ ਨੂੰ ਪੰਥਕ ਮਾਮਲਿਆਂ ਵਿੱਚ ਵੱਧ ਦਖ਼ਲ ਦਾ ਰਸਤਾ ਨਹੀਂ ਮਿਲੇਗਾ? ਅੱਜ ਇਹ ਸਿਰਫ਼ ਧਾਰਮਿਕ ਅਸਹਿਮਤੀ ਨਹੀਂ; ਇਹ ਅਧਿਕਾਰਾਂ ਦੀ ਲੜਾਈ ਹੈ—ਕੌਣ ਫੈਸਲਾ ਕਰੇਗਾ ਕਿ ਪੰਥ ਦੀ ਮਰਿਆਦਾ ਕੀ ਹੈ?

ਪੰਜਾਬ ਦੇ ਮੁੱਖ ਮੰਤਰੀ ਦੇ ਅੱਜ ਦੇ ਸ੍ਰੀ ਪਟਨਾ ਸਾਹਿਬ ਵਿਚਲੇ ਬਿਆਨ ਅਤੇ ਰਾਜਨੀਤਿਕ ਗਣਿਤ ਅਲੱਗ ਹੈ। ਜਦੋਂ ਪੰਜਾਬ ਦੇ ਮੁੱਖ ਮੰਤਰੀ ਵੱਖ-ਵੱਖ ਤਖ਼ਤਾਂ ਜਾਂ ਮੰਚਾਂ ਤੋਂ ਬਿਆਨ ਦਿੰਦੇ ਹਨ, ਤਾਂ ਉਹ ਸਿਰਫ਼ ਪ੍ਰਸ਼ਾਸਕੀ ਬਿਆਨ ਨਹੀਂ ਰਹਿੰਦੇ ਉਹ ਰਾਜਨੀਤਿਕ ਸੰਕੇਤ ਬਣ ਜਾਂਦੇ ਹਨ। ਕੱਲ੍ਹ ਪਟਨਾ ਸਾਹਿਬ ਤੋਂ ਦਿੱਤੇ ਗਏ ਬਿਆਨਾਂ ਨੂੰ ਵੀ ਪੰਜਾਬ ਦੀ ਰਾਜਨੀਤੀ ਦੇ ਪ੍ਰਸੰਗ ਵਿੱਚ ਦੇਖਿਆ ਜਾ ਰਿਹਾ ਹੈ। ਵਿਰੋਧੀ ਧਿਰਾਂ ਇਹ ਦਲੀਲ ਦੇ ਰਹੀਆਂ ਹਨ ਕਿ ਸਰਕਾਰ ਪੰਥਕ ਭਾਵਨਾਵਾਂ ਨੂੰ ਰਾਜਨੀਤਿਕ ਤੌਰ ਉੱਤੇ ਮੈਨੇਜ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

ਅੱਜ ਦੂਜੇ ਪਾਸੇ ਸਰਕਾਰ ਸਮਝਦੀ ਹੈ ਕਿ ਉਹ ਆਪਣੇ ਆਪ ਨੂੰ "ਧਾਰਮਿਕ ਸਤਿਕਾਰ" ਵਾਲੀ ਛਵੀ ਵਿੱਚ ਪੇਸ਼ ਕਰਕੇ ਵੱਡੇ ਵੋਟਰ ਵਰਗ ਨੂੰ ਪ੍ਰਭਾਵਿਤ ਕਰ ਸਕਦੀ ਹੈ। ਇੱਥੇ ਸਭ ਤੋਂ ਵੱਡਾ ਸਵਾਲ ਇਹ ਹੈ: ਕੀ ਪੰਜਾਬ ਵਿੱਚ ਮੁੜ ਪੰਥਕ ਭਾਵਨਾਵਾਂ ਚੋਣੀ ਰਾਜਨੀਤੀ ਦਾ ਕੇਂਦਰ ਬਣ ਰਹੀਆਂ ਹਨ। ਅੱਜ ਜੇ ਇਸਦਾ ਜਵਾਬ "ਹਾਂ" ਹੈ, ਤਾਂ ਇਹ ਪੰਜਾਬ ਲਈ ਚਿੰਤਾਜਨਕ ਹੋ ਸਕਦਾ ਹੈ। ਅੱਜ ਪੰਜਾਬ ਦੇ ਅਸਲ ਮੁੱਦੇ ਪਿੱਛੇ ਕਿਉਂ ਜਾ ਰਹੇ ਹਨ। ਅੱਜ ਪੰਜਾਬ ਕਈ ਵੱਡੇ ਸੰਕਟਾਂ ਨਾਲ ਜੂਝ ਰਿਹਾ ਹੈ ਤੇ ਰਾਜ ਉੱਤੇ ਲਗਭਗ 3.5 ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ। ਨੌਜਵਾਨਾਂ ਵਿੱਚ ਬੇਰੁਜ਼ਗਾਰੀ: ਹਰ ਸਾਲ ਹਜ਼ਾਰਾਂ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਪ੍ਰਵਾਸ ਕਰ ਰਹੇ ਹਨ। ਨਸ਼ਿਆਂ ਦਾ ਵਧਦਾ ਜਾਲ ਅਤੇ ਖੇਤੀਬਾੜੀ ਦਾ ਸੰਕਟ ਤੇ ਪਾਣੀ ਅਤੇ ਵਾਤਾਵਰਣ ਨਾਲ ਜੁੜੀਆਂ ਚੁਣੌਤੀਆਂ ਹਨ। ਅੱਜ ਕੈਨੇਡਾ, ਆਸਟਰੇਲੀਆ ਅਤੇ ਬ੍ਰਿਟੇਨ ਵੱਲ ਜਾ ਰਹੇ ਪੰਜਾਬੀ ਨੌਜਵਾਨਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਕਈ ਸਰਵੇ ਇਹ ਦਰਸਾਉਂਦੇ ਹਨ ਕਿ ਪੰਜਾਬ ਦਾ ਵੱਡਾ ਹਿੱਸਾ ਆਪਣਾ ਭਵਿੱਖ ਪੰਜਾਬ ਵਿੱਚ ਨਹੀਂ ਦੇਖਦਾ ਹੈ ਪਰ ਦੁੱਖਦਾਈ ਗੱਲ ਇਹ ਹੈ ਕਿ ਇਹ ਸਾਰੇ ਮੁੱਦੇ ਅਕਸਰ ਧਾਰਮਿਕ ਅਤੇ ਰਾਜਨੀਤਿਕ ਵਿਵਾਦਾਂ ਦੀ ਭੀੜ ਵਿੱਚ ਗੁੰਮ ਹੋ ਜਾਂਦੇ ਹਨ। ਅੱਜ ਕੀ ਇਹ ਟਕਰਾਅ ਪੰਜਾਬ ਦੀ ਏਕਤਾ ਲਈ ਖ਼ਤਰਾ ਹੈ?

ਇਹ ਸਭ ਤੋਂ ਗੰਭੀਰ ਸਵਾਲ ਹੈ। ਪੰਜਾਬ ਦੀ ਤਾਕਤ ਉਸਦੀ ਸਮਾਜਕ ਏਕਤਾ ਰਹੀ ਹੈ। ਇੱਥੇ ਸਿੱਖ, ਹਿੰਦੂ ਅਤੇ ਹੋਰ ਭਾਈਚਾਰੇ ਸਦੀਆਂ ਤੋਂ ਇਕੱਠੇ ਰਹੇ ਹਨ। ਪਰ ਜਦੋਂ ਧਾਰਮਿਕ ਮਸਲੇ ਰਾਜਨੀਤਿਕ ਮੰਚਾਂ ਉੱਤੇ ਚੜ੍ਹਦੇ ਹਨ, ਤਾਂ ਸਮਾਜਕ ਧਰੁੱਵੀਕਰਨ ਦਾ ਖ਼ਤਰਾ ਵਧ ਜਾਂਦਾ ਹੈ। 1980 ਦਾ ਦੌਰ ਪੰਜਾਬ ਦੀ ਯਾਦ ਵਿੱਚ ਅਜੇ ਵੀ ਤਾਜ਼ਾ ਹੈ। ਉਸ ਸਮੇਂ ਦੀ ਹਿੰਸਾ, ਬੇਚੈਨੀ ਅਤੇ ਵੰਡ ਨੇ ਪੰਜਾਬ ਨੂੰ ਦਹਾਕਿਆਂ ਪਿੱਛੇ ਧੱਕ ਦਿੱਤਾ ਸੀ। ਅੱਜ ਦਾ ਪੰਜਾਬ ਉਹ ਦੌਰ ਨਹੀਂ ਚਾਹੁੰਦਾ। ਨੌਜਵਾਨ ਸ਼ਾਂਤੀ ਚਾਹੁੰਦੇ ਹਨ। ਵਪਾਰੀ ਸਥਿਰਤਾ ਚਾਹੁੰਦੇ ਹਨ। ਕਿਸਾਨ ਸੰਘਰਸ਼ ਤੋਂ ਥੱਕ ਚੁੱਕੇ ਹਨ।

ਅੱਜ ਜੇ ਰਾਜਨੀਤਿਕ ਧਿਰਾਂ ਅਤੇ ਪੰਥਕ ਸੰਸਥਾਵਾਂ ਵਿਚਕਾਰ ਟਕਰਾਅ ਵਧਦਾ ਗਿਆ, ਤਾਂ ਇਹ ਸਮਾਜਕ ਅਣਭਰੋਸੇ ਨੂੰ ਜਨਮ ਦੇ ਸਕਦਾ ਹੈ। ਅੱਜ ਇਹ ਸਵਾਲ ਵੀ ਉੱਠਣਾ ਸੁਭਾਵਿਕ ਹੈ।

ਹਰ ਚੋਣ ਤੋਂ ਪਹਿਲਾਂ ਪੰਜਾਬ ਵਿੱਚ ਪੰਥਕ ਮੁੱਦੇ ਤਿੱਖੇ ਹੋ ਜਾਂਦੇ ਹਨ। ਇਤਿਹਾਸ ਇਸਦਾ ਗਵਾਹ ਹੈ। ਅੱਜ ਰਾਜਨੀਤਿਕ ਧਿਰਾਂ ਜਾਣਦੀਆਂ ਹਨ ਕਿ ਪੰਥਕ ਮਸਲੇ ਲੋਕਾਂ ਦੀ ਭਾਵਨਾ ਨੂੰ ਤੁਰੰਤ ਪ੍ਰਭਾਵਿਤ ਕਰਦੇ ਹਨ ਅਤੇ ਚੋਣਾਂ ਸਮੀਕਰਨ ਬਦਲ ਸਕਦੇ ਹਨ। ਇਸ ਕਰਕੇ ਕਈ ਲੋਕ ਮੰਨਦੇ ਹਨ ਕਿ ਮੌਜੂਦਾ ਟਕਰਾਅ ਦੇ ਪਿੱਛੇ ਵੀ ਰਾਜਨੀਤਿਕ ਗਣਿਤ ਹੈ। ਅੱਜ ਖ਼ਤਰਾ ਇਹ ਹੈ ਕਿ ਜਦੋਂ ਰਾਜਨੀਤੀ ਧਰਮ ਨੂੰ ਚੋਣ ਹਥਿਆਰ ਬਣਾਉਂਦੀ ਹੈ, ਤਾਂ ਉਸਦੀ ਅੱਗ ਬਹੁਤ ਦੂਰ ਤੱਕ ਜਾਂਦੀ ਹੈ। ਅੱਜ ਨਵਾਂ ਰਸਤਾ ਕੀ ਹੋ ਸਕਦਾ ਹੈ। ਪੰਜਾਬ ਨੂੰ ਅੱਜ ਟਕਰਾਅ ਨਹੀਂ, ਸੰਵਾਦ ਦੀ ਲੋੜ ਹੈ। ਸਰਕਾਰ ਨੂੰ ਸਮਝਣਾ ਹੋਵੇਗਾ ਕਿ: ਅੱਜ ਪੰਥਕ ਸੰਵੇਦਨਾਵਾਂ ਸਿਰਫ਼ ਕਾਨੂੰਨੀ ਭਾਸ਼ਾ ਨਾਲ ਨਹੀਂ ਸੰਭਾਲੀਆਂ ਜਾ ਸਕਦੀਆਂ। ਸਿੱਖ ਪੰਥ ਦੀ ਮਰਿਆਦਾ ਅਤੇ ਇਤਿਹਾਸਕ ਅਹਿਸਾਸ ਨੂੰ ਆਦਰ ਦੇਣਾ ਲਾਜ਼ਮੀ ਹੈ। ਅੱਜ ਦੂਜੇ ਪਾਸੇ ਪੰਥਕ ਸੰਸਥਾਵਾਂ ਨੂੰ ਵੀ ਸ਼ਾਂਤੀ ਅਤੇ ਸੰਵਿਧਾਨਕ ਰਸਤਾ ਅਪਣਾਉਣਾ ਹੋਵੇਗਾ, ਅੱਜ ਨੌਜਵਾਨਾਂ ਨੂੰ ਭਾਵਨਾਤਮਕ ਉਤੇਜਨਾ ਤੋਂ ਬਚਾਉਣਾ ਹੋਵੇਗਾ ਅਤੇ ਪੰਜਾਬ ਦੀ ਸਮਾਜਕ ਏਕਤਾ ਨੂੰ ਪਹਿਲ ਦੇਣੀ ਹੋਵੇਗੀ। ਅੱਜ ਪੰਜਾਬ ਨੂੰ ਕੀ ਚਾਹੀਦਾ ਹੈ। ਅੱਜ ਜੇ ਪੰਜਾਬ ਦੀ ਸਿਆਸਤ ਮੁੜ ਸਿਰਫ਼ ਧਾਰਮਿਕ ਧਰੁੱਵੀਕਰਨ ਦੇ ਆਲੇ-ਦੁਆਲੇ ਘੁੰਮਣ ਲੱਗੀ, ਤਾਂ ਇਹ ਰਾਜ ਦੇ ਵਿਕਾਸ ਨੂੰ ਹੋਰ ਪਿੱਛੇ ਧੱਕ ਸਕਦੀ ਹੈ। ਅੱਜ "ਪੰਥ, ਪੰਜਾਬ ਅਤੇ ਪਾਵਰ ਪਾਲੀਟਿਕਸ" ਦਾ ਇਹ ਟਕਰਾਅ ਸਿਰਫ਼ ਮੌਜੂਦਾ ਵਿਵਾਦ ਨਹੀਂ। ਇਹ ਪੰਜਾਬ ਦੀ ਆਤਮਾ, ਉਸਦੀ ਰਾਜਨੀਤਿਕ ਦਿਸ਼ਾ ਅਤੇ ਭਵਿੱਖ ਦੀ ਲੜਾਈ ਹੈ। ਅੱਜ ਸਵਾਲ ਇਹ ਨਹੀਂ ਕਿ ਕੌਣ ਜਿੱਤੇਗਾ—ਸਰਕਾਰ ਜਾਂ ਪੰਥਕ ਧਿਰਾਂ।

ਸਵਾਲ ਇਹ ਹੈ ਕਿ ਕੀ ਪੰਜਾਬ ਹਾਰੇਗਾ?

ਅੱਜ ਇਹ ਟਕਰਾਅ ਅਹੰਕਾਰ ਅਤੇ ਰਾਜਨੀਤਿਕ ਲਾਭ ਦੀ ਦਿਸ਼ਾ ਵੱਲ ਗਿਆ, ਤਾਂ ਇਸਦਾ ਨੁਕਸਾਨ ਪੰਜਾਬ ਦੀ ਏਕਤਾ, ਆਰਥਿਕਤਾ ਅਤੇ ਸਮਾਜਕ ਸੰਤੁਲਨ ਨੂੰ ਹੋਵੇਗਾ ਪਰ ਜੇ ਇਸ ਵਿੱਚੋਂ ਸੰਵਾਦ, ਸਮਝਦਾਰੀ ਅਤੇ ਆਪਸੀ ਆਦਰ ਦਾ ਰਸਤਾ ਨਿਕਲਿਆ, ਤਾਂ ਇਹ ਪੰਜਾਬ ਲਈ ਨਵੀਂ ਸਿਆਸੀ ਅਤੇ ਸਮਾਜਕ ਪਰਿਪੱਕਤਾ ਦਾ ਮੋੜ ਵੀ ਬਣ ਸਕਦਾ ਹੈ। ਅੱਜ ਪੰਜਾਬ ਨੂੰ ਅੱਗ ਲਾਉਣ ਵਾਲੇ ਨਾਅਰਿਆਂ ਦੀ ਨਹੀਂ, ਜ਼ਖ਼ਮਾਂ ਨੂੰ ਭਰਨ ਵਾਲੀਆਂ ਆਵਾਜ਼ਾਂ ਦੀ ਲੋੜ ਹੈ।

### ਮਾਮਲਾ ਵੋਟਰ ਸੂਚੀਆਂ ਵਿੱਚੋਂ ਸਿੱਖਾਂ ਦੇ ਨਾਮ ਨਾਲੋਂ ਸਿੰਘ ਅਤੇ ਕੌਰ ਕੱਟਣ ਦਾ

# ਕੀ 2070 ਤੋਂ ਪਹਿਲਾਂ ਹੀ ਸਿੱਖੀ ਨੂੰ ਨਿਗਲ ਲੈਣਗੀਆਂ ਦੁਸ਼ਮਣ ਤਾਕਤਾਂ?

ਬਘੇਲ ਸਿੰਘ ਧਾਲੀਵਾਲ
99142-58142



ਪੰਜਾਬ ਅੰਦਰ ਨਗਰ ਕੌਂਸਲ ਅਤੇ ਨਗਰ ਨਿਗਮ ਚੋਣਾਂ ਲਈ ਜਾਰੀ ਕੀਤੀਆਂ ਸੋਧੀਆਂ ਵੋਟਰ ਸੂਚੀਆਂ ਨੇ ਨਵੇਂ ਵਿਵਾਦਾਂ ਨੂੰ ਜਨਮ ਦਿੱਤਾ ਹੈ। ਵੋਟਰ ਸੂਚੀਆਂ ਵਿੱਚ ਪਿਤਾ ਦੇ ਨਾਮ ਨਾਲ ਸਿੰਘ ਅਤੇ ਮਾਤਾ ਦੇ ਨਾਮ ਨਾਲ ਕੌਰ ਸ਼ਬਦ ਅਸਲੋਂ ਹੀ ਖਤਮ ਕਰ ਦਿੱਤਾ ਗਿਆ ਹੈ। ਇਸ ਨੂੰ ਤਕਨੀਕੀ ਗਲਤੀ ਕਹਿਕੇ ਨਾ ਹੀ ਸਬੰਧਤ ਅਮਲਾ ਪੱਲਾ ਝਾੜ ਸਕਦਾ ਹੈ ਅਤੇ ਨਾ ਹੀ ਪੀੜਤ ਸਿੱਖ ਕੌਮ ਨੂੰ ਇਸ ਬਜਰ ਗੁਨਾਹ ਨੂੰ ਤਕਨੀਕੀ ਗਲਤੀ ਸਵੀਕਾਰਨਾ ਚਾਹੀਦਾ ਹੈ, ਬਲਕਿ ਸਿੱਖਾਂ ਨੂੰ ਇਹ ਸਮਝਣ ਦੀ ਲੋੜ ਹੈ ਕਿ ਇਹ ਜਾਣ ਬੁੱਝ ਕੇ ਉਸ ਕੜੀ ਨੂੰ ਅੱਗੇ ਵਧਾਉਣ ਦੀ ਚਾਲ ਹੈ, ਜਿਸ ਦੇ ਤਹਿਤ ਸਿੱਖੀ ਨੂੰ 2070 ਤੱਕ ਖਤਮ ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ। ਪੰਜਾਬ ਦੇ ਸਿਆਸੀ, ਸਮਾਜਿਕ ਅਤੇ ਧਾਰਮਿਕ ਹਾਲਾਤਾਂ ਨੂੰ ਧਿਆਨ ਨਾਲ ਵੇਖੀਏ ਤਾਂ ਕਈ ਵਾਰ ਕੁਝ ਗੱਲਾਂ ਪਹਿਲਾਂ ਭਾਵੇਂ ਅਫਵਾਹਾਂ ਜਾਂ ਵਧਾ-ਚੜ੍ਹਾ ਕੇ ਕੀਤੇ ਦਾਅਵੇ ਜਾਪਦੀਆਂ ਹਨ, ਪਰ ਸਮੇਂ ਦੇ ਨਾਲ ਨਾਲ ਜਦੋਂ ਉਹੀ ਗੱਲਾਂ ਇੱਕ-ਇੱਕ ਕਰਕੇ ਹਕੀਕਤ ਦਾ ਰੂਪ ਧਾਰਨ ਕਰਨ ਲੱਗਦੀਆਂ ਹਨ ਤਾਂ ਫਿਰ ਉਹਨਾਂ ਨੂੰ ਨਜ਼ਰਅੰਦਾਜ਼ ਕਰਨਾ ਆਪਣੇ ਆਪ ਨਾਲ ਧੋਖਾ ਕਰਨ ਦੇ ਬਰਾਬਰ ਜਾਪਦਾ ਹੈ। ਦਹਾਕਿਆਂ ਤੋਂ ਅਜਿਹੇ ਦਾਅਵਿਆਂ ਸਬੰਧੀ ਚਰਚਾ ਬੜੇ ਜ਼ੋਰਾਂ ਨਾਲ ਚੱਲਦੀ ਆ ਰਹੀ ਹੈ ਕਿ ਨਾਗਪੁਰੀ ਤਾਕਤਾਂ ਦਾ ਇਹ ਮਿਥਿਆ ਏਜੰਡਾ ਹੈ ਕਿ 2070 ਤੱਕ ਸਿੱਖੀ ਦੀ ਵੱਖਰੀ ਹੋਂਦ ਨੂੰ ਖਤਮ ਕਰ ਦਿੱਤਾ ਜਾਵੇਗਾ। ਪ੍ਰੰਤੂ ਅਫਸੋਸ ! ਕਿ ਸਿੱਖਾਂ ਵੱਲੋਂ ਇਸ ਚਰਚਾ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ। ਵੱਖ ਵੱਖ ਰਾਸ਼ਟਰੀ ਪਾਰਟੀਆਂ ਨਾਲ ਜੁੜੇ ਰਾਜਨੀਤਕ ਸਿੱਖਾਂ ਨੇ ਇਸਨੂੰ ਸਿਰਫ਼ ਸਿਆਸੀ ਕੂੜ ਪ੍ਰਚਾਰ ਜਾਂ ਡਰ ਫੈਲਾਉਣ ਦੀ ਕੋਸ਼ਿਸ਼ ਕਹਿ ਕੇ ਆਪਣੇ ਮਨ ਨੂੰ ਦਿਲਾਸਾ ਦੇ ਲਿਆ। ਪਰ ਜਿਹੜੇ ਹਾਲਾਤ ਬਣਦੇ ਜਾ ਰਹੇ ਹਨ, ਉਹਨਾਂ ਨੂੰ ਵੇਖ ਕੇ ਜ਼ਰੂਰ ਇਹ ਖਦਸ਼ਾ ਜਾਪਦਾ ਹੈ ਕਿ ਸੱਚਮੁੱਚ ਕੋਈ ਲੰਬੀ ਯੋਜਨਾ ਤਹਿਤ ਸਿੱਖੀ ਦੀ ਵੱਖਰੀ ਪਛਾਣ ਨੂੰ ਖਤਮ ਕਰਨ ਦੀ ਕੋਸ਼ਿਸ਼ ਤਾਂ ਚੱਲ ਹੀ ਰਹੀ ਹੈ। ਕਦੇ ਸਿੱਖ ਇਤਿਹਾਸ ਨਾਲ ਛੇੜਛਾੜ ਹੁੰਦੀ ਹੈ, ਕਦੇ ਸਿੱਖੀ ਦੀ ਵੱਖਰੀ ਪਛਾਣ ਉੱਤੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ, ਕਦੇ ਗੁਰਦੁਆਰਾ ਪ੍ਰਬੰਧ ਵਿੱਚ ਦਖਲ ਅੰਦਾਜ਼ੀ ਅਤੇ ਹੁਣ ਹਾਲਾਤ ਇਥੋਂ ਤੱਕ ਪਹੁੰਚ ਗਏ ਹਨ ਕਿ ਸਿੱਖਾਂ ਦੇ ਨਾਮਾਂ ਨਾਲ ਜੁੜੇ "ਸਿੰਘ" ਅਤੇ "ਕੌਰ" ਵਰਗੇ ਸ਼ਬਦ ਵੀ ਹੌਲੀ-ਹੌਲੀ ਸਰਕਾਰੀ ਰਿਕਾਰਡਾਂ ਵਿੱਚੋਂ ਗਾਇਬ ਕੀਤੇ ਜਾਣ ਲੱਗ ਪਏ ਹਨ। ਕੁਝ ਸਮਾਂ ਪਹਿਲਾਂ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਰ ਸੂਚੀਆਂ ਤਿਆਰ ਕੀਤੀਆਂ ਗਈਆਂ ਸਨ ਤਾਂ ਉਸ ਵੇਲੇ ਵੀ ਬੜਾ ਵੱਡਾ ਵਿਵਾਦ ਖੜ੍ਹਾ ਹੋਇਆ ਸੀ। ਨਿਯਮਾਂ ਅਨੁਸਾਰ ਐਸਜੀਪੀਸੀ ਦੀ ਵੋਟ ਸਿਰਫ਼ ਉਸ ਵਿਅਕਤੀ ਦੀ ਬਣ ਸਕਦੀ ਹੈ ਜੋ ਗੁਰਸਿੱਖ ਹੋਵੇ ਅਤੇ ਜਿਸ ਦਾ ਸਿੱਖੀ ਨਾਲ ਸਪੱਸ਼ਟ ਸਬੰਧ ਹੋਵੇ। ਸਹਿਜਧਾਰੀ ਸਿੱਖਾਂ ਦੇ ਮਾਮਲੇ ਨੂੰ ਲੈ ਕੇ ਪਹਿਲਾਂ ਵੀ ਅਦਾਲਤੀ ਵਿਵਾਦ ਚੱਲਦੇ ਰਹੇ ਹਨ। ਪਰ ਜਿਹੜੀਆਂ ਨਵੀਆਂ ਵੋਟਰ ਸੂਚੀਆਂ ਤਿਆਰ ਕੀਤੀਆਂ ਗਈਆਂ, ਉਹਨਾਂ ਵਿੱਚ ਇਹ ਵੇਖਣ ਦੀ ਵੀ ਲੋੜ ਮਹਿਸੂਸ ਨਹੀਂ ਕੀਤੀ ਗਈ ਕਿ ਅਸਲ ਵਿੱਚ ਵੋਟਰ, ਸਿੱਖ ਹੈ ਵੀ ਜਾਂ ਨਹੀਂ। ਜਿਵੇਂ ਆਮ ਚੋਣਾਂ ਦੀਆਂ ਵੋਟਰ ਸੂਚੀਆਂ ਵਿੱਚ ਨਾਮ ਦਰਜ ਹਨ, ਲਗਭਗ ਉਹੀ ਨਾਮ ਚੁੱਕ ਕੇ ਐਸਜੀਪੀਸੀ ਦੀਆਂ ਵੋਟਰ ਸੂਚੀਆਂ ਵਿੱਚ ਸ਼ਾਮਲ ਕਰ ਦਿੱਤੇ ਗਏ। ਉਸ ਵੇਲੇ ਬਹੁਤ ਰੌਲਾ ਪਿਆ। ਪੰਥਕ ਜਥੇਬੰਦੀਆਂ ਨੇ ਇਸ ਮੁੱਦੇ ਨੂੰ ਚੁੱਕਿਆ, ਧਾਰਮਿਕ ਸੰਸਥਾਵਾਂ ਨੇ ਇਤਰਾਜ਼ ਜਤਾਏ। ਸੋਸ਼ਲ ਮੀਡੀਆ ਉੱਤੇ ਵੀ ਇਸ ਮਾਮਲੇ ਦੀ ਚਰਚਾ ਚੱਲੀ। ਪਰ ਹਮੇਸ਼ਾਂ ਦੀ ਤਰ੍ਹਾਂ ਕੁਝ ਦਿਨਾਂ ਬਾਅਦ ਉਹ ਮੁੱਦਾ ਠੰਡੇ ਬਸਤੇ ਵਿੱਚ ਪੈ ਗਿਆ। ਨਾ ਕੋਈ ਵੱਡਾ ਸੰਘਰਸ਼ ਹੋਇਆ, ਨਾ ਕਾਨੂੰਨੀ ਲੜਾਈ ਅੰਤ ਤੱਕ ਲੜੀ ਗਈ ਅਤੇ ਨਾ ਹੀ ਇਸ ਮਾਮਲੇ ਨੂੰ ਸਿੱਖ ਕੌਮ ਦੇ ਭਵਿੱਖ ਨਾਲ ਜੋੜ ਕੇ ਵੇਖਿਆ ਵਾਚਿਆ ਗਿਆ। ਇਹੀ ਸਿੱਖਾਂ ਦੀ ਸਭ ਤੋਂ ਵੱਡੀ ਕਮਜ਼ੋਰੀ ਹੈ ਕਿ ਹਰ ਮੁੱਦੇ ਉੱਤੇ ਥੋੜ੍ਹੇ ਸਮੇਂ ਲਈ ਭਾਵੁਕ ਤਾਂ ਹੋ ਜਾਂਦੇ ਹਨ,ਪਰ ਲੰਬੀ ਲੜਾਈ ਲੜਨ ਦਾ ਸਬਰ ਅਤੇ ਇਕਜੁੱਟਤਾ ਨਹੀਂ ਦਿਖਾਉਂਦੇ। ਹੁਣ ਜਿਹੜਾ ਨਵਾਂ ਮਾਮਲਾ ਸਾਹਮਣੇ ਆਇਆ ਹੈ, ਉਹ ਹੋਰ ਵੀ ਜ਼ਿਆਦਾ ਗੰਭੀਰ ਅਤੇ ਹੈਰਾਨ ਕਰਨ ਵਾਲਾ ਹੈ। ਨਗਰ ਕੌਂਸਲਾਂ, ਨਗਰ ਨਿਗਮਾਂ ਦੀਆਂ ਚੋਣਾਂ ਲਈ ਜਿਹੜੀਆਂ ਨਵੀਆਂ ਵੋਟਰ ਸੂਚੀਆਂ ਜਾਰੀ ਕੀਤੀਆਂ ਗਈਆਂ ਹਨ, ਉਹਨਾਂ ਵਿੱਚੋਂ ਸਿੰਘ ਅਤੇ ਕੌਰ ਸ਼ਬਦ ਗਾਇਬ ਹਨ। ਅਜਿਹਾ ਗੈਰ ਸਿੱਖਾਂ ਦੇ ਨਾਮਾਂ ਨਾਲ ਵੀ ਕੀਤਾ ਗਿਆ ਹੈ, ਤਾਂ ਕਿ ਸਿੱਖ ਪਛਾਣ ਨੂੰ ਰਲਗੱਡ ਕੀਤਾ ਜਾ ਸਕੇ, ਠੀਕ ਉਸਤਰ੍ਹਾਂ ਹੀ ਜਿਵੇਂ ਸਿੱਖੀ ਸਿਧਾਂਤਾਂ ਨੂੰ ਰਲਗੱਡ ਕਰਨ ਦੀ ਕੋਸ਼ਿਸ਼ ਹੋ ਰਹੀ ਹੈ। ਅਜਿਹਾ ਬਰਨਾਲਾ ਵਿੱਚ ਸਪੱਸ਼ਟ ਤੌਰ 'ਤੇ ਵੋਟਰ ਸੂਚੀਆਂ ਵਿੱਚ ਦੇਖਿਆ ਗਿਆ ਹੈ। ਇਹ ਕੋਈ ਛੋਟੀ ਗਲਤੀ ਨਹੀਂ ਅਤੇ ਨਾ ਹੀ ਕਿਸੇ ਦੋ ਚਾਰ ਨਾਵਾਂ ਨਾਲ ਕਾਂਟ ਸਾਂਟ ਦਾ ਮਾਮਲਾ ਹੈ ਬਲਕਿ ਇੱਕ ਇੱਕ ਵੋਟਰ ਸੂਚੀ ਵਿੱਚ ਤਕਰੀਬਨ ਸਾਰੇ ਹੀ ਵੋਟਰਾਂ ਨਾਲ ਅਜਿਹਾ ਕੀਤਾ ਗਿਆ ਹੈ। ਸਿੰਘ ਅਤੇ ਕੌਰ ਸਿਰਫ਼ ਨਾਮਾਂ ਦੇ ਹਿੱਸੇ ਨਹੀਂ, ਇਹ ਸਿੱਖੀ ਦੀ ਪਛਾਣ ਹਨ। ਇਹ ਉਹ ਮਾਣ ਹੈ, ਜਿਹੜਾ ਕੌਮ ਨੇ ਸੀਸ ਭੇਟ ਕਰਕੇ ਆਪਣੇ ਗੁਰੂ ਤੋਂ ਲਿਆ ਹੈ ਅਤੇ ਜਿਸ ਦੀ ਸਦੀਵੀਂ ਬਖਸ਼ਿਸ਼ ਦਸਵੇਂ ਪਾਤਸ਼ਾਹ ਨੇ ਸਿੱਖਾਂ ਨੂੰ ਕੀਤੀ ਹੋਈ ਹੈ। ਜੇਕਰ ਇਹੀ ਪਛਾਣ ਹੌਲੀ-ਹੌਲੀ ਸਰਕਾਰੀ ਦਸਤਾਵੇਜ਼ਾਂ ਵਿੱਚੋਂ ਮਿਟਾਈ ਜਾਣ ਲੱਗ ਪਏ ਤਾਂ ਇਹ ਸਿੱਖ ਕੌਮ ਨਾਲ ਬਹੁਤ ਵੱਡਾ ਧੋਖਾ ਹੈ ਅਤੇ ਸਿੱਖੀ ਦੀ ਹੋਂਦ ਨੂੰ ਮਿਟਾਉਣ ਵੱਲ ਪੁੱਟਿਆ ਗਿਆ ਇੱਕ ਕਦਮ ਹੈ। ਇਸਨੂੰ ਮਹਿਜ਼ ਤਕਨੀਕੀ ਗਲਤੀ ਨਹੀਂ ਕਿਹਾ ਜਾ ਸਕਦਾ, ਇਹ ਇੱਕ ਖਤਰਨਾਕ ਸੋਚ ਦਾ ਸਿੱਖੀ 'ਤੇ ਹਮਲਾ ਕਿਹਾ ਜਾ ਸਕਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਬਹੱਦ ਗੰਭੀਰ ਮਾਮਲੇ ਨੂੰ ਨਾ ਕਿਸੇ ਵੱਡੇ ਛੋਟੇ ਅਕਾਲੀ ਦਲ ਨੇ ਮੁੱਦਾ ਬਣਾਇਆ, ਨਾ ਟਕਸਾਲਾਂ ਨੇ ਖੁੱਲ੍ਹ ਕੇ ਆਵਾਜ਼ ਉਠਾਈ, ਨਾ ਸਿੱਖ ਸੰਪਰਦਾਵਾਂ ਨੇ, ਸਿੱਖ ਪਛਾਣ ਉੱਤੇ ਇਸ ਹਮਲੇ ਦੀ ਗੰਭੀਰਤਾ ਨੂੰ ਸਮਝਿਆ ਅਤੇ ਨਾ ਹੀ ਉਹ ਸਿੱਖ ਜਥੇਬੰਦੀਆਂ ਜਿਹੜੀਆਂ ਸਿੱਖ ਪਛਾਣ ਦੀ ਲੜਾਈ ਲੜ ਰਹੀਆਂ ਹਨ, ਉਹਨਾਂ ਵੱਲੋਂ ਅਜੇ ਤੱਕ ਕੋਈ ਪ੍ਰਤੀਕਰਮ ਸਾਹਮਣੇ ਆਇਆ ਹੈ। ਜੇ ਵੋਟਰ ਸੂਚੀਆਂ ਵਿੱਚੋਂ ਸਿੱਖਾਂ ਦੇ ਨਾਮਾਂ ਨਾਲੋਂ ਸਿੰਘ ਅਤੇ ਕੌਰ ਕੱਟੇ ਜਾਣ ਦੇ ਬਾਵਜੂਦ ਵੀ ਸਿੱਖ ਸਮਾਜ ਚੁੱਪ ਰਹਿੰਦਾ ਹੈ ਤਾਂ ਇਸ ਤੋਂ ਵੱਡੀ ਬੇਪਰਵਾਹੀ ਹੋਰ ਕੀ ਹੋ ਸਕਦੀ ਹੈ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਜੇ ਅੱਜ ਵੋਟਰ ਸੂਚੀਆਂ ਵਿੱਚੋਂ ਸਿੰਘ ਅਤੇ ਕੌਰ ਗਾਇਬ ਕੀਤੇ ਜਾ ਰਹੇ ਹਨ ਤਾਂ ਕੱਲ੍ਹ ਨੂੰ ਹੋਰ ਕਿਹੜੀਆਂ ਚੀਜ਼ਾਂ ਨੂੰ "ਸਧਾਰਣ ਪ੍ਰਕਿਰਿਆ" ਦੇ ਨਾਮ ਹੇਠ ਖਤਮ ਕੀਤਾ ਜਾਵੇਗਾ? ਪਹਿਲਾਂ ਸਿੱਖਾਂ ਦੀ ਵੱਖਰੀ ਪਛਾਣ ਉੱਤੇ ਸਵਾਲ ਖੜ੍ਹੇ ਕੀਤੇ ਜਾਂਦੇ ਹਨ, ਫਿਰ ਕਿਹਾ ਜਾਂਦਾ ਹੈ ਕਿ ਸਿੱਖ ਵੱਖਰਾ ਧਰਮ ਹੀ ਨਹੀਂ ਹੈ। ਸਿੱਖ ਇਤਿਹਾਸ ਨੂੰ ਹਿੰਦੂ ਇਤਿਹਾਸ ਦਾ ਹਿੱਸਾ ਦਿਖਾਉਣ ਦੀ ਕੋਸ਼ਿਸ਼ ਹੁੰਦੀ ਹੈ। ਸਿੱਖਾਂ ਦੀਆਂ ਸੰਸਥਾਵਾਂ ਵਿੱਚ ਦਖਲਅੰਦਾਜ਼ੀ ਹੁੰਦੀ ਹੈ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸਿੱਖਾਂ ਨੂੰ ਹਿੰਦੂਆਂ ਦਾ ਹਿੱਸਾ ਕਹਿਣ ਵਾਲੀਆਂ ਤਾਕਤਾਂ ਸਿੱਖ ਕੈਦੀਆਂ ਦੀ ਰਿਹਾਈ ਦੇ ਮਾਮਲੇ 'ਤੇ ਬਿਲਕੁਲ ਹੀ ਕਰੂਰ ਹੋ ਜਾਂਦੀਆਂ ਹਨ। ਲੜੀਵਾਰ ਹੋ ਰਹੀਆਂ ਬੇਅਦਬੀਆਂ ਦੇ ਮਾਮਲਿਆਂ ਵਿੱਚ ਇਨਸਾਫ਼ ਨਹੀਂ ਮਿਲਦਾ। ਇਹ ਸਾਰੀਆਂ ਘਟਨਾਵਾਂ ਨੂੰ ਜਦੋਂ ਇੱਕ ਲੜੀ ਵਿੱਚ ਪਰੋ ਕੇ ਵੇਖਿਆ ਜਾਂਦਾ ਹੈ ਤਾਂ ਤਸਵੀਰ ਬਹੁਤ ਡਰਾਉਣੀ ਬਣਦੀ ਹੈ। ਸਭ ਤੋਂ ਵੱਡਾ ਦੁੱਖ ਇਸ ਗੱਲ ਦਾ ਹੈ ਕਿ ਸਿੱਖ ਕੌਮ ਅੰਦਰੋਂ ਖਿੰਡ ਚੁੱਕੀ ਹੈ। ਕੋਈ ਅਕਾਲੀ ਦਲ ਦੇ ਨਾਮ ਉੱਤੇ ਲੜ ਰਿਹਾ ਹੈ, ਕੋਈ ਸੰਪਰਦਾ ਦੇ ਨਾਮ ਉੱਤੇ, ਕੋਈ ਟਕਸਾਲ ਦੇ ਨਾਮ ਉੱਤੇ, ਕੋਈ ਡੇਰੇ ਦੇ ਨਾਮ ਉੱਤੇ ਪਰੰਤੂ ਸਿੱਖੀ ਦੀ ਹੋਂਦ ਦੀ ਲੜਾਈ ਲੜਨ ਵਾਲਿਆਂ ਤੋਂ ਉਪਰੋਕਤ ਸਾਰੇ ਹੀ ਦਲ, ਸੰਪਰਦਾਵਾਂ ਦੂਰੀਆਂ ਬਣਾ ਕੇ ਰੱਖਦੇ ਹਨ। ਜਦੋਂ ਕੌਮ ਅੰਦਰੋਂ ਕਮਜ਼ੋਰ ਹੋ ਜਾਵੇ ਤਾਂ ਬਾਹਰੀ ਤਾਕਤਾਂ ਲਈ ਉਸਨੂੰ ਨਿਸ਼ਾਨਾ ਬਣਾਉਣਾ ਆਸਾਨ ਹੋ ਜਾਂਦਾ ਹੈ। ਅੱਜ ਸਿੱਖਾਂ ਨੂੰ ਸਭ ਤੋਂ ਵੱਡੀ ਲੋੜ ਇੱਕ ਸਾਂਝੇ ਪੰਥਕ ਏਜੰਡੇ ਦੀ ਹੈ। ਜੇਕਰ ਇਤਿਹਾਸ ਵੱਲ ਝਾਤ ਮਾਰੀ ਜਾਵੇ ਤਾਂ ਸਿੱਖੀ ਨੂੰ ਮਿਟਾਉਣ ਦੀਆਂ ਕੋਸ਼ਿਸ਼ਾਂ ਨਵੀਆਂ ਨਹੀਂ ਹਨ, ਬਲਕਿ ਹਿੰਦੁਸਤਾਨੀ ਤਖਤ 'ਤੇ ਬੈਠਣ ਵਾਲੇ ਸਾਰੇ ਹੀ ਹਾਕਮ ਸਿੱਖੀ ਦੀ ਪਛਾਣ ਤੋਂ ਤਹਿਕਦੇ ਰਹੇ ਹਨ। ਲਿਹਾਜ਼ਾ ਮੁਗਲ ਕਾਲ ਤੋਂ ਲੈ ਕੇ ਮੌਜੂਦਾ ਸਮੇਂ ਤੱਕ ਸਿੱਖ ਅਤੇ ਸਿੱਖੀ ਨੂੰ ਮਿਟਾਉਣ ਦੇ ਮਨਸੂਬੇ ਬਣਦੇ ਰਹੇ ਹਨ। ਪਰ ਸਿੱਖ ਪੁਰਖਿਆਂ ਵੱਲੋਂ ਦੁਸ਼ਮਣ ਤਾਕਤਾਂ ਦੀਆਂ ਚੁਣੌਤੀਆਂ ਨੂੰ ਸਵੀਕਾਰ ਕੇ ਇੱਕਜੁੱਟਤਾ ਨਾਲ ਦੁਸ਼ਮਣ ਨੂੰ ਭਾਂਜ ਦਿੱਤੀ ਜਾਂਦੀ ਰਹੀ ਹੈ। ਮੁਗਲਾਂ ਨੇ ਵੀ ਇਹੀ ਸੋਚਿਆ ਸੀ ਕਿ ਸਿੱਖਾਂ ਨੂੰ ਤਲਵਾਰ ਨਾਲ ਖਤਮ ਕਰ ਦਿੱਤਾ ਜਾਵੇਗਾ। ਅਫ਼ਗਾਨ ਹਮਲਾਵਰਾਂ ਨੇ ਵੀ ਇਹੀ ਸਮਝਿਆ ਸੀ। ਅੰਗਰੇਜ਼ਾਂ ਨੇ ਵੀ ਸਿੱਖਾਂ ਦੀ ਤਾਕਤ ਨੂੰ ਤੋੜਨ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਪਰ ਹਰ ਵਾਰ ਸਿੱਖ ਕੌਮ ਨੇ ਇਕੱਠੇ ਹੋ ਕੇ ਮੁਕਾਬਲਾ ਕੀਤਾ। ਪਰੰਤੂ ਮੌਜੂਦਾ ਸਮੇਂ ਦਾ ਖਤਰਾ ਪਹਿਲਾਂ ਨਾਲੋਂ ਵੱਖਰਾ ਹੈ, ਕਿਉਂਕਿ ਇਹ ਲੜਾਈ ਸਿੱਧੀ ਤਲਵਾਰ ਦੀ ਨਹੀਂ, ਸਗੋਂ ਸਾਜਿਸ਼ਾਂ ਤਹਿਤ ਹੌਲੀ-ਹੌਲੀ ਪਛਾਣ ਮਿਟਾਉਣ ਦੀ ਹੈ। ਜਦੋਂ ਕਿਸੇ ਕੌਮ ਦੀ ਭਾਸ਼ਾ, ਇਤਿਹਾਸ, ਸੰਸਥਾਵਾਂ ਅਤੇ ਪਛਾਣ ਨੂੰ ਕਮਜ਼ੋਰ ਕਰ ਦਿੱਤਾ ਜਾਵੇ ਤਾਂ ਉਹ ਕੌਮ ਦਾ ਵਜੂਦ ਖਤਮ ਹੋਣ ਦੇ ਆਸਾਰ ਖਤਰਨਾਕ ਹੱਦ ਤੱਕ ਵਧ ਜਾਂਦੇ ਹਨ। ਸਿੱਖ ਸੰਸਥਾਵਾਂ ਨੂੰ ਇਸ ਮਾਮਲੇ ਉੱਤੇ ਤੁਰੰਤ ਸੋਚਣਾ ਵਿਚਾਰਨਾ ਚਾਹੀਦਾ ਹੈ। ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਇਸ ਮਾਮਲੇ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੁੱਚੇ ਸਿੱਖ ਪੰਥ ਦੀ ਸਾਂਝੀ ਇਕੱਤਰਤਾ ਬੁਲਾਉਣੀ ਚਾਹੀਦੀ ਹੈ। ਕਾਨੂੰਨੀ ਮਾਹਿਰਾਂ ਦੀ ਟੀਮ ਬਣਾ ਕੇ ਇਸ ਨੂੰ ਕਨੂੰਨੀ ਨਜ਼ਰੀਏ ਤੋਂ ਵੀ ਵਾਚਣਾ ਚਾਹੀਦਾ ਹੈ। ਜਦੋਂ ਇਹ ਤਕਨੀਕੀ ਸ਼ਰਾਰਤ ਸ਼ਹਿਰੀ ਵੋਟਰ ਸੂਚੀਆਂ ਵਿੱਚ ਦੇਖੀ ਜਾ ਰਹੀ ਹੈ, ਤਾਂ ਸੁਭਾਵਿਕ ਹੈ ਕਿ ਪੇਂਡੂ ਵੋਟਰ ਸੂਚੀਆਂ ਵਿੱਚ ਵੀ ਅਜਿਹਾ ਕੀਤਾ ਗਿਆ ਹੋਵੇਗਾ। ਇਸ ਸਾਜਿਸ਼ ਨੂੰ ਬੇਨਕਾਬ ਕਰਨ ਲਈ ਸ਼ਹਿਰਾਂ ਤੋਂ ਲੈ ਕੇ ਪਿੰਡ ਪੱਧਰ ਤੱਕ ਜਾਗਰੂਕਤਾ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ ਕਿ ਹਰ ਸਿੱਖ ਆਪਣੇ ਸਰਕਾਰੀ ਦਸਤਾਵੇਜ਼ ਚੈੱਕ ਕਰੇ ਅਤੇ ਆਪਣੀ ਪਛਾਣ ਨਾਲ ਕਿਸੇ ਵੀ ਤਰ੍ਹਾਂ ਦੀ ਛੇੜਛਾੜ ਨੂੰ ਸਵੀਕਾਰ ਨਾ ਕਰੇ। ਇਸ ਨਾਲ ਨਾਲ ਸਿੱਖ ਨੌਜਵਾਨਾਂ ਨੂੰ ਵੀ ਸਮਝਣਾ ਪਵੇਗਾ ਕਿ ਸਿਰਫ਼ ਸੋਸ਼ਲ ਮੀਡੀਆ ਉੱਤੇ ਗੁੱਸਾ ਜਤਾਉਣ ਨਾਲ ਕੁਝ ਨਹੀਂ ਬਦਲਣਾ। ਜੇ ਪਛਾਣ ਬਚਾਉਣੀ ਹੈ ਤਾਂ ਪੜ੍ਹਨਾ ਪਵੇਗਾ, ਆਪਣੇ ਸ਼ਾਨਾਮੱਤੇ ਇਤਿਹਾਸ ਨੂੰ ਜਾਣਨਾ ਪਵੇਗਾ, ਕਾਨੂੰਨੀ ਹੱਕਾਂ ਦੀ ਸਮਝ ਲੈਣੀ ਪਵੇਗੀ ਅਤੇ ਇੱਕ ਅਨੁਸ਼ਾਸਿਤ ਕੌਮੀ ਤਾਕਤ ਵਜੋਂ ਜਥੇਬੰਦਕ ਰੂਪ ਵਿੱਚ ਖੜ੍ਹਨਾ ਲੜਨਾ ਪਵੇਗਾ। ਜਿਹੜੀ ਕੌਮ ਆਪਣੇ ਹੱਕਾਂ ਪ੍ਰਤੀ ਜਾਗਰੂਕ ਨਹੀਂ ਹੁੰਦੀ , ਉਸ ਦੀ ਪਛਾਣ ਖਤਮ ਹੋਣ ਨੂੰ ਦੇਰ ਨਹੀਂ ਲੱਗਦੀ। ਭਾਵੇਂ 2070 ਅਜੇ ਬਹੁਤ ਦੂਰ ਹੈ। ਪਰੰਤੂ ਜੇਕਰ ਸਿੱਖ ਕੌਮ ਨੇ ਆਪਣੀ ਪਾਟੋਧਾੜ, ਬੇਪਰਵਾਹੀ, ਲਾਲਸਾਵਾਂ ਅਤੇ ਮੌਕਾਪ੍ਰਸਤੀ ਨੂੰ ਨਾ ਛੱਡਿਆ ਤਾਂ ਖਦਸ਼ੇ ਇਹ ਵੀ ਜਤਾਏ ਜਾ ਰਹੇ ਹਨ ਕਿ ਫਿਰ ਉਹ ਤਾਕਤਾਂ ਆਪਣੇ ਮਨਸੂਬਿਆਂ ਵਿੱਚ ਮਿਥੇ ਟੀਚੇ ਤੋਂ ਪਹਿਲਾਂ ਵੀ ਕਾਮਯਾਬ ਹੋ ਸਕਦੀਆਂ ਹਨ। ਇਸ ਲਈ ਲੋੜ ਇਸ ਗੱਲ ਦੀ ਹੈ ਕਿ ਹਰ ਸਿੱਖ, ਹਰ ਜਥੇਬੰਦੀ, ਹਰ ਟਕਸਾਲ, ਹਰ ਸੰਪਰਦਾ ਅਤੇ ਹਰ ਪੰਥਕ ਧਿਰ ਆਪਣੀਆਂ ਨਿੱਜੀ ਲੜਾਈਆਂ ਤੋਂ ਉੱਪਰ ਉੱਠ ਕੇ ਸਿੱਖੀ ਦੀ ਵੱਖਰੀ ਹੋਂਦ ਦੀ ਰਾਖੀ ਲਈ ਸ੍ਰੀ ਅਕਾਲ ਤਖਤ ਸਾਹਿਬ ਦੀ ਰਹਿਨੁਮਾਈ ਹੇਠ ਇਕੱਠੀ ਹੋਵੇ। ਜਦੋਂ ਹੋਂਦ ਉੱਤੇ ਹੀ ਖਤਰਾ ਬਣ ਜਾਵੇ ਫਿਰ ਬਾਕੀ ਸਾਰੀਆਂ ਲੜਾਈਆਂ ਨੂੰ ਬੇਮਤਲਬ ਸਮਝ ਕੇ ਛੱਡ ਦੇਣਾ ਚਾਹੀਦਾ ਹੈ ਅਤੇ ਆਪਣੇ ਧਰਮ, ਆਪਣੀ ਕੌਮ ਅਤੇ ਆਪਣੀ ਵਿਲੱਖਣ ਵਿਚਾਰਧਾਰਾ ਨੂੰ ਬਚਾਉਣ ਲਈ ਇੱਕਜੁਟਤਾ ਨਾਲ ਦੁਸ਼ਮਣ ਤਾਕਤਾਂ ਦਾ ਟਾਕਰਾ ਕਰਨ ਦੇ ਸੁਹਿਰਦ ਯਤਨ ਤੁਰੰਤ ਅਰੰਭਣੇ ਚਾਹੀਦੇ ਹਨ।

ਕਮਲਜੀਤ ਸਿੰਘ ਬਨਵੈਤ
98147 34035



# ਪੰਥਕ ਧਿਰਾਂ ਆਪਸ ਵਿੱਚ ਹੋਈਆਂ ਤੜਿੰਗ

- ☛ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਅਤੇ ਵਾਰਿਸ ਪੰਜਾਬ ਦੇ ਵਿੱਚ ਸਿਆਸੀ ਗੱਠਜੋੜ ਦੀ ਗੱਲ ਟੁੱਟੀ, ਦੋਹਾਂ ਧਿਰਾਂ ਵੱਲੋਂ ਬਣਾਈਆਂ ਚਾਰ-ਚਾਰ ਮੈਂਬਰੀ ਕਮੇਟੀਆਂ ਭੰਗ
- ☛ ਵਾਰਿਸ ਪੰਜਾਬ ਦੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਦੋ ਨਵੰਬਰ ਦੇ ਹੁਕਮਨਾਮੇ ਅਨੁਸਾਰ ਨੈਤਿਕ ਆਧਾਰ ਗੁਆ ਚੁੱਕੇ ਨੇਤਾਵਾਂ ਨੂੰ ਦੂਰ ਰੱਖਣ ਲਈ ਦ੍ਰਿੜ, ਪੁਨਰ ਸੁਰਜੀਤ ਅਕਾਲੀ ਦਲ ਨੂੰ ਭਾਈ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨਣਾ ਨਹੀਂ ਖਾ ਰਿਹਾ ਵਾਰਾ
- ☛ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਦੋਹਾਂ ਧਿਰਾਂ ਵੱਲੋਂ ਸੱਤਾ ਨੇੜੇ ਨਾ ਆਉਂਦੀ ਦੇਖਦਿਆਂ ਫੜ ਲਿਆ ਹਾਕਮਾਂ ਦਾ ਪੱਲਾ।

ਅਕਸਰ ਕਿਹਾ ਜਾਂਦਾ ਰਿਹਾ ਹੈ ਕਿ ਸਿੱਖ ਰਲ ਕੇ ਸੰਘਰਸ਼ ਕਰ ਸਕਦੇ ਹਨ ਪਰ ਰਾਜ ਨਹੀਂ ਕਰ ਸਕਦੇ। ਹੁਣ ਇਹ ਕਥਨ ਵੀ ਝੂਠੇ ਪੈਂਦੇ ਲੱਗਦੇ ਹਨ। ਸੱਚ ਸਾਹਮਣੇ ਦਿਸਣ ਲੱਗਾ ਹੈ ਕਿ ਸਿੱਖ ਰਲ ਕੇ ਸੰਘਰਸ਼ ਕਰਨੋਂ ਵੀ ਕੱਚੇ ਪੈਣ ਲੱਗੇ ਹਨ। ਤਿੰਨ ਪ੍ਰਮੁੱਖ ਪੰਥਕ ਧਿਰਾਂ ਆਪਸ ਵਿੱਚ ਸਿਰ ਜੋੜ ਕੇ ਤੁਰ ਨਹੀਂ ਸਕੀਆਂ ਹਨ, ਰਲ ਕੇ ਰਾਜ ਪ੍ਰਾਪਤ ਕਰਨਾ ਤਾਂ ਦੂਰ ਦੀ ਗੱਲ ਹੋ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਈ ਚਿਰ ਪਹਿਲਾਂ ਆਪਣਾ ਵੱਖਰਾ ਰਸਤਾ ਅਖ਼ਤਿਆਰ ਕਰ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਲੀਹ ਤੋਂ ਤਾਂ ਉਸ ਤੋਂ ਵੀ ਕਈ ਚਿਰ ਪਹਿਲਾਂ ਲਹਿ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਤੋਂ ਬਾਅਦ ਵਾਰਿਸ ਪੰਜਾਬ ਦੇ ਪੰਥਕ ਜਥੇਬੰਦੀ ਦੇ ਪੈਰ ਲੱਗਣੇ ਸ਼ੁਰੂ ਹੋਏ। ਸ਼੍ਰੋਮਣੀ ਅਕਾਲੀ ਦਲ ਵਿੱਚੋਂ ਅੱਡ ਹੋਏ ਕਈ ਮੂਹਰਲੀ ਕਤਾਰ ਦੇ ਲੀਡਰਾਂ ਨੇ ਬਰਾਸਤਾ ਸੁਧਾਰ ਲਹਿਰ ਆਪਣਾ ਵੱਖਰਾ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਖੜ੍ਹਾ ਕਰ ਲਿਆ ਸੀ।

ਤਿੰਨੋਂ ਪੰਥਕ ਧਿਰਾਂ ਦੇ ਮੂੰਹ ਵਿੰਗੇ ਚਲਦੇ ਆ ਰਹੇ ਸਨ। ਪਿੱਛੇ ਜਿਹੇ ਪੁਨਰ ਸੁਰਜੀਤ ਅਕਾਲੀ ਦਲ ਅਤੇ ਵਾਰਿਸ ਪੰਜਾਬ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣ ਲੱਗ ਗਏ ਸਨ ਪਰ ਤਰੇੜਾਂ ਸ਼ੁਰੂ ਵਿੱਚ ਹੀ ਪੈ ਗਈਆਂ। ਮਨਸ਼ਾ ਤਿੰਨੋਂ ਪੰਥਕ ਧਿਰਾਂ ਦੀ ਸੱਤਾ ਉੱਤੇ ਕਾਬਜ਼ ਹੋਣ ਦੀ ਹੈ ਪਰ ਰਲ ਕੇ ਚੱਲਣ ਲਈ ਕੋਈ ਤਿਆਰ ਨਹੀਂ ਹਾਲਾਂਕਿ ਅੰਦਰੋਂ ਸਭ ਨੂੰ ਪਤਾ ਹੈ ਕਿ ਅੱਡ ਅੱਡ ਚੱਲਿਆਂ ਪੰਜਾਬੀਆਂ ਨੇ ਮੂੰਹ ਨਹੀਂ ਲਾਉਣਾ ਹੈ।

ਅਕਾਲੀ ਦਲ ਪੁਨਰ ਸੁਰਜੀਤ ਅਤੇ ਵਾਰਿਸ ਪੰਜਾਬ ਦੇ ਨੂੰ ਇੱਕ ਮੰਚ 'ਤੇ ਲਿਆਉਣ ਲਈ ਦਾਖਾ ਤੋਂ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਸਿਰ ਤੋੜ ਯਤਨ ਕਰ ਰਹੇ ਸਨ। ਉਹਨਾਂ ਦੇ ਯਤਨਾਂ ਨੂੰ ਬੂਰ ਨਹੀਂ ਪਿਆ। ਦੋਵੇਂ ਧਿਰਾਂ ਕੱਚੀਆਂ ਨਿਕਲੀਆਂ। ਦੋਵੇਂ ਧਿਰਾਂ ਮਿਲ ਜਾਂਦੀਆਂ ਤਾਂ ਸ਼ਾਇਦ ਪੰਜਾਬ ਵਿੱਚ ਬਣਨ ਵਾਲੀ ਅਗਲੀ ਸਰਕਾਰ ਦੀ ਤਸਵੀਰ ਵੱਖਰੀ ਹੁੰਦੀ। ਵਾਰਿਸ ਪੰਜਾਬ ਦੇ ਧੜੇ ਨੇ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅਤੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਨੂੰ ਮੁੱਖ ਮੰਤਰੀ ਦਾ ਚਿਹਰਾ ਐਲਾਨ ਦਿੱਤਾ ਸੀ, ਅਕਾਲੀ ਦਲ ਪੁਨਰ ਸੁਰਜੀਤ ਨੂੰ ਕਾਹਲ ਪਸੰਦ ਨਾ ਆਈ। ਦੂਜੇ ਬੰਨੇ ਵਾਰਿਸ ਪੰਜਾਬ ਦੇ ਨੈਤਿਕ ਆਧਾਰ ਗੁਆ ਚੁੱਕੇ ਲੀਡਰਾਂ ਨੂੰ ਮੂੰਹ ਲਾਉਣ ਨੂੰ ਤਿਆਰ ਨਹੀਂ ਹਨ। ਦੋ ਦਸੰਬਰ ਦੇ ਹੁਕਮਨਾਮੇ ਵਿੱਚ ਪੰਜ ਸਿੰਘ ਸਾਹਿਬਾਨ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਇਹ ਸਪੱਸ਼ਟ ਕਹਿ ਦਿੱਤਾ ਸੀ ਕਿ ਪੰਥ ਦੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਚੁੱਕੇ ਲੀਡਰ ਪਾਸੇ ਹੋ ਜਾਣ। ਨਾਲੇ ਆਪੋ ਆਪਣੇ ਚੁੱਲੇ ਵੀ ਸਮੇਟ ਲਏ ਜਾਣ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੁਕਮਨਾਮੇ ਨੂੰ ਅੱਧੇ ਰਾਹ ਪਿੱਠ ਦਿਖਾ ਗਏ। ਪੁਨਰ ਸਰਜੀਤ ਅਕਾਲੀ ਦਲ ਦੇ ਮੂਹਰਲੀ ਕਤਾਰ ਦੇ ਲੀਡਰਾਂ ਦੀ ਸੱਤਾ ਦੀ ਭੁੱਖ ਉੱਪਰ ਦੀ ਹੋ ਨਿਬੜੀ ਹੈ। ਸੁਖਬੀਰ ਸਿੰਘ ਬਾਦਲ ਦੇ ਕਿਸੇ ਸਮੇਂ ਨੇੜਕੂ ਰਹੇ ਸੁਰਜੀਤ ਸਿੰਘ ਰੱਖੜਾ ਨੇ ਪਹਿਲਾਂ ਪੁਨਰ ਸੁਰਜੀਤ ਅਕਾਲੀ ਦਲ ਦਾ ਹੱਥ ਫੜ ਲਿਆ ਅਤੇ ਹੁਣ ਆਮ ਆਦਮੀ ਪਾਰਟੀ ਵਿੱਚ ਜਾ ਰਲੇ ਹਨ। ਸਮਝਿਆ ਜਾ ਰਿਹਾ ਹੈ ਕਿ ਉਹਨਾਂ ਨੂੰ ਜਦੋਂ ਇਹ ਲੱਗਣ ਲੱਗਾ ਕਿ ਕਿਸੇ ਪਾਸੇ ਤੋਂ ਵੀ ਸੱਤਾ ਨੂੰ ਹੱਥ ਪੈਣ ਵਾਲਾ ਨਹੀਂ ਤਦ ਉਹਨਾਂ ਨੇ ਹਾਕਮਾਂ ਦੇ ਹੋਣ ਵਿੱਚ ਹੀ ਭਲਾ ਸਮਝਿਆ।

ਪੁਨਰ ਸੁਰਜੀਤ ਅਕਾਲੀ ਦਲ ਅਤੇ ਵਾਰਿਸ ਪੰਜਾਬ ਦੇ ਵੱਲੋਂ ਇੱਕੋ ਮੰਚ 'ਤੇ ਜੁੜਨ ਲਈ ਦੋਵੇਂ ਧਿਰਾਂ ਵੱਲੋਂ ਚਾਰ-ਚਾਰ ਮੈਂਬਰੀ ਕਮੇਟੀਆਂ ਬਣਾਈਆਂ ਗਈਆਂ ਸਨ। ਇਹਨਾਂ ਦੋਵੇਂ ਕਮੇਟੀਆਂ ਦਾ ਭੋਗ ਪੈ ਗਿਆ ਹੈ ਅਤੇ ਕੁਆਰਡੀਨੇਟਰ ਮਨਪ੍ਰੀਤ ਸਿੰਘ ਇਆਲੀ ਵੀ ਹਾਲ ਦੀ ਘੜੀ ਇੱਕ ਤਰ੍ਹਾਂ ਨਾਲ ਵਿਹਲੇ ਹੋ ਕੇ ਬੈਠ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਬਾਦਲ, ਪੁਨਰ ਸੁਰਜੀਤ ਅਕਾਲੀ ਦਲ ਅਤੇ ਵਾਰਿਸ ਪੰਜਾਬ ਦੇ ਆਪੋ ਆਪਣੀ ਡਫਲੀ ਵਜਾਉਂਦੇ ਰਹਿਣਗੇ। ਦੂਜੀਆਂ ਪੰਥਕ ਧਿਰਾਂ ਵਿਚ ਪਹਿਲਾਂ ਹੀ ਸਾਹ ਸੱਤ ਨਹੀਂ ਰਿਹਾ ਹੈ। ਇਸ ਸੂਰਤ ਵਿੱਚ ਪੰਜਾਬ ਦੀ ਧਰਤੀ ਉੱਤੇ ਬੇਗਾਨੇ ਰਾਜ ਕਰਨਗੇ, ਇਹਨਾਂ ਵਿੱਚ ਕਾਂਗਰਸ ਵੀ ਹੋ ਸਕਦੀ ਹੈ। ਭਾਜਪਾ ਵੀ ਤੇ ਆਮ ਆਦਮੀ ਪਾਰਟੀ ਵੀ। ਪੰਥਕ ਧਿਰਾਂ ਨੇ ਇੱਕ ਤਰ੍ਹਾਂ ਨਾਲ ਕੌਮੀ ਪਾਰਟੀਆਂ ਲਈ ਮੈਦਾਨ ਖ਼ਾਲੀ ਕਰ ਦਿੱਤਾ ਹੈ। ਜਿਸ ਨੂੰ ਪੰਜਾਬ ਦੀ ਬਦਕਿਸਮਤੀ ਅਤੇ ਖੇਤਰੀ ਪਾਰਟੀਆਂ ਦੀ ਨਾ ਸਮਝੀ ਜਾਂ ਬੇਸ਼ਰਮੀ ਕਿਹਾ ਜਾਣਾ ਬਣਦਾ ਹੈ।

ਇਤਿਹਾਸ ਵਿੱਚ ਇਹ ਵੀ ਸ਼ਾਇਦ ਪਹਿਲੀ ਵਾਰ ਹੈ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜਾਬ ਸਰਕਾਰ ਆਹਮੋ ਸਾਹਮਣੇ ਹੋਏ ਹਨ। ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਵੀ ਟਕਰਾਅ ਪਿੱਛੇ ਜਿਹੇ ਸ਼ੁਰੂ ਹੋਇਆ। ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2026 ਨੂੰ ਲੈ ਕੇ ਕੋਈ ਵੀ ਧਿਰ ਨੀਵੀਂ ਪੈਣ ਨੂੰ ਤਿਆਰ ਨਹੀਂ ਹੈ। ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਪੰਜਾਬ ਸਰਕਾਰ ਨੂੰ ਕਾਨੂੰਨ ਵਾਪਸ ਲੈਣ ਜਾਂ ਸੋਧ ਕਰਨ ਲਈ 15 ਦਿਨਾਂ ਦੀ ਮੋਹਲਤ ਦੇ ਚੁੱਕੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਥੇਦਾਰ ਨੂੰ ਦੋ ਟੂਕ ਸੁਣਾ ਦਿੱਤੀ ਸੀ ਪਰ ਹੁਣ ਵਿਧਾਇਕ ਨੂੰ ਵੀ ਪਿੰਡ ਪਿੰਡ ਜਾ ਕੇ ਨਵੇਂ ਐਕਟ ਦੇ ਹੱਕ ਵਿੱਚ ਪ੍ਰਚਾਰ ਕਰਨ ਦੀ ਮੱਤ ਦੇ ਦਿੱਤੀ ਹੈ। ਜਿਹੋ ਜਿਹੇ ਹਾਲਾਤ ਪੈਦਾ ਹੋ ਗਏ ਹਨ, ਰੱਬ ਭਲੀ ਕਰੇ। ਦੋਹਾਂ ਧਿਰਾਂ ਦੇ ਸਿਰ 'ਤੇ 2027 ਦੀਆਂ ਚੋਣਾਂ ਦਾ ਭੂਤ ਸਵਾਰ ਹੈ। ਬਸ ਸੱਤਾ ਚਾਹੀਦੀ ਹੈ ਪੰਜਾਬੀ ਢੱਠੇ ਖੂਹ ਵਿੱਚ। ਧਰਮ ਤੋਂ ਤਾਂ ਲੈਣਾ ਹੀ ਕੀ ਹੋਇਆ।

ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ ਦੋਫਾੜ ਨਹੀਂ ਹੋਇਆ। ਮਾਸਟਰ ਤਾਰਾ ਸਿੰਘ ਤੇ ਸੰਤ ਫਤਿਹ ਸਿੰਘ ਦਾ ਵੇਲਾ ਯਾਦ ਕਰ ਲਈਏ ਜਾਂ ਗੁਰਚਰਨ ਸਿੰਘ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਦੇ ਟਾਈਮ ਚੇਤੇ ਕਰ ਲਈਏ ਪੰਥ ਬਿਖਰਦਾ ਰਿਹਾ ਹੈ। ਪਰ ਪੰਥ ਵਿੱਚ ਤਰੇੜਾਂ ਜਿਸ ਤਰ੍ਹਾਂ ਹੁਣ ਪਈਆਂ ਹਨ, ਪਹਿਲਾਂ ਏਨਾ ਡੂੰਘਾ ਪਾੜਾ ਕਦੇ ਵੀ ਨਹੀਂ ਸੀ ਵਧਿਆ। ਤਿੰਨਾਂ ਧਿਰਾਂ ਵਿੱਚ ਪਈਆਂ ਲਕੀਰਾਂ ਹੋਰ ਗੂੜੀਆਂ ਹੋ ਰਹੀਆਂ ਹਨ। ਕੋਈ ਵੀ ਧਿਰ ਹਉਮੈ ਛੱਡਣ ਲਈ ਤਿਆਰ ਨਹੀਂ ਹੈ। ਰੂਹ ਵਿੱਚੋਂ ਮੈਂ ਵਿਸਰ ਨਹੀਂ ਰਹੀ ਹੈ। ਜੇ ਵਿਸਰਿਆ ਹੈ ਤਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ। ਵਿਸਰਿਆ ਹੈ ਤਾਂ ਪੰਥ, ਵਿਸਰੇ ਹਨ ਤਾਂ ਸਿਧਾਂਤ। ਵਿਸਰੇ ਹਨ ਲੋਕ ਮਸਲੇ। ਬਸ ਦਿਸਦੀ ਹੈ ਤਾਂ ਕੁਰਸੀ, ਜਿਹੜੀ ਕਿ ਹਉਮੈ ਦੇ ਚਲਦਿਆਂ ਹੱਥ ਹੀ ਨਹੀਂ ਆਉਣੀ, ਸਭ ਤੋਂ ਵੱਡਾ ਦੁੱਖ ਤਾਂ ਇਹ ਕਿ ਇਸ ਲੜਾਈ ਵਿੱਚ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦਾ ਕੱਦ ਘਟਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਰ ਬਦਨਾਮ ਹੋਈ ਹੈ। ਲੋਕ ਮਨਾਂ ਵਿੱਚ ਕਦਰ ਨਹੀਂ ਰਹੀ ਨਾ ਸਿਆਸੀ ਲੀਡਰਾਂ ਦੀ ਅਤੇ ਨਾ ਹੀ ਪੰਥਕ ਨੇਤਾਵਾਂ ਦੀ। ਇਸ ਨਾਲੋਂ ਹੋਰ ਵੱਡਾ ਦੁਖਾਂਤ ਹਾਲੇ ਕਿਹੜਾ ਦੇਖਣ ਨੂੰ ਰਹਿ ਗਿਆ।

# ਕਿਸਾਨਾਂ ਵੱਲੋਂ ਸਰਕਾਰਾਂ ਵਿਰੁੱਧ ਰੋਹ ਭਰਿਆ ਪ੍ਰਦਰਸ਼ਨ

ਗੜ੍ਹਸ਼ੰਕਰ, 18 ਮਈ (ਅਜਮੇਰ ਸਿੰਘ ਭਨੋਟ): ਅੱਜ ਕੁੱਲ ਹਿੰਦ ਕਿਸਾਨ ਸਭਾ ਤਹਿਸੀਲ ਗੜ੍ਹਸ਼ੰਕਰ ਵੱਲੋਂ ਸ਼ਹੀਦ ਭਗਤ ਸਿੰਘ ਦੇ ਬੁੱਤ ਤੇ ਪੁਰਾਣੇ ਬੱਸ ਸਟੈਂਡ 'ਤੇ ਇਕੱਤਰ ਕਿਸਾਨਾਂ ਵੱਲੋਂ ਰੋਹ ਭਰਿਆ ਪ੍ਰਦਰਸ਼ਨ ਕੇਂਦਰ ਸਰਕਾਰ ਤੇ ਪੰਜਾਬ ਦੇ ਗਵਰਨਰ ਦੇ ਵਿਰੁੱਧ ਨਾਅਰੇ ਲਗਾਏ ਤੇ ਇਨ੍ਹਾਂ ਦੇ ਪੁਤਲੇ ਫੂਕੇ ਗਏ। ਕੱਲ੍ਹ ਸੰਯੁਕਤ ਕਿਸਾਨ ਮੋਰਚੇ ਵੱਲੋਂ ਗਵਰਨਰ ਪੰਜਾਬ ਵੱਲ ਅਮਨ ਪੂਰਵਕ ਰੋਸ ਮਾਰਚ ਕਰਦੇ ਕਿਸਾਨਾਂ 'ਤੇ ਇੱਕ ਇਸ਼ਾਰੇ ਉੱਤੇ ਪੁਲਿਸ ਤੇ ਸੁਰੱਖਿਆ ਬਲਾਂ ਵੱਲੋਂ ਅੱਥਰੂ ਗੈਸ ਪਾਣੀ ਦੀਆਂ ਬੁਛਾੜਾਂ ਲਾਠੀਚਾਰਜ ਕੀਤੇ ਗਏ, ਜਿੱਸ ਵਿੱਚ ਮੰਗਾਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਨੁਮਾਇੰਦਗੀ ਖ਼ਤਮ ਕਰਨ ਦੇ ਵਿਰੋਧ ਵਿੱਚ ਸੀ ਤੇ ਪਾਣੀ ਨਾਲ ਸਬੰਧਤ ਤੇ ਚੰਡੀਗੜ੍ਹ ਰਾਜਧਾਨੀ ਪੰਜਾਬ ਨੂੰ ਦੇਣ ਸਬੰਧੀ ਆਦਿ ਮੰਗਾਂ ਸਨ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਸੂਬਾਈ ਸਕੱਤਰ ਗੁਰਨੇਕ ਸਿੰਘ ਭੱਜਲ ਸੂਬਾਈ ਮੀਤ ਪ੍ਰਧਾਨ ਦਰਸ਼ਨ ਸਿੰਘ ਮੱਟੂ ਸਭਾ ਦੇ ਜ਼ਿਲ੍ਹਾ ਪ੍ਰਧਾਨ ਚੌਧਰੀ ਅੱਛਰ ਸਿੰਘ ਸੁਭਾਸ਼ ਮੱਟੂ ਮਹਿੰਦਰ ਕੁਮਾਰ ਬਡੋਆਣ ਰਵਿੰਦਰ ਕੁਮਾਰ ਨੀਟਾ ਪ੍ਰੇਮ ਸਿੰਘ ਰਾਣਾ ਕਸ਼ਮੀਰ ਸਿੰਘ ਨਿਰਮਲ ਸਿੰਘ ਮੱਟੂ ਸਰਬਜੀਤ ਸਿੰਘ ਅਮਰਜੀਤ ਸਿੰਘ ਕੁੱਲੇ ਵਾਲ ਬਲਵੀਰ ਸਿੰਘ ਬੋੜਾ ਸਰਜੀਤ ਸਿੰਘ ਬਲਵੀਰ ਸਿੰਘ ਭੂਰਾ ਬਲਦੇਵ ਰਾਜ ਬਿੱਲਾ ਝਲਮਨ ਸਿੰਘ ਕੂੰਨਰ ਝਲਮਨ ਸਿੰਘ ਬੈਂਸ ਸੁਖਵਿੰਦਰ ਸਿੰਘ ਗੜ੍ਹੀ ਮੱਟੋ ਜੋਗਿੰਦਰ ਸਿੰਘ ਕੁੱਲੇਵਾਲ ਆਦਿ ਹਾਜ਼ਰ ਸਨ।

# ਢੱਲਾ ਜਿਊਲਰ ਦੀ ਦੁਕਾਨ 'ਤੇ ਅਣਪਛਾਤਿਆਂ ਵਿਅਕਤੀਆਂ ਨੇ ਗੋਲੀਆਂ ਚਲਾਈਆਂ

ਚੌਕ ਮਹਿਤਾ, 18 ਮਈ (ਬਲਜਿੰਦਰ ਸਿੰਘ ਰੰਧਾਵਾ): ਥਾਣਾ ਮਹਿਤਾ ਅਧੀਨ ਕਸਬਾ ਨਾਥ ਦੀ ਖੂਹੀ ਵਿਖੇ ਢੱਲਾ ਜਿਊਲਰ ਨਾਂ ਦੀ ਦੁਕਾਨ 'ਤੇ ਅੱਜ ਸ਼ਾਮ ਕਰੀਬ 6.32 ਵਜੇ ਅਣਪਛਾਤਿਆਂ ਵੱਲੋਂ ਗੋਲੀਆਂ ਚਲਾਉਣ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਗਿਆ। ਇਸ ਵਾਰਦਾਤ ਦੇ ਇਕਦਮ ਬਾਅਦ ਕਸਬਾ ਨਾਥ ਦੀ ਖੂਹੀ ਤੇ ਨਾਲ ਲੱਗਦੇ ਇਲਾਕੇ ਅੰਦਰ ਲੋਕਾਂ ਦੇ ਵਿੱਚ ਡਰ ਤੇ ਸਹਿਮ ਦਾ ਮਾਹੌਲ ਦੇਖਣ ਨੂੰ ਮਿਲਿਆ। ਘਟਨਾ ਦੀ ਖ਼ਬਰ ਸੁਣਦਿਆਂ ਹੀ ਥਾਣਾ ਮਹਿਤਾ ਦੇ ਐਸ.ਐਚ.ਓ. ਜਸਦੀਪ ਸਿੰਘ ਨੇ ਪੁਲਿਸ ਪਾਰਟੀ ਸਮੇਤ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ ਤੇ ਇਸ ਮਾਮਲੇ ਦੀ ਛਾਣਬੀਣ ਸ਼ੁਰੂ ਕਰ ਦਿੱਤੀ। ਜ਼ਿਕਰਯੋਗ ਹੈ ਕਿ ਵਾਰਦਾਤ ਮੌਕੇ ਜਿਊਲਰ ਦੀ ਦੁਕਾਨ ਦਾ ਸ਼ਟਰ ਬੰਦ ਸੀ। ਇਸ ਦੌਰਾਨ ਇੱਕ ਕਾਲੇ ਰੰਗ ਦੇ ਮੋਟਰਸਾਈਕਲ 'ਤੇ ਸਵਾਰ 2 ਨਕਾਬਪੋਸ਼ ਨੌਜਵਾਨ ਆਏ, ਜਿਨ੍ਹਾਂ ਨੇ ਦੁਕਾਨ ਦੇ ਸਾਹਮਣੇ



ਮੋਟਰਸਾਈਕਲ ਰੋਕ ਕੇ ਦੁਕਾਨ ਦੇ ਸ਼ਟਰ 'ਚ ਸਿੱਧੀਆਂ ਗੋਲੀਆਂ ਮਾਰੀਆਂ ਤੇ ਤੁਰੰਤ ਉਥੋਂ ਫਰਾਰ ਹੋ ਗਏ। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਪਿੰਡ ਮਹਿਸਮਪੁਰ ਕਲਾਂ ਦੇ ਇੱਕ 17 ਸਾਲਾਂ ਨੌਜਵਾਨ ਨੂੰ ਸ਼ਰੇਆਮ ਗੋਲੀਆਂ ਮਾਰ ਕੇ ਕਤਲ ਕਰ ਦੇਣ ਦੀ ਘਟਨਾ ਵਾਪਰੀ ਸੀ। ਇਲਾਕੇ ਦੇ ਲੋਕ ਅਜੇ ਉਸ ਦਹਿਸ਼ਤ ਵਿਚੋਂ ਬਾਹਰ ਨਹੀਂ ਨਿਕਲੇ ਸਨ। ਇਸ ਸਬੰਧੀ ਐਸ.ਐਚ.ਓ. ਜਸਦੀਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਰੀਬ 7:30 ਵਜੇ ਇੱਕ ਦੁਕਾਨ ਦੇ ਸ਼ਟਰ 'ਤੇ ਫਾਇਰਿੰਗ ਦੀ ਘਟਨਾ ਸਾਹਮਣੇ ਆਈ ਹੈ। ਇਸ ਸਬੰਧ ਵਿੱਚ ਥਾਣਾ ਮਹਿਤਾ ਵਿਖੇ ਐਫ.ਆਈ.ਆਰ. ਦਰਜ ਲਈ ਗਈ ਹੈ। ਦੋਸ਼ੀਆਂ ਦੀ ਪਹਿਚਾਣ ਤੇ ਗ੍ਰਿਫਤਾਰੀ ਲਈ ਪੁਲਿਸ ਵੱਲੋਂ ਲਗਾਤਾਰ ਕਾਰਵਾਈ ਕੀਤੀ ਜਾ ਰਹੀ ਹੈ। ਦੋਸ਼ੀਆਂ ਨੂੰ ਜਲਦ ਹੀ ਗ੍ਰਿਫਤਾਰ ਕਰਕੇ ਕਾਨੂੰਨ ਅਨੁਸਾਰ ਸਲਾਖਾਂ ਪਿੱਛੇ ਭੇਜਿਆ ਜਾਵੇਗਾ।

# ਨਗਰ ਕੌਂਸਲ ਦੇ ਇੰਪਲਾਈਜ਼ ਯੂਨੀਅਨ ਦੀ ਹੜਤਾਲ 13ਵੇਂ ਦਿਨ ਵੀ ਜਾਰੀ

ਦਸੂਹਾ, 18 ਮਈ (ਰਾਜਿੰਦਰ ਸਿੰਘ ਦਸੂਹਾ): ਨਗਰ ਕੌਂਸਲ ਦੇ ਇੰਪਲਾਈਜ਼ ਯੂਨੀਅਨ ਦੁਆਰਾ ਹੜਤਾਲ 'ਤੇ ਬੈਠਿਆਂ 13ਵਾਂ ਦਿਨ ਹੋ ਗਿਆ ਹੈ। ਯੂਨੀਅਨ ਲੀਡਰ ਸਿਕੰਦਰ ਮਲਿਕ, ਸਿਕੰਦਰ ਸਹੋਤਾ, ਦੀਪਕ ਥਾਪਰ ਤੇ ਸਰਵਣ ਸਿੰਘ ਨੇ ਦੱਸਿਆ ਕਿ ਅੱਜ ਕੱਲ੍ਹ ਇਹ ਬਹੁਤ ਅਫਵਾਹਾਂ ਫੈਲ ਰਹੀਆਂ ਹਨ ਕਿ ਮੁਲਾਜ਼ਮਾਂ ਦੀਆਂ ਮੰਗਾਂ ਸਰਕਾਰ ਦੁਆਰਾ ਮਨ ਲਈਆਂ ਗਈਆਂ ਹਨ ਪਰ ਇਹ ਸਭ ਝੂਠ ਹੈ। ਜਦ ਤੱਕ ਸਰਕਾਰ ਕੋਈ ਨੋਟੀਫਿਕੇਸ਼ਨ



ਜਾਰੀ ਨਹੀਂ ਕਰਦੀ ਉਦੋਂ ਤੱਕ ਜਥੇਬੰਦੀ ਵੱਲੋਂ ਹੜਤਾਲ ਜਾਰੀ ਰਹੇਗੀ। ਅੱਜ ਹਰਪਾਲ ਸਿੰਘ ਚੀਮਾ ਤੇ ਲੋਕਲ ਬਾਡੀ ਮੰਤਰੀ ਡਾ. ਰਵਜੋਤ ਸਿੰਘ ਨਾਲ ਮੁਲਾਜ਼ਮ ਸੰਘਰਸ਼ ਕਮੇਟੀ ਦੇ ਲੀਡਰਾਂ ਦੀ ਮੀਟਿੰਗ ਰੱਖੀ ਗਈ ਹੈ। ਭਰੋਸਾ ਕਰਦੇ ਹਾਂ ਕਿ ਸਰਕਾਰ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਨੂੰ ਮਨ ਲਵੇਗੀ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਹੜਤਾਲ ਇਸੇ ਤਰ੍ਹਾਂ ਜਾਰੀ ਰਹੇਗੀ। ਸਿਕੰਦਰ ਮਲਿਕ ਨੇ ਕਿਹਾ ਕਿ ਸਰਕਾਰ ਨੂੰ ਇਹ ਵੀ ਪਤਾ ਹੈ ਕਿ ਜਗ੍ਹਾ ਜਗ੍ਹਾ ਕੂੜੇ ਦੇ ਢੇਰ ਲੱਗੇ ਹੋਏ ਹਨ, ਘਰਾਂ ਵਿੱਚ ਵੀ 13 ਦਿਨ ਤੋਂ ਕੂੜਾ ਇਕੱਠਾ ਹੋਇਆ ਪਿਆ ਹੈ ਤੇ ਲੋਕ ਹਨ੍ਹੇਰੇ-ਸਵੇਰੇ ਕੂੜਾ ਇਕੱਠਾ ਕਰਕੇ ਬਾਹਰ ਸੁੱਟ ਆਉਂਦੇ ਹਨ। ਗੰਦਗੀ ਇਕੱਠੀ ਹੋਣ ਕਾਰਨ ਬਿਮਾਰੀ ਫੈਲਣ ਦਾ ਡਰ ਬਣਿਆ ਹੋਇਆ ਹੈ। ਇਸ ਹੜਤਾਲ ਵਿੱਚ ਸੰਦੀਪ ਬਾਹਰੀ, ਪਰਮਿੰਦਰ ਸਿੰਘ, ਕਰਨ ਹੰਸਰਾਜ, ਪੂਜਾ, ਕੁਲਬੀਰ ਕੌਰ, ਤਰਸੇਮ ਲਾਲ ਆਦਿ ਸ਼ਾਮਲ ਸਨ।

# ਪੰਥਕ ਹਲਕੇ ਸ੍ਰੀ ਹਰਿਗੋਬਿੰਦਪੁਰ ਸਾਹਿਬ 'ਚ ਅਕਾਲੀ ਦਲ ਦੀ ਪਕੜ ਕਮਜ਼ੋਰ

### ☛ 11 ਵਾਰਡਾਂ 'ਚ ਸਿਰਫ਼ 3 ਉਮੀਦਵਾਰ ਉਤਾਰ ਸਕਿਆ ਸ਼੍ਰੋਮਣੀ ਅਕਾਲੀ ਦਲ, ਵਰਕਰਾਂ 'ਚ ਚਰਚਾਵਾਂ 'ਤੇ ਸਵਾਲ

ਬਟਾਲਾ/ਸ੍ਰੀ ਹਰਿਗੋਬਿੰਦਪੁਰ ਸਾਹਿਬ, 18 ਮਈ (ਬਲਵਿੰਦਰ ਸਿੰਘ ਪੰਜਗਰਾਈਂ): ਕਦੇ ਸ਼੍ਰੋਮਣੀ ਅਕਾਲੀ ਦਲ ਦਾ ਮਜ਼ਬੂਤ ਕਿਲ੍ਹਾ ਮੰਨੇ ਜਾਂਦੇ, ਪੰਥਕ ਹਲਕੇ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿੱਚ ਇਸ ਵਾਰ ਪਾਰਟੀ ਦੀ ਸਥਿਤੀ ਕਾਫੀ ਕਮਜ਼ੋਰ ਨਜ਼ਰ ਆ ਰਹੀ ਹੈ। ਭਾਵੇਂ ਪਾਰਟੀ ਵੱਲੋਂ ਨਗਰ ਕੌਂਸਲ ਤੇ ਨਗਰ ਨਿਗਮ ਚੋਣਾਂ ਵਿੱਚ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰਨ ਦੇ ਵੱਡੇ ਵੱਡੇ ਦਾਅਵੇ ਕੀਤੇ ਗਏ ਸਨ, ਪਰ ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਸ੍ਰੀ ਹਰਿਗੋਬਿੰਦਪੁਰ ਸਾਹਿਬ ਵਿੱਚ 11 ਵਾਰਡਾਂ ਲਈ ਚੋਣਾਂ ਹੋ ਰਹੀਆਂ ਹਨ, ਪਰ ਸ਼੍ਰੋਮਣੀ ਅਕਾਲੀ ਦਲ ਸਿਰਫ਼ 3 ਉਮੀਦਵਾਰ ਹੀ ਮੈਦਾਨ ਵਿੱਚ ਉਤਾਰ ਸਕਿਆ ਹੈ, ਇਸ ਨੂੰ ਲੈ ਕੇ ਪਾਰਟੀ ਦੇ ਅੰਦਰ ਤੇ ਸਿਆਸੀ ਗਲਿਆਰਿਆਂ ਵਿੱਚ ਚਰਚਾਵਾਂ ਦਾ ਦੌਰ ਤੇਜ਼ ਹੋ ਗਿਆ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਗਾਤਾਰ ਇਹ ਦਾਅਵਾ ਕਰ ਰਹੇ ਹਨ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਅੰਦਰ ਅਕਾਲੀ ਦਲ ਦੀ ਸਰਕਾਰ ਬਣੇਗੀ। ਪਰ ਹਲਕਾ ਪੱਧਰ 'ਤੇ ਪਾਰਟੀ ਦੀ ਮੌਜੂਦਾ ਹਾਲਤ ਨੇ ਕਈ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਿਆਸੀ ਜਾਣਕਾਰਾਂ ਦਾ ਮੰਨਣਾ ਹੈ ਕਿ ਪਾਰਟੀ ਨੂੰ ਆਪਣੇ ਹਲਕਾ ਇੰਚਾਰਜਾਂ ਦੀ ਕਾਰਗੁਜ਼ਾਰੀ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ, ਕਿਉਂਕਿ ਕਈ ਥਾਵਾਂ 'ਤੇ ਇੰਚਾਰਜ ਪਾਰਟੀ ਨੂੰ ਮਜ਼ਬੂਤ ਕਰਨ ਦੀ ਬਜਾਏ ਆਪਣੇ-ਆਪਣੇ ਧੜੇ ਮਜ਼ਬੂਤ ਕਰਨ ਵਿੱਚ ਹੀ ਲੱਗੇ ਹੋਏ ਹਨ। ਜਿਸ ਕਾਰਨ ਜ਼ਮੀਨੀ ਵਰਕਰ ਆਪਣੇ-ਆਪ ਨੂੰ ਅਣਗੌਲਿਆ ਮਹਿਸੂਸ ਕਰ ਰਹੇ ਹਨ। ਇਸ ਮੌਕੇ ਇਹ ਵੀ ਦੇਖਣ ਵਿੱਚ ਆਇਆ ਕਿ ਤਿੰਨ ਉਮੀਦਵਾਰ ਮੈਦਾਨ ਵਿੱਚ ਉਤਾਰੇ ਹਨ, ਉਨ੍ਹਾਂ ਵਿੱਚ ਦੋ ਉਮੀਦਵਾਰ ਹੋਰ ਪਾਰਟੀ ਤੋਂ ਉਧਾਰੇ ਲਏ ਗਏ ਹਨ। ਇਨ੍ਹਾਂ ਦੋ ਉਮੀਦਵਾਰਾਂ ਨੂੰ ਰਸਮੀ ਤੌਰ 'ਤੇ ਪਾਰਟੀ ਵਿਚ ਸ਼ਾਮਲ ਵੀ ਨਹੀਂ ਕੀਤਾ ਗਿਆ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਪਾਰਟੀ ਹਾਈਕਮਾਂਡ ਇਸ ਕਮਜ਼ੋਰ ਪ੍ਰਦਰਸ਼ਨ ਤੋਂ ਬਾਅਦ ਕੋਈ ਵੱਡਾ ਫੈਸਲਾ ਲੈਂਦੀ ਹੈ ਜਾਂ ਫਿਰ ਆਉਣ ਵਾਲੀਆਂ 2027 ਦੀਆਂ ਚੋਣਾਂ ਤੋਂ ਪਹਿਲਾਂ ਤੱਕ ਵੀ ਇਹੀ ਸਥਿਤੀ ਬਣੀ ਰਹੇਗੀ।

# ਲੋਕਾਂ ਦਾ ਪਿਆਰ ਤੇ ਵਿਸ਼ਵਾਸ ਮੇਰੀ ਤਾਕਤ, ਹਲਕੇ ਨੂੰ ਵਿਕਾਸ ਪੱਖੋਂ ਬਣਾਇਆ ਜਾ ਰਿਹੈ ਨੰਬਰ ਵੰਨ: ਵਿਧਾਇਕ ਅਮਰਪਾਲ ਸਿੰਘ



ਬਟਾਲਾ, 18 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਡਾ. ਸਤਨਾਮ ਸਿੰਘ ਸੰਧੂ): ਹਲਕੇ ਦੇ ਲੋਕਾਂ ਦਾ ਪਿਆਰ ਤੇ ਵਿਸ਼ਵਾਸ ਹੀ ਮੇਰੀ ਅਸਲੀ ਤਾਕਤ ਹੈ ਤੇ ਇਸੇ ਤਾਕਤ ਦੇ ਸਹਾਰੇ ਹੀ ਮੈਂ ਹਲਕੇ ਨੂੰ ਵਿਕਾਸ ਪੱਖੋਂ ਸੂਬੇ ਦਾ ਨੰਬਰ ਵਨ ਹਲਕਾ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਤੇ ਇਸ ਵਕਤ ਵੀ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਵਿਕਾਸ ਕਾਰਜ ਨਿਰੰਤਰ ਜਾਰੀ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਡ. ਅਮਰਪਾਲ ਸਿੰਘ ਕਿਸ਼ਨਕੋਟ ਨੇ ਨਗਰ ਪੰਜਗਰਾਈਆਂ ਵਿਖੇ ਵੱਖ-ਵੱਖ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖਣ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਹਰਿਗੋਬਿੰਦਪੁਰ ਸਾਹਿਬ ਹਲਕੇ ਅੰਦਰ ਚਹੁੰਪੱਖੀ ਵਿਕਾਸ ਕੰਮ ਪਾਰਦਰਸ਼ੀ ਢੰਗ ਨਾਲ ਕਰਵਾਏ ਜਾ ਰਹੇ ਹਨ ਤੇ ਪਿੰਡਾਂ ਅੰਦਰ ਵਿਕਾਸ ਕੰਮ ਪੂਰੀ ਤੇਜ਼ੀ ਨਾਲ ਚੱਲ ਰਹੇ ਹਨ। ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ ਤਾਂ ਜੋ ਨੌਜਵਾਨ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਸਕਣ। ਉਨ੍ਹਾਂ ਅੱਗੇ ਕਿਹਾ ਕਿ ਪਿੰਡਾਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਦੇ ਕੰਮ ਕਰਵਾਏ ਗਏ ਹਨ ਤੇ ਅਤਿ-ਆਧੁਨਿਕ ਕਿਸਮ ਦੇ ਥਾਪਰ ਮਾਡਲ ਛੱਪੜਾਂ ਦੀ ਉਸਾਰੀ ਕਰਵਾਈ ਜਾ ਰਹੀ ਹੈ। ਵਿਧਾਇਕ ਅਮਰਪਾਲ ਸਿੰਘ ਨੇ ਦੱਸਿਆ ਕਿ ਪਿੰਡਾਂ ਅੰਦਰ ਸਟਰੀਟ ਲਾਈਟਾਂ, ਪਾਰਕਾਂ, ਡੇਰਿਆਂ ਦੇ ਰਸਤੇ ਪੱਕੇ ਕਰਨ ਸਮੇਤ ਪਿੰਡ ਦੇ ਮੋਹਤਬਰ ਤੇ ਪਿੰਡ ਵਾਸੀਆਂ ਦੀ ਸਲਾਹ ਨਾਲ, ਪਿੰਡਾਂ ਅੰਦਰ ਵਿਕਾਸ ਕੰਮ ਕਰਵਾਏ ਜਾ ਰਹੇ ਹਨ ਤੇ ਪਿੰਡਾਂ ਦੀ ਵਿਕਾਸ ਪੱਖੋਂ ਨੁਹਾਰ ਬਦਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਇਸ ਮੌਕੇ 'ਤੇ ਸਰਪੰਚ ਗੁਰਦੀਪ ਸਿੰਘ ਪੰਜਗਰਾਈਆਂ, ਸਰਪੰਚ ਸਿਕੰਦਰ ਸਿੰਘ, ਸਰਪੰਚ ਜਗੀਰ ਸਿੰਘ, ਸਰਪੰਚ ਗੁਰਮੀਤ ਸਿੰਘ, ਬਲਾਕ ਪ੍ਰਧਾਨ ਹਰਜੀਤ ਸਿੰਘ ਖੋਜੇਵਾਲ, ਸਾਬਕਾ ਬਲਾਕ ਪ੍ਰਧਾਨ ਕੁਲਵਿੰਦਰ ਸਿੰਘ, ਸਤਿਨਾਮ ਸਿੰਘ, ਸੀਨੀਅਰ ਆਗੂ ਦਲਜੀਤ ਸਿੰਘ ਬਹਾਦਰ ਹੁਸੈਨ, ਗੁਰਜੀਤ ਸਿੰਘ ਡੇਅਰੀ ਵਾਲੇ, ਜੇ.ਈ. ਹਰਪਾਲ ਸਿੰਘ, ਪੰਚ ਗੁਰਦੇਵ ਸਿੰਘ, ਰਣਜੋਧ ਸਿੰਘ, ਸਤਪਾਲ ਸਿੰਘ ਤੇ ਹੋਰ ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚ ਸਾਹਿਬਾਨ ਹਾਜ਼ਰ ਸਨ।

# ਝੋਨੇ ਦੀ ਸਿੱਧੀ ਬਿਜਾਈ ਦੀ ਤਕਨੀਕ ਅਪਨਾਉਣ ਵਾਲੇ ਕਿਸਾਨ 15 ਜੂਨ ਤੱਕ ਆਨਲਾਈਨ ਪੋਰਟਲ 'ਤੇ ਕਰ ਸਕਦੇ ਨੇ ਰਜਿਸਟ੍ਰੇਸ਼ਨ

ਬਟਾਲਾ, 18 ਮਈ (ਡਾ. ਨਰਿੰਦਰ ਸਿੰਘ ਘੁਮਾਣ, ਜਗੀਰ ਸਿੰਘ ਮੰਡ): ਝੋਨੇ ਦੀ ਲਵਾਈ ਲਈ ਮਜ਼ਦੂਰਾਂ ਦੀ ਘਾਟ



ਤੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ ਪ੍ਰੋਤਸਾਹਨ ਰਾਸ਼ੀ ਵੱਜੋਂ 1500/- ਰੁਪਏ ਪ੍ਰਤੀ ਏਕੜ ਦਿੱਤੇ ਜਾਂਦੇ ਹਨ। ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਰਣਧੀਰ ਠਾਕੁਰ ਨੇ ਕਿਹਾ ਕਿ ਝੋਨੇ ਦੀ ਸਿੱਧੀ ਬਿਜਾਈ ਦੀ ਰਜਿਸਟ੍ਰੇਸ਼ਨ ਲਈ ਕਿਸਾਨ agrimachinerypb.com ਪੋਰਟਲ 'ਤੇ ਆਨਲਾਈਨ 1 ਮਈ 2026 ਤੋਂ 15 ਜੂਨ 2026 ਤੱਕ ਅਪਲਾਈ ਕਰ ਸਕਦੇ ਹਨ। ਰਜਿਸਟ੍ਰੇਸ਼ਨ ਸਬੰਧੀ ਕਿਸਾਨ ਨੂੰ ਆਪਣੀ ਜ਼ਮੀਨ ਦਾ ਜ਼ਿਲ੍ਹਾ, ਤਹਿਸੀਲ, ਪਿੰਡ, ਖੇਵਟ/ਖਸਰਾ ਨੰ. ਪੈਨ ਨੰਬਰ ਤੇ ਸਿੱਧੀ ਬਿਜਾਈ ਹੇਠਲੇ ਰਕਬੇ ਦੀ ਜਾਣਕਾਰੀ ਦੇਣੀ ਪਵੇਗੀ। ਵਧੇਰੇ ਜਾਣਕਾਰੀ ਲਈ ਕਿਸਾਨ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਜਾਂ ਸਬੰਧਤ ਬਲਾਕ ਖੇਤੀਬਾੜੀ ਅਫਸਰ ਨਾਲ ਸੰਪਰਕ ਕਰ ਸਕਦੇ ਹਨ।

# ਹਰਕਰਮ ਸਿੰਘ ਰੰਧਾਵਾ ਨੂੰ ਪੀ.ਸੀ.ਐਸ. ਬਣਨ 'ਤੇ ਆਰ.ਟੀ.ਓ. ਕਪੂਰਥਲਾ ਨਿਯੁਕਤ ਹੋਣ 'ਤੇ ਦਿੱਤੀ ਮੁਬਾਰਕਬਾਦ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 18 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਵੱਲੋਂ ਤਰੱਕੀ ਕਰਕੇ ਬਣਾਏ ਗਏ ਪੀ.ਸੀ.ਐਸ. ਹਰਕਰਮ ਸਿੰਘ ਰੰਧਾਵਾ ਨੂੰ ਮੁਬਾਰਕਬਾਦ ਦੇਣ ਪਹੁੰਚੇ ਲੈਕਚਰਾਰ ਕੇਵਲ ਸਿੰਘ ਕਾਜਮਪੁਰ, ਸਰਪੰਚ ਸੁਖਰਾਜ ਸਿੰਘ ਕਾਹਲੋਂ, ਅਧਿਆਪਕ ਆਗੂ ਗੁਰਿੰਦਰ ਸਿੰਘ ਸਿੱਧੂ ਤੇ ਤੇਜਿੰਦਰ ਸਿੰਘ ਧਰਮਕੋਟ ਨੇ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਨਾਇਬ ਤਹਿਸੀਲਦਾਰ ਤੋਂ ਸਫਰ ਸ਼ੁਰੂ ਕਰਕੇ ਇਸ ਵੱਕਾਰੀ ਤੇ ਸਰਕਾਰ ਦੇ ਜ਼ਿੰਮੇਵਾਰ ਅਹੁਦੇ ਤੱਕ ਪਹੁੰਚਣਾ ਇੱਕ ਬਹੁਤ ਵੱਡੀ ਪ੍ਰਾਪਤੀ ਹੈ। ਰੰਧਾਵਾ ਨੇ ਆਪਣੇ ਨਾਨਾ ਮਾਲ ਮੰਤਰੀ ਕਰਮ ਸਿੰਘ ਜਗੀਰਦਾਰ ਤੇ ਪਿਤਾ ਕੁਲਬੀਰ ਸਿੰਘ ਰੰਧਾਵਾ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਇਮਾਨਦਾਰੀ, ਨੇਕਨੀਤੀ ਤੇ ਮਿਹਨਤ ਨਾਲ ਇਹ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਦੇ ਮਿਹਨਤੀ ਸੁਭਾਅ ਤੇ ਡਿਊਟੀ ਪ੍ਰਤੀ ਵਚਨਬੱਧਤਾ ਨੂੰ ਦੇਖਦਿਆਂ ਹੋਇਆਂ ਪੰਜਾਬ ਸਰਕਾਰ ਵੱਲੋਂ ਆਰ.ਟੀ.ਓ. ਕਪੂਰਥਲਾ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਹਰਕਰਮ ਸਿੰਘ ਰੰਧਾਵਾ ਨੇ ਸਮੂਹ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਅਹੁਦੇ ਤੇ ਮਾਣ-ਸਤਿਕਾਰ ਵਾਹਿਗੁਰੂ ਦੀ ਬਖਸ਼ਿਸ਼ ਨਾਲ ਮਿਲਦੇ ਹਨ, ਸੋ ਸਾਡੀ ਜ਼ਿੰਮੇਵਾਰੀ ਹੈ ਕਿ ਹਰੇਕ ਨਾਗਰਿਕ ਨੂੰ ਡਿਪਾਰਟਮੈਂਟ ਸਬੰਧੀ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

# ਮਾਤਾ ਸ੍ਰੀ ਨਿੱਕੀ ਦਾਦੀ ਧਾਮ ਪੰਡੋਰੀ ਅਟਵਾਲ ਦਾ ਮੇਲਾ 30 ਤੇ 31 ਨੂੰ: ਪਿੰਕੂ ਰਤਨ

ਗੜ੍ਹਦੀਵਾਲਾ, 18 ਮਈ (ਗੌਰਵ): ਪਿੰਡ ਪੰਡੋਰੀ ਅਟਵਾਲ ਵਿਖੇ ਸਥਿਤ ਪ੍ਰਾਚੀਨ ਧਾਰਮਿਕ ਅਸਥਾਨ ਮਾਤਾ ਸ੍ਰੀ ਨਿੱਕੀ ਦਾਦੀ ਧਾਮ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਰਧਾ ਤੇ ਉਤਸ਼ਾਹ ਨਾਲ ਸਾਲਾਨਾ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਮੰਦਰ ਕਮੇਟੀ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿੱਚ ਸਮੂਹ ਪ੍ਰਬੰਧਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੰਦਰ ਕਮੇਟੀ ਦੇ ਮੈਂਬਰਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 30 ਮਈ ਦਿਨ ਸ਼ਨੀਵਾਰ ਨੂੰ ਵਿਸ਼ਾਲ ਮਾਤਾ ਦਾ ਵਿਸ਼ਾਲ ਜਾਗਰਣ ਕਰਵਾਇਆ ਜਾਵੇਗਾ, ਜਿਸ ਵਿੱਚ ਇਲਾਕੇ ਦੇ ਪ੍ਰਸਿੱਧ ਗਾਇਕ ਦੀਪਾ ਦਰਾਵਾਂ ਵਾਲਾ ਤੇ ਪਰਮਜੀਤ ਪੰਮੀ ਮਾਤਾ ਰਾਣੀ ਦਾ ਗੁਣਗਾਨ ਕਰਨਗੇ। ਇਸ ਤੋਂ ਇਲਾਵਾ 31 ਮਈ ਦਿਨ ਐਤਵਾਰ ਨੂੰ ਹਵਨ ਯੱਗ ਤੇ ਕੰਜਕ ਪੂਜਨ ਉਪਰੰਤ ਸਾਲਾਨਾ ਭੰਡਾਰਾ ਤੇ ਮਾਤਾ ਦਾ ਲੰਗਰ ਲਗਾਇਆ ਜਾਵੇਗਾ। ਪਿੰਕੂ ਰਤਨ ਨੇ ਦੱਸਿਆ ਕਿ ਸਮਾਗਮ ਦੌਰਾਨ ਆਉਣ ਵਾਲੀ ਸਮੂਹ ਸੰਗਤ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

# ਰਿਆੜਕੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਮਿਊਜ਼ੀਅਮ ਦਾ ਦੌਰਾ

ਕਾਦੀਆਂ, 18 ਮਈ (ਸਿਕੰਦਰ ਸਿੰਘ ਸੰਧੂ/ਡਾ. ਸਤਨਾਮ ਸਿੰਘ ਸੰਧੂ): ਅੱਜ ਕੌਮਾਂਤਰੀ ਦਿਵਸ ਦੇ ਮੌਕੇ ਇਲਾਕੇ ਦੀ ਸਿਰਮੌਰ ਸੰਸਥਾ ਰਿਆੜਕੀ ਪਬਲਿਕ ਸਕੂਲ ਤੁਗਲਵਾਲਾ ਦੇ ਵਿਦਿਆਰਥੀਆਂ ਨੇ ਆਪਣੀ ਸੰਸਥਾ ਦੇ ਫੇਜ਼ ਇੱਕ ਵਿੱਚ ਬਣੇ ਸ਼ਾਨਦਾਰ ਅਜਾਇਬ ਘਰਾਂ ਦਾ ਦੌਰਾ ਕੀਤਾ। ਇਸ ਮੌਕੇ ਪ੍ਰਿੰਸੀਪਲ ਸਵਰਨ ਸਿੰਘ ਵਿਰਕ ਨੇ ਦੱਸਿਆ ਕਿ ਸੰਸਥਾ ਕੋਲ ਚਾਰ



ਵੱਖ-ਵੱਖ ਭਾਗਾਂ ਵਾਲਾ ਅਜਾਇਬ-ਘਰ ਮੌਜੂਦ ਹੈ। ਪਹਿਲਾ ਭਾਗ ਮਹਾਨ ਸਮਾਜ ਸੇਵੀ ਭਗਤ ਪੂਰਨ ਸਿੰਘ ਜੀ ਪਿੰਗਲਵਾੜਾ ਦੀ ਯਾਦ ਨੂੰ ਸਮਰਪਿਤ ਹੈ। ਦੂਜਾ ਭਾਗ ਵਿਰਾਸਤ ਘਰ ਹੈ ਜਿੱਥੇ ਪੁਰਾਤਨ ਵਿਰਾਸਤੀ ਸਮਾਨ ਸੰਭਾਲ ਕੇ ਰੱਖਿਆ ਗਿਆ ਹੈ। ਤੀਜੇ ਭਾਗ ਵਿੱਚ ਨਾਮਣਾ ਖੱਟਣ ਵਾਲੇ ਸਿੱਖ ਮਹਾਪੁਰਸ਼ਾਂ ਤੇ ਸੰਸਥਾ ਨਾਲ ਸਬੰਧਤ ਗੈਲਰੀ ਸਜੀ ਹੋਈ ਹੈ। ਚੌਥੇ ਭਾਗ ਵਿੱਚ ਬੇਸ਼ਕੀਮਤੀ ਪੁਸਤਕਾਂ ਤੇ ਦੁਰਲੱਭ ਹੱਥ-ਲਿਖਤ ਕਿਤਾਬਾਂ ਸੁਰੱਖਿਅਤ ਰੱਖੀਆਂ ਗਈਆਂ ਹਨ। ਇਸ ਕੌਮਾਂਤਰੀ ਅਜਾਇਬ ਘਰ ਦਿਵਸ ਮੌਕੇ ਸਵੇਰੇ ਕੀਤੀ ਵਿਸ਼ੇਸ਼ ਅਸੈਂਬਲੀ ਵਿੱਚ ਪੰਜਾਬੀ ਦੇ ਸਰਵੋਤਮ ਕਵੀ ਪ੍ਰੋ. ਗੁਰਭਜਨ ਗਿੱਲ ਵੀ ਆਨਲਾਈਨ ਵਿਦਿਆਰਥੀਆਂ ਨੂੰ ਸੰਬੋਧਤ ਹੋਏ ਤੇ ਉਨ੍ਹਾਂ ਨੇ ਇਸ ਗੱਲ ਦੀ ਤਾਰੀਫ ਕੀਤੀ ਕਿ ਸੰਸਥਾ ਜਿਸ ਤਰੀਕੇ ਨਾਲ ਵਿਦਿਆਰਥੀਆਂ ਦੇ ਵਿੱਚ ਮੌਲਿਕਤਾ ਤੇ ਸਹੀ ਗਿਆਨ ਭਰਨ ਵਿੱਚ ਯਤਨਸ਼ੀਲ ਹੈ ਉਹ ਆਪਣੇ-ਆਪ ਵਿੱਚ ਵੱਡੀ ਗੱਲ ਹੈ। ਉਨ੍ਹਾਂ ਕਿਹਾ ਕਿ ਉਹੀ ਲੋਕ ਵਿਰਸੇ ਦੇ ਅਸਲੀ ਵਾਰਸ ਬਣ ਸਕਦੇ ਹਨ, ਜਿਨ੍ਹਾਂ ਨੂੰ ਵਿਰਸੇ ਪ੍ਰਤੀ ਸਮਝ ਬਚਪਨ ਵਿੱਚ ਹੀ ਭਰ ਦਿੱਤੀ ਜਾਵੇ ਤੇ ਜਿਸ ਕੰਮ ਵਿੱਚ ਰਿਆੜਕੀ ਸੰਸਥਾਵਾਂ ਮੋਹਰੀ ਤੇ ਵੱਡਾ ਕਾਰਜ ਕਰ ਰਹੀਆਂ ਹਨ।

# ਔਲਖ ਵੱਲੋਂ ਐਸ.ਆਈ.ਆਰ. ਸਬੰਧੀ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ

ਨਵਾਂਸ਼ਹਿਰ, 18 ਮਈ (ਸੁਖਦੇਵ ਸਿੰਘ ਉੜਾਪੜ): ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਐਸ.ਆਈ.ਆਰ. ਸਬੰਧੀ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਨਸਿਵ ਰੀਵੀਜ਼ਨ ਦਾ ਕੰਮ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਮੁੱਖ ਉਦੇਸ਼ ਵੋਟਰ ਸੂਚੀਆਂ ਨੂੰ ਪੂਰੀ ਤਰ੍ਹਾਂ ਸ਼ੁੱਧ, ਅੱਪਡੇਟ ਤੇ ਨੁਕਸ ਰਹਿਤ ਬਣਾਉਣਾ ਹੈ ਤਾਂ ਜੋ ਹਰ ਯੋਗ ਨਾਗਰਿਕ ਨੂੰ ਵੋਟ ਪਾਉਣ ਦਾ ਮੌਕਾ ਮਿਲ ਸਕੇ। ਜ਼ਿਲ੍ਹਾ ਚੋਣ ਅਫ਼ਸਰ ਕਮ ਡਿਪਟੀ ਕਮਿਸ਼ਨਰ ਨੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਐਸ.ਆਈ.ਆਰ. ਦੇ ਪੂਰੇ ਸ਼ਡਿਊਲ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਸਪੈਸ਼ਲ ਇੰਟੈਂਸਿਵ ਰਵੀਜ਼ਨ ਅਧੀਨ ਜ਼ਿਲ੍ਹੇ ਵਿੱਚ 25 ਜੂਨ ਤੋਂ 24 ਜੁਲਾਈ 2026 ਤੱਕ ਬੀ.ਐਲ.ਓਜ਼ ਘਰੋ-ਘਰੀ ਜਾ ਕੇ ਵੋਟਰ ਦੇ ਫਾਰਮ ਭਰਵਾਉਣਗੇ। ਉਨ੍ਹਾਂ ਦੱਸਿਆ ਕਿ ਇਸ ਕੰਮ ਲਈ 615



ਬੀ.ਐਲ.ਓਜ਼, 62 ਸੁਪਰਵਾਈਜ਼ਰ, 3 ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ, 6 ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਸਮੇਤ ਪੂਰਾ ਚੋਣ ਅਮਲਾ ਲਗਾਇਆ ਗਿਆ ਹੈ। ਐਸ.ਆਈ.ਆਰ. ਸਬੰਧੀ ਬੀ.ਐਲ.ਓਜ਼ ਨੂੰ ਟ੍ਰੇਨਿੰਗ ਦੇਣ ਤੇ ਹੋਰ ਤਿਆਰੀਆਂ ਸਬੰਧੀ ਕੰਮ 15 ਜੂਨ ਤੋਂ 24 ਜੂਨ 2026 ਤੱਕ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਵੋਟਰ ਸੂਚੀਆਂ ਸਪੈਸ਼ਲ ਇੰਟੈਂਸਿਵ ਰਵੀਜ਼ਨ ਲਈ ਵੋਟਰ ਸੂਚੀ 2003 ਦਾ ਮੌਜੂਦ ਵੋਟਰ ਸੂਚੀ 2025 ਨਾਮ ਮੈਪਿੰਗ ਕੀਤਾ ਜਾਣਾ ਹੈ। ਮੀਟਿੰਗ ਵਿੱਚ ਆਮ ਆਦਮੀ ਪਾਰਟੀ ਤੋਂ ਸਤਨਾਮ ਜਲਾਲਪੁਰ, ਸਤਨਾਮ ਸਿੰਘ ਜਲਵਾਹ ਤੇ ਰੁਬੀ ਕੰਮ, ਸ਼੍ਰੋਮਣੀ ਅਕਾਲੀ ਦਲ ਤੋਂ ਹਰਦੀਪ ਸਿੰਘ, ਸੀ.ਪੀ.ਆਈ. (ਐਮ.) ਤੋਂ ਚਰਨਜੀਤ ਸਿੰਘ, ਬਹੁਜਨ ਸਮਾਜ ਪਾਰਟੀ ਤੋਂ ਸਰਬਜੀਤ ਜਾਫਰਪੁਰ, ਭਾਰਤੀ ਜਨਤਾ ਪਾਰਟੀ ਤੋਂ ਮਨੀਸ਼ ਅਗਨੀਹੋਤਰੀ, ਇੰਡੀਅਨ ਨੈਸ਼ਨਲ ਕਾਂਗਰਸ ਤੋਂ ਅਜੈ ਮੰਗੂਪੁਰ ਤੇ ਸੁਭਾਸ਼ ਚੰਦਰ ਤੇ ਜ਼ਿਲ੍ਹਾ ਚੋਣ ਦਫ਼ਤਰ ਤੋਂ ਚੋਣ ਕਾਨੂੰਗੋ ਅਮਨਦੀਪ ਸਿੰਘ ਆਦਿ ਹਾਜ਼ਰ ਸਨ।

# ਭੇਤਭਰੇ ਹਾਲਾਤਾਂ 'ਚ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ

ਬਟਾਲਾ, 18 ਮਈ (ਬਲਵਿੰਦਰ ਸਿੰਘ ਪੰਜਗਰਾਈਂ): ਨਜ਼ਦੀਕੀ ਪਿੰਡ ਪੰਜਗਰਾਈਆਂ-ਥਰੀਏਵਾਲ ਦੀ ਡਰੇਨ ਦੇ ਕੋਲ ਭੇਤਭਰੇ ਹਾਲਾਤਾਂ 'ਚ ਅਣਪਛਾਤੇ ਵਿਅਕਤੀ ਦੀ ਲਾਸ਼ ਬ੍ਰਾਮਦ ਹੋਈ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਰੰਗੜ-ਨੰਗਲ ਦੇ ਐਸ.ਐਚ.ਓ. ਗੁਰਇਕਬਾਲ ਸਿੰਘ ਨੇ ਦੱਸਿਆ ਕਿ ਅੱਜ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਪਿੰਡ ਪੰਜਗਰਾਈਆਂ-ਥਰੀਏਵਾਲ ਦੀ ਡਰੇਨ ਦੇ ਕੋਲ, ਸੜਕ ਕਿਨਾਰੇ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਪਈ ਹੋਈ ਹੈ। ਉਨ੍ਹਾਂ ਕਿਹਾ ਕਿ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਉਸਨੂੰ ਪਹਿਚਾਣ ਦੇ ਲਈ ਸਿਵਲ ਹਸਪਤਾਲ ਬਟਾਲਾ ਦੇ ਡੈਡ ਹਾਊਸ 'ਚ ਰੱਖਵਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਪੁਲਿਸ ਵੱਲੋਂ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਵੀ ਇਸ ਅਣਪਛਾਤੇ ਵਿਅਕਤੀ ਦੇ ਬਾਰੇ ਕੁਝ ਪਤਾ ਹੈ ਜਾਂ ਕੋਈ ਇਸ ਆਦਮੀ ਬਾਰੇ ਜਾਣਦਾ ਹੋਵੇ ਕਿ ਇਹ ਪ੍ਰਵਾਸੀ ਹੈ ਕਿਤੇ ਮਜ਼ਦੂਰੀ ਕਰਦਾ ਸੀ ਜਾਂ ਇਸ ਦੀ ਕਿਸੇ ਨੂੰ ਪਹਿਚਾਣ ਹੋਵੇ ਤਾਂ ਉਹ ਥਾਣਾ ਰੰਗੜ ਨੰਗਲ ਦੀ ਪੁਲਿਸ ਨੂੰ ਸੂਚਿਤ ਕਰਨ। ਇਸ ਮੌਕੇ ਐਸ.ਐਚ.ਓ. ਰੰਗੜ-ਨੰਗਲ ਗੁਰ ਇਕਬਾਲ ਸਿੰਘ ਨੇ ਕਿਹਾ ਕਿ ਮਿਲੀ ਹੋਈ ਮ੍ਰਿਤਕ ਦੇਹ ਨੂੰ 72 ਘੰਟੇ ਲਈ ਸਿਵਲ ਹਸਪਤਾਲ ਬਟਾਲਾ ਵਿੱਚ ਰੱਖਿਆ ਜਾਵੇਗਾ, ਸਭ ਤੋਂ ਪਹਿਲਾਂ ਸੋਸ਼ਲ ਮੀਡੀਆ ਰਾਹੀਂ ਇਸ ਦੀ ਪਹਿਚਾਣ ਕਰਨ ਦੇ ਯਤਨ ਕੀਤੇ ਜਾਣਗੇ। ਉਪਰੰਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



# ਡਾ. ਐਮ.ਐਸ. ਰੰਧਾਵਾ ਸਪੋਰਟਸ ਅਕੈਡਮੀ ਦੇ ਖਿਡਾਰੀਆਂ ਤੇ ਮਾਪਿਆਂ ਨਾਲ ਵਿਸ਼ੇਸ਼ ਮੀਟਿੰਗ



ਗੜ੍ਹਦੀਵਾਲਾ, 18 ਮਈ (ਗੌਰਵ): ਪ੍ਰਿੰਸੀਪਲ ਹੇਮਰਾਜ ਸਪੋਰਟਸ ਐਂਡ ਵੈਲਫੇਅਰ ਕਲੱਬ (ਰਜਿ.) ਪਿੰਡ ਡੱਫਰ (ਜ਼ਿਲ੍ਹਾ ਹੁਸ਼ਿਆਰਪੁਰ) ਦੇ ਸਹਿਯੋਗ ਸਦਕਾ ਡਾ. ਐਮ.ਐਸ. ਰੰਧਾਵਾ ਸਪੋਰਟਸ ਅਕੈਡਮੀ ਗੜ੍ਹਦੀਵਾਲਾ ਦਸੂਹਾ ਵੱਲੋਂ ਪਿਛਲੇ ਇੱਕ ਸਾਲ ਤੋਂ ਜੂਨੀਅਰ ਵਰਗ ਲਈ ਮੁਫ਼ਤ ਟ੍ਰੇਨਿੰਗ ਤੇ ਡਾਇਟ ਦੇ ਕੇ ਖਿਡਾਰੀਆਂ ਨੂੰ ਖੇਡਾਂ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਅਕੈਡਮੀ ਦੀ ਰੋਜ਼ਾਨਾ ਕੋਚਿੰਗ ਨੈਸ਼ਨਲ ਲੈਵਲ ਕੋਚ ਮਨਜੀਤ ਸਿੰਘ ਮੰਡ ਕਰ ਰਹੇ ਹਨ। ਇਸ ਤਹਿਤ ਸਪੋਰਟਸ ਅਕੈਡਮੀ ਨੂੰ ਹੋਰ ਬਿਹਤਰ ਬਣਾਉਣ ਲਈ ਖਿਡਾਰੀਆਂ ਤੇ ਉਨ੍ਹਾਂ ਦੇ ਮਾਪਿਆਂ ਨਾਲ ਵਿਸ਼ੇਸ਼ ਤੌਰ 'ਤੇ ਕਲੱਬ ਦੇ ਅਹੁਦੇਦਾਰਾਂ ਵੱਲੋਂ ਮੀਟਿੰਗ ਕੀਤੀ ਗਈ, ਜਿਸ ਦੌਰਾਨ ਪ੍ਰਿੰਸੀਪਲ ਹੇਮਰਾਜ ਸਪੋਰਟਸ ਕਲੱਬ ਦੇ ਪ੍ਰਧਾਨ ਮੈਨੇਜਰ ਫਕੀਰ ਸਿੰਘ ਸਹੋਤਾ ਦੀ ਰਹਿਨੁਮਾਈ ਹੇਠ ਕਲੱਬ ਵੱਲੋਂ ਖਿਡਾਰੀਆਂ ਨੂੰ ਸਪੋਰਟਸ ਕਿੱਟਾਂ ਦਿੱਤੀਆਂ ਗਈਆਂ ਤੇ ਸੰਬੋਧਨ ਕਰਦਿਆਂ ਆਖਿਆ ਕਿ ਇਹ ਅਕੈਡਮੀ ਇਲਾਕੇ ਭਰ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਬਣਾਈ ਗਈ ਹੈ ਤਾਂ ਜੋ ਭਵਿੱਖ ਵਿੱਚ ਸਾਡਾ ਇਲਾਕਾ ਪਹਿਲਾ ਵਾਂਗ ਖੇਡਾਂ ਵਿੱਚ ਮੋਹਰੀ ਬਣ ਸਕੇ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਰਾਜਾ ਜਲੋਟਾ ਕੈਨੇਡਾ ਨਿਵਾਸੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਦੁਆਰਾ ਖਿਡਾਰੀਆਂ ਨੂੰ ਨਗਦ ਰਾਸ਼ੀ ਇਨਾਮ ਵਜੋਂ ਦਿੱਤੀ ਗਈ ਤੇ ਆਉਣ ਵਾਲੇ ਸਮੇਂ ਵਿੱਚ ਸਪੋਰਟਸ ਅਕੈਡਮੀ ਨਾਲ ਇਸ ਮੌਕੇ ਕਲੱਬ ਦੇ ਜਨਰਲ ਸੈਕਟਰੀ ਸਵਿੰਦਰ ਸਿੰਘ ਲਾਖਾ, ਮਨੋਵਿਗਿਆਨੀ ਹਰਜੋਤ ਸਿੰਘ ਸਹੋਤਾ (ਪ੍ਰਧਾਨ ਐਸ.ਓ.ਡੀ. ਦਸੂਹਾ), ਜੁਆਇੰਟ ਸਕੱਤਰ ਕਮਲਜੀਤ ਸਿੰਘ ਮਨੀ, ਇੰਦਰਪਾਲ ਸਿੰਘ, ਨਛੱਤਰ ਸਿੰਘ, ਕਰਮਜੀਤ ਸਿੰਘ ਰਾਜੂ, ਕੁਲਵੰਤ ਸਿੰਘ, ਸੋਢੀ ਰੰਧਾਵਾ, ਪੀਟੀ ਮਾਸਟਰ ਯੋਗੀ ਬੇਰਸ਼ਾ, ਕਰਤਾਰ ਸਿੰਘ ਕਾਰੀ, ਮਾਸਟਰ ਲਖਵਿੰਦਰ ਸਿੰਘ, ਦਵਿੰਦਰ ਸਿੰਘ ਲਾਲਾ ਦਾਤਾ, ਦਲਜੀਤ ਸਿੰਘ, ਕੈਸ਼ੀਅਰ ਅਮੀਰ ਸਿੰਘ, ਸੁਰਜੀਤ ਸਿੰਘ, ਦਿਲਬਾਗ ਸਿੰਘ ਹਾਜ਼ਰ ਸਨ।

# ਭਗਵਾਨ ਮਹਾਂਵੀਰ ਪਬਲਿਕ ਸੀਨੀ.ਸੈਕੰ. ਸਕੂਲ 'ਚ ਵਿਦਿਆਰਥੀ ਕੌਂਸਲ ਦਾ ਸਹੁੰ ਚੁੱਕ ਸਮਾਰੋਹ



ਬੰਗਾ, 18 ਮਈ (ਪ੍ਰਭਜੋਤ ਸਿੰਘ): ਵਾਈਸ ਹੈਡ ਬੁਆਏ ਵਿਲਕਸ਼ਣ ਜੈਨ ਤੇ ਸ਼ਿਵਾਂਸ਼ ਆਨੰਦ ਤੇ ਵਾਈਸ ਹੈਡ ਗਰਲ ਅਭਿਉਦਯਾ ਜੈਨ ਤੇ ਜੈਸਿਕਾ ਕੌਰ ਸਮੇਤ ਸਕੂਲ ਦੇ ਅੱਠ ਕਲੱਬ ਪ੍ਰਧਾਨਾਂ ਨੇ ਵੀ ਸਹੁੰ ਚੁੱਕ ਸਮਾਗਮ ਵਿੱਚ ਭਾਗ ਲਿਆ। ਕਿਸੇ ਵੀ ਚੋਣ ਪ੍ਰਕਿਰਿਆ ਦਾ ਅੰਤਿਮ ਪੜਾਅ ਸਹੁੰ ਚੁੱਕ ਸਮਾਗਮ ਹੁੰਦਾ ਹੈ। ਭਗਵਾਨ ਮਹਾਂਵੀਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਬੰਗਾ ਵਿੱਚ ਵੀ ਵਿਦਿਆਰਥੀ ਕੌਂਸਲ ਦੀ ਚੋਣ ਪ੍ਰਕਿਰਿਆ ਸੰਪੂਰਨ ਹੋਣ ਤੋਂ ਬਾਅਦ ਅੱਜ ਸਹੁੰ ਚੁੱਕ ਸਮਾਗਮ ਆਯੋਜਿਤ ਕੀਤਾ ਗਿਆ। ਸਭ ਤੋਂ ਪਹਿਲਾਂ ਸਕੂਲ ਡਾਇਰੈਕਟਰ ਡਾ. ਵਰੁਣ ਜੈਨ ਨੇ ਸਾਰੇ ਪ੍ਰਤੀਨਿਧੀਆਂ ਨੂੰ ਸਹੁੰ ਦੀ ਮਹੱਤਤਾ ਬਾਰੇ ਜਾਣੂੰ ਕਰਵਾਇਆ। ਇਸ ਤੋਂ ਬਾਅਦ ਸਕੂਲ ਮੈਨੇਜਰ ਕੇਸ਼ਵ ਜੈਨ ਵੱਲੋਂ ਸਕੂਲ ਦੇ ਹੈਡ ਬੁਆਏ, ਹੈਡ ਗਰਲ, ਵਾਈਸ ਹੈਡ ਬੁਆਏ ਤੇ ਵਾਈਸ ਹੈਡ ਗਰਲ ਨੂੰ ਸਹੁੰ ਚੁਕਾਈ ਗਈ ਤੇ ਸਕੂਲ ਕਲਰ ਪ੍ਰਦਾਨ ਕੀਤੇ ਗਏ। ਇਸ ਤੋਂ ਉਪਰੰਤ ਸਕੂਲ ਦੇ ਚਾਰਾਂ ਸਦਨਾਂ ਦੇ ਨਵ-ਚੁਣੇ ਕਪਤਾਨਾਂ ਤੇ ਅੱਠ ਕਲੱਬਾਂ ਦੇ ਚੁਣੇ ਹੋਏ ਪ੍ਰਧਾਨ ਵਿਦਿਆਰਥੀਆਂ ਨੂੰ ਮੰਚ 'ਤੇ ਸੱਦਾ ਦਿੱਤਾ ਗਿਆ ਤੇ ਉਨ੍ਹਾਂ ਨੂੰ ਸਕੂਲ ਪ੍ਰਿੰਸੀਪਲ ਕੇ. ਵਸੁਧਾ ਜੈਨ ਵੱਲੋਂ ਸਹੁੰ ਦਿਵਾਈ ਗਈ। ਬਾਅਦ ਵਿੱਚ ਸਾਰੇ ਨਵ-ਚੁਣੇ ਵਿਦਿਆਰਥੀ ਪ੍ਰਤੀਨਿਧੀਆਂ ਨੂੰ ਬੈਜ ਲਗਾ ਕੇ ਸਨਮਾਨਿਤ ਕੀਤਾ ਗਿਆ। ਸਾਰੇ ਪਦਾਧਿਕਾਰੀਆਂ ਨੇ ਸਕੂਲ ਪ੍ਰਤੀ ਨਿਸ਼ਠਾ, ਅਨੁਸ਼ਾਸਨ ਤੇ ਜ਼ਿੰਮੇਵਾਰੀ ਨਾਲ ਆਪਣੇ ਫਰਜ਼ ਨਿਭਾਉਣ, ਸਕੂਲ ਦੇ ਨਿਯਮਾਂ ਦੀ ਪਾਲਣਾ ਕਰਨ ਤੇ ਸਕੂਲ ਨੂੰ ਨਵੀਆਂ ਉਚਾਈਆਂ ਤੱਕ ਲੈ ਜਾਣ ਦੀ ਸਹੁੰ ਲਈ। ਕਾਰਜਕ੍ਰਮ ਦੇ ਅੰਤ ਵਿੱਚ ਸਕੂਲ ਪ੍ਰਬੰਧਕਾਂ ਨੇ ਸਾਰੇ ਨਵ-ਚੁਣੇ ਪ੍ਰਤੀਨਿਧੀਆਂ ਨੂੰ ਵਧਾਈਆਂ ਦਿੱਤੀਆਂ ਤੇ ਆਸ ਪ੍ਰਗਟਾਈ ਕਿ ਉਹ ਸਕੂਲ ਦੀ ਸ਼ਾਨ ਨੂੰ ਕਾਇਮ ਰੱਖਦਿਆਂ ਵਿਦਿਆਰਥੀਆਂ ਲਈ ਆਦਰਸ਼ ਅਗਵਾਈ ਪੇਸ਼ ਕਰਨਗੇ।

# ਸੀ.ਐਮ. ਦੀ ਯੋਗਸ਼ਾਲਾ ਨਾਲ ਤੰਦਰੁਸਤ ਹੋ ਰਿਹੈ ਗੁਰਦਾਸਪੁਰ

ਬਟਾਲਾ, 18 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਡਾ. ਸਤਨਾਮ ਸਿੰਘ ਸੰਧੂ): ਮੁੱਖ ਮੰਤਰੀ ਭਗਵੰਤ ਮਾਨ ਦੀ ਲੋਕ-ਪੱਖੀ ਪਹਿਲਕਦਮੀ 'ਸੀਐਮ ਦੀ ਯੋਗਸ਼ਾਲਾ' ਤਹਿਤ ਗੁਰਦਾਸਪੁਰ ਜ਼ਿਲ੍ਹੇ ਵਿੱਚ ਸਿਹਤ, ਯੋਗਾ ਤੇ ਸਕਾਰਾਤਮਕ ਜੀਵਨ ਸ਼ੈਲੀ ਬਾਰੇ ਜਾਗਰੂਕਤਾ ਲਗਾਤਾਰ ਵੱਧ ਰਹੀ ਹੈ। ਪੰਜਾਬ ਸਰਕਾਰ ਦੀ ਇਸ ਵਿਸ਼ੇਸ਼ ਮੁਹਿੰਮ ਰਾਹੀਂ ਹਜ਼ਾਰਾਂ ਲੋਕਾਂ ਨੂੰ ਯੋਗ ਨਾਲ ਜੋੜ ਕੇ ਸਿਹਤਮੰਦ ਤੇ ਖੁਸ਼ਹਾਲ ਪੰਜਾਬ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਜਾ ਰਹੀ ਹੈ। ਸੀ.ਐਮ. ਯੋਗਸ਼ਾਲਾ ਦੇ ਜ਼ਿਲ੍ਹਾ ਇੰਚਾਰਜ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦਾ ਉਦੇਸ਼ ਯੋਗਾ ਦੇ ਸਰੀਰਕ ਤੇ ਮਾਨਸਿਕ ਲਾਭ ਸਮਾਜ ਦੇ ਹਰ ਵਰਗ ਤੱਕ ਪਹੁੰਚਾਉਣਾ ਤੇ ਹਰ ਨਾਗਰਿਕ ਨੂੰ ਸਿਹਤਮੰਦ, ਤਣਾਅ-ਮੁਕਤ ਤੇ ਊਰਜਾਵਾਨ ਜੀਵਨ ਜਿਊਣ ਦੇ ਯੋਗ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਰਾਹੀਂ ਜਨਤਾ ਨੂੰ ਮੁਫ਼ਤ ਯੋਗਾ ਸਿਖਲਾਈ ਦਿੱਤੀ ਜਾ ਰਹੀ ਹੈ, ਜਿਸ ਨਾਲ 'ਰੰਗਲਾ ਪੰਜਾਬ' ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਮਦਦ ਮਿਲ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਵੇਲੇ ਗੁਰਦਾਸਪੁਰ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ, ਵਾਰਡਾਂ, ਪਾਰਕਾਂ ਤੇ ਭਾਈਚਾਰਕ ਥਾਵਾਂ 'ਤੇ ਕੁੱਲ 708 ਯੋਗਾ ਕਲਾਸਾਂ ਨਿਯਮਤ ਰੂਪ ਵਿੱਚ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿੱਚ ਔਰਤਾਂ, ਨੌਜਵਾਨ, ਬਜ਼ੁਰਗ ਤੇ ਵਿਦਿਆਰਥੀ ਰੋਜ਼ਾਨਾ ਯੋਗ ਆਸਣ, ਪ੍ਰਾਣਾਯਾਮ ਤੇ ਧਿਆਨ ਦਾ ਅਭਿਆਸ ਕਰ ਰਹੇ ਹਨ। ਸਿੱਖਿਅਤ ਯੋਗਾ ਇੰਸਟ੍ਰਕਟਰ ਯੋਗਾ ਸਿਖਲਾਈ ਦੇ ਨਾਲ-ਨਾਲ ਸਿਹਤਮੰਦ ਜੀਵਨਸ਼ੈਲੀ, ਤਣਾਅ ਪ੍ਰਬੰਧਨ ਤੇ ਰੋਜ਼ਾਨਾ ਸਿਹਤ ਸੰਭਾਲ ਬਾਰੇ ਵੀ ਜ਼ਰੂਰੀ ਜਾਣਕਾਰੀ ਦੇ ਰਹੇ ਹਨ।

# ਅਨੋਖ ਸਿੰਘ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾ ਦੇ ਫੁੱਲ ਭੇਟ

ਸ੍ਰੀ ਹਰਿਗੋਬਿੰਦਪੁਰ ਸਾਹਿਬ, 18 ਮਈ (ਸੁਖਅੰਮ੍ਰਿਤ ਸਿੰਘ ਸੋਨੂੰ/ਡਾ. ਸਰਬਜੀਤ ਸਿੰਘ ਭਿੰਡਰ): ਚੜ੍ਹਦੀਕਲਾ ਮੀਡੀਆ ਜਰਨਲਿਸਟ ਐਸੋਸੀਏਸ਼ਨ ਪੰਜਾਬ ਦੇ ਜਨਰਲ ਸਕੱਤਰ ਜਗੀਰ ਸਿੰਘ ਮੰਡ ਦੇ ਪਰਿਵਾਰ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਸੀ, ਜਦ ਉਨ੍ਹਾਂ ਦੇ ਵੱਡੇ ਭਰਾ ਅਨੋਖ ਸਿੰਘ 75 ਸਾਲ ਦਾ ਅਚਾਨਕ ਦੇਹਾਂਤ ਹੋ ਗਿਆ ਸੀ। ਅਨੋਖ ਸਿੰਘ ਦੇ ਰੱਖੇ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਚਾਹਲ ਫਾਰਮ ਕੜੀਆਂ ਤਹਿਸੀਲ ਨਿਘਾਸਨ ਜ਼ਿਲ੍ਹਾ ਲਖੀਮਪੁਰ ਖੀਰੀ (ਯੂਪੀ) ਵਿਖੇ ਪਾਏ ਗਏ। ਉਪਰੰਤ ਗੁਰਦੁਆਰਾ ਸਿੰਘ ਸਭਾ ਸਾਹਿਬ ਜੀ ਦੀਪ ਸਿੰਘ ਨਗਰ ਵਿਖੇ ਭਾਈ ਪਰਮਜੀਤ ਸਿੰਘ ਪਲੀਆ ਦੇ ਜੱਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਚੜ੍ਹਦੀਕਲਾ ਮੀਡੀਆ ਜਰਨਲਿਸਟ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਡਾ. ਨਰਿੰਦਰ ਸਿੰਘ ਘੁਮਾਣ, ਸੂਬਾ ਪ੍ਰਬੰਧਕ ਸਕੱਤਰ ਬਲਵਿੰਦਰ ਸਿੰਘ ਪੰਜਗਰਾਈਂ, ਸੇਵਾ ਸਿੰਘ, ਪਰਮਜੀਤ ਸਿੰਘ, ਗੁਰਦੀਪ ਸਿੰਘ, ਰਤਨ ਸਿੰਘ, ਸੁਖਪ੍ਰੀਤ ਸਿੰਘ, ਮਨਦੀਪ ਸਿੰਘ, ਅਮਰੀਕ ਸਿੰਘ, ਨਿਹੰਗ ਪਾਖਰ ਸਿੰਘ, ਸਤਨਾਮ ਸਿੰਘ, ਪੱਤਰਕਾਰ ਬਖਸ਼ੀਸ਼ ਸਿੰਘ ਟਾਂਡਾ, ਪੱਤਰਕਾਰ ਰਣਜੀਤ ਸਿੰਘ ਬਾਵਾ, ਸੁਰਜਨ ਸਿੰਘ, ਮੇਜਰ ਸਿੰਘ, ਬਿਕਰਮਜੀਤ ਸਿੰਘ, ਸਮਰਜੀਤ ਸਿੰਘ, ਹੀਰਾ ਸਿੰਘ, ਪੱਤਰਕਾਰ ਸੁਖਅੰਮ੍ਰਿਤ ਸਿੰਘ, ਪੱਤਰਕਾਰ ਡਾ. ਸਰਬਜੀਤ ਸਿੰਘ ਭਿੰਡਰ, ਜਥੇ. ਜੁਗਰਾਜ ਸਿੰਘ ਖ਼ਾਲਸਾ, ਪੱਤਰਕਾਰ ਜਸਵਿੰਦਰ ਸਿੰਘ ਬਾਵਾ ਸਮੇਤ ਵੱਡੀ ਗਿਣਤੀ ਵਿੱਚ ਧਾਰਮਿਕ, ਰਾਜਨੀਤਿਕ ਤੇ ਸਾਕ-ਸੰਬੰਧੀਆਂ ਵੱਲੋਂ ਅੰਤਿਮ ਅਰਦਾਸ ਵਿੱਚ ਸ਼ਾਮਲ ਹੋ ਕੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਪਰਮਾਤਮਾ ਦੇ ਅੱਗੇ ਅਰਦਾਸ ਕੀਤੀ ਕਿ ਵਿਛੜੀ ਹੋਈ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ।



# ਸਰਕਾਰੀ ਕੰਨਿਆ ਸੀਨੀ.ਸੈਕੰ. ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ

ਫਤਹਿਗੜ੍ਹ ਚੂੜੀਆਂ, 18 ਮਈ (ਰਾਜਨ ਸ਼ਰਮਾ): ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ, ਦਸਵੀਂ ਤੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ 'ਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਫਤਹਿਗੜ੍ਹ ਚੂੜੀਆਂ ਦੀਆਂ ਵਿਦਿਆਰਥਣਾਂ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਪ੍ਰਿੰਸੀਪਲ ਅਨੀਤਾ ਅਰੋੜਾ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਪਲਕਪ੍ਰੀਤ ਕੌਰ ਨੇ 500 ਦੇ ਵਿੱਚੋਂ 480 ਅੰਕ, ਪਲਕ ਸ਼ਰਮਾ ਨੇ 478 ਅੰਕ, ਨਵਪ੍ਰੀਤ ਕੌਰ ਨੇ 476 ਅੰਕ ਸਾਇੰਸ ਸਟਰੀਮ ਵਿੱਚੋਂ, ਮਨਪ੍ਰੀਤ ਕੌਰ ਨੇ 474 ਅੰਕ, ਮਹਿਕ ਨੇ 451 ਅੰਕ, ਮਨਪ੍ਰੀਤ ਕੌਰ ਨੇ 450 ਅੰਕ ਆਰਟਸ ਸਟਰੀਮ ਵਿੱਚੋਂ, ਤਾਜਪ੍ਰੀਤ ਕੌਰ ਨੇ 419 ਅੰਕ, ਅਰਸ਼ਪ੍ਰੀਤ ਕੌਰ ਨੇ 410 ਅੰਕ, ਸਿਮਰਨਜੀਤ ਕੌਰ ਨੇ 407 ਅੰਕ ਕਾਮਰਸ ਸਟਰੀਮ ਵਿੱਚੋਂ, ਭਾਗੋ ਤੇ ਸਹਿਜ ਪ੍ਰੀਤ ਦੋਨਾਂ ਵਿਦਿਆਰਥਣਾਂ ਨੇ 389 ਅੰਕ,



ਤਾਨੀਆ ਨੇ 382 ਅੰਕ, ਹਰ ਗੁਰਲੀਨ ਕੌਰ ਨੇ 379 ਅੰਕ ਵੋਕੇਸ਼ਨਲ ਸਟਰੀਮ ਵਿੱਚੋਂ ਪ੍ਰਾਪਤ ਕੀਤੇ। ਇਸੇ ਤਰ੍ਹਾਂ ਦਸਵੀਂ ਦੀਆਂ ਵਿਦਿਆਰਥਣਾਂ ਜਗਪ੍ਰੀਤ ਸ਼ਰਮਾ ਨੇ 650 ਵਿੱਚੋਂ 612 ਅੰਕ, ਸੀਰਤ ਸ਼ਰਮਾ ਨੇ 609 ਅੰਕ, ਆਸ਼ਨਾ ਕੁਸਵਾਹ ਨੇ 605 ਅੰਕ ਪ੍ਰਾਪਤ ਕੀਤੇ। ਅੱਠਵੀਂ ਜਮਾਤ ਦੀ ਵਿਦਿਆਰਥਣ ਅਮਰੀਨ ਕੌਰ ਨੇ 600 ਵਿੱਚੋਂ 564 ਅੰਕ, ਸੰਦੀਪ ਕੌਰ ਨੇ 558 ਅੰਕ, ਸਿਮਰਨ, ਹਰਸ਼ਦੀਪ ਕੌਰ, ਗੁਰਲੀਨ ਕੌਰ ਤਿੰਨਾਂ ਵਿਦਿਆਰਥਣਾਂ ਨੇ 557 ਅੰਕ ਪ੍ਰਾਪਤ ਕੀਤੇ। ਪ੍ਰਿੰਸੀਪਲ ਤੇ ਸਮੂਹ ਸਕੂਲ ਸਟਾਫ ਵੱਲੋਂ ਬੋਰਡ ਜਮਾਤਾਂ ਦੇ ਵਿੱਚੋਂ ਪਹਿਲੇ ਦੂਸਰੇ ਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਬੁਲਾ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲ ਨੇ ਸਾਰਿਆਂ ਨੂੰ ਸੰਬੋਧਤ ਕਰਦਿਆਂ ਹੋਇਆਂ ਕਿਹਾ ਕਿ ਇਹ ਸਭ ਵਿਦਿਆਰਥਣਾਂ ਦੀ ਮਿਹਨਤ, ਅਧਿਆਪਕਾਂ ਦੀ ਯੋਗ ਅਗਵਾਈ ਤੇ ਮਾਤਾ-ਪਿਤਾ ਦੇ ਸਹਿਯੋਗ ਸਦਕਾ ਸੰਭਵ ਹੋਇਆ ਹੈ। ਉਨ੍ਹਾਂ ਨੇ ਸਾਰਿਆਂ ਨੂੰ ਵਧੀਆ ਨਤੀਜੇ ਦੀ ਮੁਬਾਰਕਬਾਦ ਦਿੱਤੀ।




# ਪੰਜਾਬ ਦੇ ਕਿਸਾਨ ਮੋਦੀ ਵੱਲੋਂ 'ਖਾਦ ਘਟਾਓ, ਕੁਦਰਤੀ ਖੇਤੀ ਅਪਣਾਓ' ਦੀ ਅਪੀਲ ਲਈ ਕਿੰਨੇ ਤਿਆਰ ਹਨ ?

## ਕੁਦਰਤੀ ਖੇਤੀ ਲਈ ਕੀ ਹਨ ਮੁਸ਼ਕਲਾਂ ?

**ਸਰਬਜੀਤ ਸਿੰਘ ਧਾਲੀਵਾਲ**

"**ਦਿਲ** ਤਾਂ ਸਾਡਾ ਵੀ ਕਰਦਾ ਹੈ ਕਿ ਅਸੀ ਕੁਦਰਤੀ ਖੇਤੀ ਕਰੀਏ ਅਤੇ ਪੈਸੇ ਦੀ ਬਚਤ ਕਰੀਏ, ਪਰ ਇਸ ਤੋਂ ਹੋਣ ਵਾਲੀ ਪੈਦਾਵਾਰ ਸਪੱਸ਼ਟ ਨਹੀ ਹੈ। ਇਸ ਦਾ ਅਸਰ ਮੇਰੇ ਘਰ ਦੀ ਆਮਦਨ 'ਤੇ ਪਵੇਗਾ, ਇਸ ਕਰਕੇ ਮੈ ਜੋਖਮ ਨਹੀ ਲੈ ਸਕਦਾ।" ਇਹ ਸ਼ਬਦ ਪੰਜਾਬ ਦੇ ਮੁਹਾਲੀ ਦੇ ਕਿਸਾਨ ਕੁਲਦੀਪ ਸਿੰਘ ਦੇ ਹਨ। ਕੁਲਦੀਪ ਸਿੰਘ ਨੇ ਦੱਸਿਆ ਕਿ ਮਾਰਕੀਟ ਵਿੱਚ ਮਿਲਣ ਵਾਲੇ ਬੀਜ ਨੂੰ ਖਾਦ ਦੀ ਲੋੜ ਹੁੰਦੀ ਹੈ ਅਤੇ ਦੇਸੀ ਬੀਜ ਹੁਣ ਲਗਭਗ ਖ਼ਤਮ ਹੋ ਚੁੱਕੇ ਹਨ। ਇਸ ਕਰਕੇ ਮਜਬੂਰੀ ਅਤੇ ਵਧੀਆ ਝਾੜ ਲਈ ਉਨ੍ਹਾਂ ਨੂੰ ਖਾਦ ਪਾਉਣੀ ਪੈਂਦੀ ਹੈ। ਤਿੰਨ ਏਕੜ ਜ਼ਮੀਨ ਦੇ ਮਾਲਕ ਕੁਲਦੀਪ ਸਿੰਘ ਮੁਤਾਬਕ ਕਣਕ ਅਤੇ ਝੋਨੇ ਵਿੱਚ ਖਾਦ ਦੀ ਵਰਤੋਂ ਨਾਲ ਫ਼ਸਲ ਦੀ ਗਾਰੰਟੀ ਮਿਲਦੀ ਹੈ, ਪਰ ਕੁਦਰਤੀ ਖੇਤੀ ਵਿੱਚ ਇਹ ਯਕੀਨੀ ਨਹੀ ਹੁੰਦਾ। ਉਹ ਦੱਸਦੇ ਹਨ ਕਿ ਕੁਝ ਰਕਬੇ ਵਿੱਚ ਸਬਜ਼ੀਆਂ ਬਿਨਾਂ ਖਾਦ ਅਤੇ ਸਪਰੇਅ ਦੇ ਉਗਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਕੀੜਿਆਂ ਦੇ ਹਮਲੇ ਨੇ ਫਸਲ ਨੂੰ ਨੁਕਸਾਨ ਪਹੁੰਚਾਇਆ। ਯਾਦ ਰਹੇ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਐਤਵਾਰ ਨੂੰ ਸਿਕੰਦਰਾਬਾਦ ਵਿੱਚ ਇੱਕ ਪ੍ਰੋਗਰਾਮ ਦੌਰਾਨ ਕਿਸਾਨਾਂ ਨੂੰ ਖਾਦ (ਫਰਟੀਲਾਈਜ਼ਰ) ਦੀ ਵਰਤੋਂ ਘਟਾ ਕੇ ਕੁਦਰਤੀ ਖੇਤੀ ਕਰਨ ਦੀ ਅਪੀਲ ਕੀਤੀ ਸੀ। ਝੋਨੇ ਦੇ ਸੀਜ਼ਨ ਨੂੰ ਦੇਖਦੇ ਹੋਏ ਕੁਲਦੀਪ ਸਿੰਘ ਨੂੰ ਖਾਦ ਦੀ ਚਿੰਤਾ ਹੈ। ਉਹ ਕਹਿੰਦੇ ਹਨ, "ਸਟੋਰ ਵਾਲੇ ਨੇ ਖਾਦ ਦੇਣ ਦਾ ਭਰੋਸਾ ਦਿੱਤਾ ਹੈ, ਪਰ ਅਸਲੀ ਹਾਲਤ ਤਾਂ ਉਸ ਵੇਲੇ ਹੀ ਪਤਾ ਲੱਗਣਗੇ ਜਦੋਂ ਖਾਦ ਮਿਲੇਗੀ।" ਮੁਹਾਲੀ ਦੇ ਇੱਕ ਖਾਦ ਵਿਕਰੇਤਾ ਸਤਨਾਮ ਸਿੰਘ ਮੁਤਾਬਕ ਫਿਲਹਾਲ ਖਾਦ ਦੀ ਕੋਈ ਵੱਡੀ ਘਾਟ ਨਹੀ ਹੈ ਅਤੇ ਕਿਸਾਨਾਂ ਨੂੰ ਲੋੜ ਮੁਤਾਬਕ ਸਪਲਾਈ ਮਿਲ ਰਹੀ ਹੈ। ਉਹ ਕਹਿੰਦੇ ਹਨ ਕਿ ਖਾੜੀ ਦੇਸ਼ਾਂ ਦੇ ਸੰਕਟ ਕਾਰਨ ਕੁਝ ਕਿਸਾਨਾਂ ਨੇ ਡਰ ਕਰਕੇ ਸਟਾਕ ਇਕੱਠਾ ਕਰਨਾ ਸ਼ੁਰੂ ਕੀਤਾ ਸੀ, ਪਰ ਹੁਣ ਹਾਲਾਤ ਆਮ ਵਰਗੇ ਹਨ।

### ਕੀ ਹੈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬਿਆਨ

10 ਮਈ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਕੰਦਰਾਬਾਦ ਵਿੱਚ ਇੱਕ ਪ੍ਰੋਗਰਾਮ ਦੌਰਾਨ ਲੋਕਾਂ ਨੂੰ ਵਿਦੇਸ਼ੀ ਮੁਦਰਾ ਬਚਾਉਣ ਦੀ ਅਪੀਲ ਕੀਤੀ। ਇਸ ਲਈ ਉਨ੍ਹਾਂ ਨੇ ਕਈ ਤਰੀਕੇ ਵੀ ਦੱਸੇ ਸਨ। ਉਨ੍ਹਾਂ ਨੇ ਤੇਲ ਅਤੇ ਸੋਨੇ ਦੀ ਖਪਤ ਘਟਾਉਣ ਦੇ ਨਾਲ ਕਿਸਾਨਾਂ ਨੂੰ ਖਾਦ ਦੀ ਵਰਤੋਂ ਘਟਾਉਣ ਲਈ ਵੀ ਕਿਹਾ। ਪ੍ਰਧਾਨ ਮੰਤਰੀ ਨੇ ਆਪਣੇ ਬਿਆਨ ਵਿੱਚ ਆਖਿਆ, "ਅਸੀ ਬਹੁਤ ਵੱਡੀ ਮਾਤਰਾ ਵਿੱਚ ਵਿਦੇਸ਼ ਤੋਂ ਕੈਮੀਕਲ ਫਰਟੀਲਾਈਜ਼ਰ ਮੰਗਵਾਉਂਦੇ ਹਾਂ। ਕੈਮੀਕਲ ਫਰਟੀਲਾਈਜ਼ਰ ਯੁਕਤ ਖੇਤੀ ਦੇ ਕਾਰਨ ਸਾਡੀ ਧਰਤੀ ਮਾਂ ਨੂੰ ਬਹੁਤ ਪੀੜਾ ਵਿਚੋਂ ਲੰਘਣਾ ਪੈਂਦਾ ਹੈ ਅਤੇ ਸਾਡੇ ਖੇਤ ਬਰਬਾਦ ਹੋ ਰਹੇ ਹਨ।" "ਜੇਕਰ ਅੱਜ ਅਸੀ ਆਪਣੇ ਖੇਤ ਨਹੀ ਬਚਾਏ ਤਾਂ ਭਵਿੱਖ ਵਿੱਚ ਫ਼ਸਲਾਂ ਉੱਤੇ ਖ਼ਤਰਾ ਵੱਧ ਜਾਵੇਗਾ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀ ਕੈਮੀਕਲ ਫਰਟੀਲਾਈਜ਼ਰ ਦੀ ਖਪਤ ਘੱਟ ਕਰੀਏ, ਇਸ ਨੂੰ ਅੱਧੀ ਕਰ ਦੇਈਏ ਅਤੇ ਕੁਦਰਤੀ ਖੇਤੀ ਅਪਣਾਉਣਾ ਸ਼ੁਰੂ ਕਰੀਏ। ਅਸੀ ਕੈਮੀਕਲ ਫਰਟੀਲਾਈਜ਼ਰ ਨੂੰ ਘੱਟ ਕਰਕੇ ਵਿਦੇਸ਼ੀ ਮੁਦਰਾ ਵੀ ਬਚਾ ਸਕਦੇ ਹਾਂ ਅਤੇ ਆਪਣੇ ਖੇਤ ਵੀ।" ਦੂਜੇ ਪਾਸੇ ਕਾਂਗਰਸ ਦਾ ਕਹਿਣਾ ਹੈ ਕਿ ਪੀਐੱਮ ਮੋਦੀ ਅਰਥਵਿਵਸਥਾ ਨੂੰ ਬਚਾਉਣ ਲਈ ਐਮਰਜੈਂਸੀ ਕਦਮ ਚੁੱਕਣ ਦੀ ਬਜਾਇ ਜਨਤਾ ਨੂੰ ਹੀ ਮੁਸ਼ਕਲ ਵਿੱਚ ਪਾ ਰਹੇ ਹਨ। ਯਾਦ ਰਹੇ ਕਿ ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 23 ਅਤੇ 24 ਮਾਰਚ 2026 ਨੂੰ ਸੰਸਦ ਵਿੱਚ ਬੋਲਦਿਆਂ ਕਿਹਾ ਸੀ, "ਸਰਕਾਰ ਇਹ ਯਕੀਨੀ ਬਣਾਉਣ ਲਈ ਕੰਮ ਕਰ ਰਹੀ ਹੈ ਕਿ ਆਉਣ ਵਾਲੇ ਬਿਜਾਈ ਸੀਜ਼ਨ ਵਿੱਚ ਕਿਸਾਨਾਂ ਨੂੰ ਲੋੜੀਦੀ ਖਾਦ ਮਿਲ ਜਾਵੇ।" ਪਰ ਨਾਲ ਹੀ ਉਨ੍ਹਾਂ ਮਿਡਲ ਈਸਟ ਵਿੱਚ ਚੱਲ ਰਹੇ ਸੰਘਰਸ਼ ਤੋਂ ਪੈਦਾ ਹੋਣ ਵਾਲੇ



ਖ਼ਤਰਿਆਂ ਵੱਲ ਵੀ ਇਸ਼ਾਰਾ ਕੀਤਾ ਸੀ। ਪ੍ਰਧਾਨ ਮੰਤਰੀ ਦੇ ਬਿਆਨ ਉੱਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਪ੍ਰਤੀਕਿਰਿਆ ਦਿੱਤੀ ਹੈ। ਸੰਗਰੂਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਆਖਿਆ ਕਿ ਪ੍ਰਧਾਨ ਮੰਤਰੀ 'ਮੇਕ ਇਨ ਇੰਡੀਆ' ਦਾ ਨਾਅਰਾ ਤਾਂ ਦੇ ਰਹੇ ਹਨ, ਪਰ ਐੱਫਡੀਆਈ ਰਾਹੀ ਸਾਰਾ ਕੁਝ ਵਿਦੇਸ਼ਾਂ ਨੂੰ ਸੌਂਪ ਰਹੇ ਹਨ। ਉਨ੍ਹਾਂ ਆਖਿਆ ਕਿ ਜਿਸ ਤਰੀਕੇ ਨਾਲ ਪ੍ਰਧਾਨ ਮੰਤਰੀ ਅਮਰੀਕਾ ਨਾਲ ਵਪਾਰਕ ਸਮਝੌਤੇ ਕਰ ਰਹੇ ਹਨ, ਉਸ ਨਾਲ ਖੇਤੀ ਵੀ ਵਿਦੇਸ਼ੀ ਹੋ ਜਾਵੇਗੀ ਅਤੇ ਬੀਜ ਵੀ ਵਿਦੇਸ਼ ਤੋਂ ਹੀ ਆਉਣਗੇ। ਭਾਰਤ ਦੁਨੀਆਂ ਦੇ ਉਨ੍ਹਾਂ 5 ਦੇਸ਼ਾਂ ਵਿੱਚ ਸ਼ਾਮਲ ਹੈ ਜਿੱਥੇ ਖਾਦ ਦੀ ਵੱਡੇ ਪੱਧਰ 'ਤੇ ਵਰਤੋਂ ਹੁੰਦੀ ਹੈ, ਕਿਉਂਕਿ ਦੇਸ਼ ਵਿੱਚ ਖੇਤੀਬਾੜੀ ਬਹੁਤ ਵੱਡੇ ਪੱਧਰ 'ਤੇ ਹੁੰਦੀ ਹੈ। ਖਾਦਾਂ ਫਸਲਾਂ ਨੂੰ ਲੋੜੀਦੇ ਪੋਸ਼ਕ ਤੱਤ ਦੇ ਕੇ ਉਨ੍ਹਾਂ ਦੀ ਪੈਦਾਵਾਰ ਵਧਾਉਂਦੀਆਂ ਹਨ। ਭਾਰਤ ਵਿੱਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਖਾਦ ਯੂਰੀਆ ਹੈ। ਇਸ ਵਿੱਚ 46% ਨਾਈਟ੍ਰੋਜਨ ਹੁੰਦਾ ਹੈ ਅਤੇ ਇਹ ਝੋਨਾ, ਗੰਨਾ ਅਤੇ ਕਣਕ ਵਰਗੀਆਂ ਫਸਲਾਂ ਵਿੱਚ ਬਹੁਤ ਵਰਤੀ ਜਾਂਦੀ ਹੈ। ਇਸ ਤੋਂ ਇਲਾਵਾ ਡੀਏਪੀ (ਫਾਸਫੋਰਸ ਵਾਲੀ), ਐੱਮਓਪੀ (ਪੋਟਾਸ਼ ਵਾਲੀ) ਅਤੇ ਐੱਨਪੀਕੇ ਖਾਦਾਂ ਵੀ ਆਮ ਹਨ।

### ਕਿਸਾਨਾਂ ਨੇ ਪ੍ਰਧਾਨ ਮੰਤਰੀ ਦੇ ਬਿਆਨ 'ਤੇ ਹੋਰ ਕੀ ਕਿਹਾ ?

ਗੁਰਦਾਸਪੁਰ ਦੇ ਕਿਸਾਨ ਸੁਖਵਿੰਦਰ ਸਿੰਘ ਨੇ ਕਿਹਾ, "ਜਦੋਂ ਤੱਕ ਅਸੀ ਪੈਲ਼ੀ ਨੂੰ ਖਾਦ ਨਹੀ ਪਾਵਾਂਗੇ, ਫ਼ਸਲ ਉੱਤੇ ਸਪਰੇਅ ਨਹੀ ਕਰਾਂਗੇ, ਦਵਾਈਆਂ ਨਹੀ ਪਾਵਾਂਗੇ, ਉਨੀ ਦੇਰ ਸਾਡੀ ਫ਼ਸਲ ਨਹੀ ਹੋਵੇਗੀ। ਛੋਟਾ ਕਿਸਾਨ ਤਾਂ ਪਹਿਲਾਂ ਹੀ ਕਰਜ਼ੇ ਹੇਠ ਦੱਬਿਆ ਹੁੰਦਾ ਹੈ।" "ਚਲੋ ਅਸੀ ਪ੍ਰਧਾਨ ਮੰਤਰੀ ਦੇ ਬਿਆਨ ਉੱਤੇ ਤਾਂ ਖੁਸ਼ ਹਾਂ ਕਿ ਦੇਸ਼ਭਗਤੀ ਕਰਨੀ ਚਾਹੀਦੀ ਹੈ ਪਰ ਨਾਲ ਹੀ ਸਾਡੀ ਉਨ੍ਹਾਂ ਨੂੰ ਅਪੀਲ ਹੈ ਕਿ ਕਿਸਾਨ ਨੂੰ ਫ਼ਸਲ ਦਾ ਪੂਰਾ ਮੁੱਲ ਦਿੱਤਾ ਜਾਵੇ।" ਇੱਥੋਂ ਦੇ ਹੀ ਕਿਸਾਨ ਕੁਲਵਿੰਦਰ ਸਿੰਘ ਕਹਿੰਦੇ ਹਨ ਕਿ ਜੋ ਸਾਨੂੰ ਯੂਨੀਵਰਸਿਟੀ ਦੇ ਰਹੀ ਹੈ, ਅਸੀ ਉਸ ਦੇ ਮੁਤਾਬਕ ਹੀ ਚੱਲਾਂਗੇ। ਯੂਨੀਵਰਸਿਟੀ ਨੂੰ ਕਹੋ ਪਹਿਲਾਂ ਕਿ ਖਾਦ ਦੀ ਘੱਟ ਲੋੜ ਵਾਲੇ ਬੀਜ ਤਿਆਰ ਕਰੋ। ਕਿਸਾਨ ਰਣਜੋਧ ਸਿੰਘ ਕਹਿੰਦੇ ਹਨ,"ਸਾਨੂੰ ਲੁਧਿਆਣਾ ਖੇਤੀਬਾੜੀ ਯੂਨੀਵਰਸਿਟੀ ਬੀਜ ਦਿੰਦੀ ਅਤੇ ਨਾਲ ਹੀ ਸਿਫਾਰਿਸ਼ ਕਰਦੀ ਕਿ ਇਹ ਬੀਜ ਬੀਜੋ ਅਤੇ ਇੰਨੀ ਖਾਦ ਪਾਓ, ਅਸੀ ਉਨੀ ਹੀ ਪਾਉਂਦੇ ਹਾਂ, ਵੱਧ ਕਦੋਂ ਪਾਉਂਦੇ ਹਾਂ ਪਰ ਮਿਲਦੀ ਸਾਨੂੰ ਉਨੀ ਵੀ ਨਹੀ।"

### ਐੱਨਪੀਕੇ ਖਾਦ ਕੀ ਹੈ ?

ਐੱਨਪੀਕੇ ਖਾਦ ਇੱਕ ਮਿਲੀ-ਜੁਲੀ ਖਾਦ ਹੁੰਦੀ ਹੈ। ਇਸ ਵਿੱਚ ਤਿੰਨ ਮੁੱਖ ਤੱਤ ਹੁੰਦੇ ਹਨ- ਨਾਈਟ੍ਰੋਜਨ (N), ਜੋ ਪੱਤਿਆਂ ਲਈ; ਫਾਸਫੋਰਸ (P), ਜੋ ਜੜ੍ਹਾਂ ਅਤੇ ਫੁੱਲਾਂ ਲਈ ਅਤੇ ਪੋਟਾਸ਼ੀਅਮ (K), ਜੋ ਪੌਦੇ ਨੂੰ ਮਜ਼ਬੂਤ ਬਣਾਉਣ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਕੰਮ ਕਰਦਾ ਹੈ। ਇਹ ਖਾਦ ਫ਼ਸਲ ਨੂੰ ਇਕੱਠੇ ਸਾਰੇ ਜ਼ਰੂਰੀ ਤੱਤ ਮੁਹੱਈਆ ਕਰਵਾਉਂਦੀ ਹੈ। ਭਾਰਤ ਵਿੱਚ ਹਰ ਸਾਲ ਲਗਭਗ 4 ਕਰੋੜ ਟਨ ਯੂਰੀਆ ਵਰਤਿਆ ਜਾਂਦਾ ਹੈ, ਜਿਸ 'ਤੇ ਸਰਕਾਰ ਵੱਡੀ ਰਕਮ ਦੀ ਸਬਸਿਡੀ ਦਿੰਦੀ ਹੈ, ਅਤੇ ਤਕਰੀਬਨ 9-10 ਮਿਲੀਅਨ ਟਨ ਡੀਏਪੀ ਦੀ ਵਰਤੋਂ ਹੁੰਦੀ ਹੈ।

### ਭਾਰਤ ਨੂੰ ਖਾਦ ਆਯਾਤ/ ਦਰਾਮਦ ਕਿਉਂ ਕਰਨੀ ਪੈਂਦੀ ਹੈ ?

ਭਾਰਤ ਵਿੱਚ ਯੂਰੀਆ ਦਾ ਉਤਪਾਦਨ ਕਾਫ਼ੀ ਹੁੰਦਾ ਹੈ, ਪਰ ਇਹ ਮੰਗ ਪੂਰੀ ਕਰਨ ਲਈ ਕਾਫ਼ੀ ਨਹੀ ਹੁੰਦਾ। ਡੀਏਪੀ ਦਾ ਲਗਭਗ ਅੱਧਾ ਹਿੱਸਾ ਅਤੇ ਐੱਮਓਪੀ ਪੂਰੀ ਤਰ੍ਹਾਂ ਵਿਦੇਸ਼ਾਂ ਤੋਂ ਮੰਗਵਾਈ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਭਾਰਤ ਵਿੱਚ ਪੋਟਾਸ਼ ਅਤੇ ਫਾਸਫੇਟ ਦੀਆਂ ਕੁਦਰਤੀ ਖਾਣਾਂ ਘੱਟ ਹਨ, ਅਤੇ ਰਾਕ ਫਾਸਫੇਟ ਅਤੇ ਕੁਦਰਤੀ ਗੈਸ ਵਰਗਾ ਕੱਚਾ ਮਾਲ ਵੀ ਬਾਹਰੋਂ ਲਿਆ ਜਾਂਦਾ ਹੈ। ਸਰਕਾਰ ਵੱਲੋਂ ਯੂਰੀਆ 'ਤੇ ਦਿੱਤੀ ਜਾਣ ਵਾਲੀ ਸਬਸਿਡੀ ਨਾਲ ਇਸ ਦੀ ਮੰਗ ਹੋਰ ਵਧ ਜਾਂਦੀ ਹੈ।

### ਭਾਰਤ ਨੂੰ ਖਾਦ ਸਪਲਾਈ ਕਰਨ ਵਾਲੇ ਮੁੱਖ ਦੇਸ਼

ਰੂਸ, ਓਮਾਨ ਅਤੇ ਸਾਊਦੀ ਅਰਬ ਭਾਰਤ ਨੂੰ ਯੂਰੀਆ ਸਪਲਾਈ ਕਰਦੇ ਹਨ, ਜਦਕਿ ਮੋਰੋਕੋ ਫਾਸਫੇਟ ਅਤੇ ਡੀਏਪੀ ਸਪਲਾਈ ਕਰਦਾ ਹੈ। ਇਸ ਤੋਂ ਇਲਾਵਾ ਚੀਨ, ਜਾਰਡਨ, ਬੈਲਾਰੂਸ ਅਤੇ ਯੂਏਈ ਤੋਂ ਵੀ ਖਾਦਾਂ ਆਉਂਦੀਆਂ ਹਨ।

> "ਕੁਦਰਤੀ ਖੇਤੀ ਸੰਭਵ ਹੀ ਨਹੀਂ ਹੈ, ਕਿਉਂਕਿ ਬੀਜ ਵੱਡੀਆਂ ਕੰਪਨੀਆਂ ਦੀ ਗ੍ਰਿਫ਼ਤ ਵਿੱਚ ਹੈ ਅਤੇ ਪੈਦਾਵਾਰ ਲਈ ਖਾਦ ਜ਼ਰੂਰੀ ਹੈ। ਕੁਦਰਤੀ ਖੇਤੀ ਇੱਕ ਦਮ ਨਹੀਂ ਹੁੰਦੀ। ਇਸ ਲਈ ਕਈ ਸਾਲ ਲੱਗਦੇ ਹਨ ਅਤੇ ਪੰਜਾਬ ਦੇ ਕਿਸਾਨ ਦੀ ਸਥਿਤੀ ਅਜਿਹੀ ਨਹੀਂ ਕਿ ਉਹ ਕਣਕ-ਝੋਨੇ ਤੋਂ ਬਾਅਦ ਦੂਜੀ ਫਸਲ ਵਿੱਚ ਰਿਸਕ ਲੈ ਸਕੇ, ਕਿਉਂਕਿ ਸਵਾਲ ਉਸ ਦੀ ਆਮਦਨ ਨਾਲ ਜੁੜਿਆ ਹੈ।
>
> ਰਜਿੰਦਰ ਸਿੰਘ ਦੀਪ ਸਿੰਘ ਵਾਲਾ
> ਕਿਸਾਨ ਆਗੂ



### ਭਾਰਤ ਵਿੱਚ ਖਾਦ ਦੀ ਕਿੰਨੀ ਖਪਤ ਅਤੇ ਮੌਜੂਦਾ ਸਟਾਕ

ਨਾਈਟ੍ਰੋਜਨ ਖਾਦਾਂ, ਜਿਵੇਂ ਯੂਰੀਆ, ਭਾਰਤ ਵਿੱਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਖਾਦ ਹੈ, ਕਿਉਂਕਿ ਝੋਨਾ ਅਤੇ ਕਣਕ ਵਰਗੀਆਂ ਮੁੱਖ ਫ਼ਸਲਾਂ ਹਵਾ ਤੋਂ ਲੋੜੀਦੀ ਨਾਈਟ੍ਰੋਜਨ ਸਿੱਧੇ ਤੌਰ 'ਤੇ ਨਹੀ ਲੈ ਸਕਦੀਆਂ। ਇਸ ਲਈ ਇਸ ਦੀ ਵਰਤੋਂ ਜ਼ਿਆਦਾ ਹੁੰਦੀ ਹੈ। ਖਾਦ ਦੀ ਵਰਤੋਂ ਜੂਨ ਤੋਂ ਸਤੰਬਰ ਤੱਕ ਚੱਲਣ ਵਾਲੇ ਮਾਨਸੂਨ ਸੀਜ਼ਨ ਵਿੱਚ ਸਭ ਤੋਂ ਵੱਧ ਹੁੰਦੀ ਹੈ। ਭਾਰਤ ਵਿੱਚ ਹਰ ਸਾਲ ਲਗਭਗ 4 ਕਰੋੜ ਟਨ ਯੂਰੀਆ ਵਰਤਿਆ ਜਾਂਦਾ ਹੈ, ਜਿਸ 'ਤੇ ਸਰਕਾਰ ਵੱਡੀ ਰਕਮ ਦੀ ਸਬਸਿਡੀ ਦਿੰਦੀ ਹੈ। ਪੰਜਾਬ ਅਤੇ ਹਰਿਆਣਾ (ਜੋ ਭਾਰਤ ਦੇ ਵੱਡੇ ਅਨਾਜ ਉਤਪਾਦਕ ਹਨ) ਵਿੱਚ ਅਗਾਮੀ ਝੋਨੇ ਦਾ ਸੀਜ਼ਨ ਜੂਨ-ਜੁਲਾਈ ਵਿੱਚ ਹੁੰਦਾ ਹੈ ਅਤੇ ਇਸ ਦੌਰਾਨ ਵੱਡੀ ਗਿਣਤੀ ਵਿੱਚ ਰਸਾਇਣਕ ਖਾਦਾਂ ਦੀ ਲੋੜ ਪੈਂਦੀ ਹੈ। ਸੋਮਵਾਰ ਨੂੰ ਭਾਰਤ ਸਰਕਾਰ ਦੇ ਰਸਾਇਣ ਅਤੇ ਖਾਦ ਮੰਤਰਾਲੇ ਦੀ ਐਡੀਸ਼ਨਲ ਸਕੱਤਰ ਅਰਪਣਾ ਸ਼ਰਮਾ ਨੇ ਦੱਸਿਆ ਕਿ ਦੇਸ਼ ਵਿੱਚ ਖਾਦ ਦਾ ਲੋੜੀਦਾ ਸਟਾਕ ਮੌਜੂਦ ਹੈ, ਜੋ ਲਗਭਗ 50 ਫ਼ੀਸਦੀ ਦੇ ਕਰੀਬ ਹੈ ਅਤੇ ਵਰਤੋਂ ਦੇ ਹਿਸਾਬ ਨਾਲੋਂ ਕਾਫ਼ੀ ਵੱਧ ਹੈ। ਉਨ੍ਹਾਂ ਮੁਤਾਬਕ ਆਮ ਤੌਰ 'ਤੇ ਦੇਸ਼ ਵਿੱਚ ਖਾਦ ਦਾ ਭੰਡਾਰਨ ਲਗਭਗ 33 ਫ਼ੀਸਦੀ ਹੁੰਦਾ ਹੈ, ਪਰ ਇਸ ਵਾਰ ਇਸ ਤੋਂ ਵੀ ਵੱਧ ਹੈ। ਉਨ੍ਹਾਂ ਇਹ ਵੀ ਕਿਹਾ ਕਿ ਖਾਦ ਦੀਆਂ ਕੀਮਤਾਂ ਪਹਿਲਾਂ ਵਰਗੀਆਂ ਹੀ ਰਹਿਣਗੀਆਂ। ਉਨ੍ਹਾਂ ਦੱਸਿਆ ਕਿ ਖਾੜੀ ਸੰਕਟ ਤੋਂ ਬਾਅਦ ਘਰੇਲੂ ਉਤਪਾਦਨ ਅਤੇ ਆਯਾਤ ਮਿਲਾ ਕੇ ਇਸ ਵੇਲੇ 97 ਲੱਖ ਮੈਟ੍ਰਿਕ ਟਨ ਖਾਦ ਮੌਜੂਦ ਹੈ।

ਇਸ ਤੋਂ ਪਹਿਲਾਂ ਭਾਰਤ ਸਰਕਾਰ ਦੇ ਰਸਾਇਣ ਅਤੇ ਖਾਦ ਮੰਤਰਾਲੇ ਦੇ 19 ਮਾਰਚ 2026 ਦੇ ਪ੍ਰੈੱਸ ਨੋਟ ਮੁਤਾਬਕ, ਸਰਕਾਰ ਨੇ ਖ਼ਰੀਫ਼ 2026 ਸੀਜ਼ਨ ਤੋਂ ਪਹਿਲਾਂ ਖਾਦ ਦੀ ਉਪਲਬਧਤਾ ਨੂੰ ਸਥਿਰ ਅਤੇ ਵਧਾਉਣ ਲਈ ਇੱਕ ਠੋਸ ਰਣਨੀਤੀ ਉੱਤੇ ਕੰਮ ਕੀਤਾ ਹੈ। 19 ਮਾਰਚ 2026 ਦੇ ਪ੍ਰੈੱਸ ਨੋਟ ਮੁਤਾਬਕ, ਭਾਰਤ ਸਰਕਾਰ ਦੇ ਅਨੁਸਾਰ ਦੇਸ਼ ਵਿੱਚ ਯੂਰੀਆ ਦਾ ਮੌਜੂਦਾ ਸਟਾਕ 61.14 ਲੱਖ ਟਨ ਹੈ, ਜੋ ਪਿਛਲੇ ਸਾਲ ਦੇ 55.22 ਲੱਖ ਟਨ ਨਾਲੋਂ ਵੱਧ ਹੈ। ਇਸ ਪ੍ਰੈੱਸ ਨੋਟ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਸੀ ਕਿ ਡੀਏਪੀ (DAP) ਦਾ ਸਟਾਕ ਪਿਛਲੇ ਸਾਲ ਦੇ ਮੁਕਾਬਲੇ ਦੁੱਗਣਾ ਤੋਂ ਵੀ ਵੱਧ ਹੋ ਕੇ 24.24 ਲੱਖ ਟਨ ਹੋ ਗਿਆ ਹੈ। ਰਸਾਇਣ ਅਤੇ ਖਾਦ ਮੰਤਰਾਲੇ ਨੇ ਐਕਸ ਉੱਤੇ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਦੇ ਹਵਾਲੇ ਨਾਲ ਲਿਖਿਆ ਸੀ, "ਖ਼ਰੀਫ਼ 2026 ਸੀਜ਼ਨ ਲਈ ਸਾਡੇ ਕੋਲ ਖਾਦ ਦਾ ਲੋੜੀਦਾ ਸਟਾਕ ਮੌਜੂਦ ਹੈ ਅਤੇ ਅਸੀ ਆਰਾਮਦਾਇਕ ਸਥਿਤੀ ਵਿੱਚ ਹਾਂ। ਖਾਦ ਵਿਭਾਗ ਨੇ ਗਲੋਬਲ ਟੈਂਡਰ ਵੀ ਸਮੇਂ ਤੋਂ ਪਹਿਲਾਂ ਹੀ ਜਾਰੀ ਕਰ ਦਿੱਤੇ ਸਨ, ਜਿਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ।"

### ਪੰਜਾਬ ਵਿੱਚ ਖਾਦ ਦੀ ਕੀ ਹੈ ਸਥਿਤੀ



ਦੂਜੇ ਪਾਸੇ ਪੰਜਾਬ ਖੇਤੀਬਾੜੀ ਵਿਭਾਗ ਦੇ ਮੁਤਾਬਕ, ਫਿਲਹਾਲ ਪੰਜਾਬ ਵਿੱਚ ਯੂਰੀਆ ਦੀ ਕੋਈ ਘਾਟ ਨਹੀ ਹੈ ਅਤੇ ਜਿੰਨਾ ਯੂਰੀਆ ਚਾਹੀਦਾ ਹੈ, ਉਸ ਦਾ ਲੋੜੀਦਾ ਸਟਾਕ ਮੌਜੂਦ ਹੈ। ਪਰ ਭਾਰਤੀ ਖੇਤੀਬਾੜੀ ਵਿਭਾਗ ਦੇ 2024 ਦੇ ਅੰਕੜਿਆਂ ਮੁਤਾਬਕ ਦੇਸ਼ ਵਿੱਚ ਖਾਦ ਦੀ ਖਪਤ ਸਭ ਤੋਂ ਵੱਧ ਪੰਜਾਬ ਵਿੱਚ ਹੁੰਦੀ ਹੈ, ਜਿਸ ਦੀ ਜ਼ਿਆਦਾਤਰ ਵਰਤੋਂ ਝੋਨੇ ਅਤੇ ਕਣਕ ਦੀ ਫ਼ਸਲ ਲਈ ਕੀਤੀ ਜਾਂਦੀ ਹੈ।

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਰਾਜ ਸਭਾ ਮੈਂਬਰ ਸਤਨਾਮ ਸਿੰਘ ਸੰਧੂ ਵੱਲੋਂ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਸਾਲ 2022-23 ਵਿੱਚ ਰਾਜ ਦੇ 15 ਜ਼ਿਲ੍ਹਿਆਂ ਵਿੱਚ ਔਸਤ ਖਾਦ ਖਪਤ 254.39 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਰਹੀ। ਰਾਜ ਦੀ ਔਸਤ ਖਾਦ ਖਪਤ ਲਗਭਗ 223 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਹੈ, ਜੋ ਕੌਮੀ ਔਸਤ (90 ਕਿਲੋਗ੍ਰਾਮ ਪ੍ਰਤੀ ਹੈਕਟੇਅਰ) ਨਾਲੋਂ ਕਾਫ਼ੀ ਵੱਧ ਹੈ। ਅੰਕੜਿਆਂ ਮੁਤਾਬਕ ਪੰਜਾਬ ਵਿੱਚ ਯੂਰੀਆ ਅਤੇ ਐੱਨਪੀਕੇ ਖਾਦਾਂ ਦੀ ਖਪਤ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। 2022-23 ਵਿੱਚ ਰਾਜ ਦੀ ਯੂਰੀਆ ਲੋੜ 29.25 ਲੱਖ ਟਨ ਤੱਕ ਵਧ ਗਈ ਸੀ, ਜੋ ਕਿ 2020-21 ਵਿੱਚ 28.30 ਲੱਖ ਟਨ ਸੀ। ਇਸ ਤਰ੍ਹਾਂ ਐਨਪੀਕੇ ਦੀ ਮੰਗ 1.70 ਲੱਖ ਟਨ ਰਹੀ। ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰਿਸਰਚ ਦੇ ਮੁਤਾਬਕ ਪੰਜਾਬ ਦੇ ਕੁੱਲ ਭੂਗੋਲਿਕ ਰਕਬੇ 50.4 ਲੱਖ ਹੈਕਟੇਅਰ ਵਿੱਚੋਂ 42 ਲੱਖ ਹੈਕਟੇਅਰ ਖੇਤੀਯੋਗ ਹੈ ਅਤੇ ਸੂਬੇ ਵਿੱਚ ਲਗਭਗ 96 ਫੀਸਦੀ ਖੇਤਰ ਸਿੰਚਾਈ ਅਧੀਨ ਹੈ। ਪੀਏਯੂ, ਲੁਧਿਆਣਾ ਦੇ ਪੰਜਾਬ ਐਗਰੀਕਲਚਰ ਮੈਨੇਜਮੈਂਟ ਅਤੇ ਟ੍ਰੇਨਿੰਗ ਇੰਸਟੀਚਿਊਟ ਦੇ ਸੇਵਾ ਮੁਕਤ ਡਾਇਰੈਕਟਰ ਡਾ. ਐੱਸਪੀਐੱਸ ਬਰਾੜ ਨੇ ਦੱਸਿਆ ਕਿ ਪੰਜਾਬ ਬਾਰੇ ਰਸਾਇਣਕ ਖਾਦਾਂ ਦੀ ਲੋੜ ਤੋਂ ਵੱਧ ਵਰਤੋਂ ਕਰਨ ਦਾ ਇੱਕ ਗ਼ਲਤ ਬਿਰਤਾਂਤ ਸਿਰਜਿਆ ਗਿਆ ਹੈ। ਉਨ੍ਹਾਂ ਕਿਹਾ, "ਇਸ ਗੱਲ ਦਾ ਕੋਈ ਵੀ ਸਬੂਤ ਨਹੀ ਹੈ ਕਿ ਲੋੜ ਤੋਂ ਵੱਧ ਖਾਦਾਂ ਦੇ ਇਸਤੇਮਾਲ ਨਾਲ ਪੰਜਾਬ ਦੀ ਜ਼ਮੀਨ ਜ਼ਹਿਰੀਲੀ ਹੋ ਗਈ ਹੈ।" ਉਨ੍ਹਾਂ ਮੁਤਾਬਕ ਪੰਜਾਬ ਵਿੱਚ ਕੌਮੀ ਔਸਤ ਨਾਲੋਂ ਵੱਧ ਖਾਦ ਦੀ ਖਪਤ ਦੀ ਅਕਸਰ ਗੱਲ ਕੀਤੀ ਜਾਂਦੀ ਹੈ, ਪਰ ਇਸ ਨਾਲ ਭਾਰਤ ਅਤੇ ਪੰਜਾਬ ਦੀ ਅਸਲ ਸਥਿਤੀ ਦੀ ਪੂਰੀ ਤਸਵੀਰ ਨਹੀ ਮਿਲਦੀ। ਉਨ੍ਹਾਂ ਅਨੁਸਾਰ ਪੰਜਾਬ ਦਾ ਕਿਸਾਨ ਸੰਜਮ, ਲੋੜ ਅਤੇ ਖੇਤੀਬਾੜੀ ਮਾਹਰਾਂ ਦੀ ਸਲਾਹ ਨਾਲ ਹੀ ਖਾਦ ਦਾ ਇਸਤੇਮਾਲ ਕਰਦਾ ਹੈ। ਉਨ੍ਹਾਂ ਮੁਤਾਬਕ, "ਜੇਕਰ ਖਾਦ ਦੀ ਵਰਤੋਂ ਨਾ ਹੋਵੇ ਤਾਂ ਇਸ ਨਾਲ ਫ਼ਸਲ ਦੀ ਪੈਦਾਵਾਰ ਉੱਤੇ ਅਸਰ ਪਵੇਗਾ ਅਤੇ ਦੇਸ਼ ਵਿੱਚ ਅਨਾਜ ਭੰਡਾਰਨ ਦਾ ਸੰਕਟ ਖੜਾ ਹੋ ਸਕਦਾ ਹੈ।"

### ਕੁਦਰਤੀ ਖੇਤੀ ਲਈ ਕੀ ਹੈ ਚੁਣੌਤੀ

ਪੰਜਾਬ ਵਿੱਚ ਕੁਝ ਕਿਸਾਨਾਂ ਨੇ ਕੁਦਰਤੀ ਖੇਤੀਬਾੜੀ ਅਪਣਾਈ ਹੋਈ ਹੈ, ਪਰ ਇਸ ਅੱਗੇ ਕਈ ਚੁਣੌਤੀਆਂ ਵੀ ਹਨ। ਪੰਜਾਬ ਦੇ ਮਾਲਵਾ ਖ਼ਿੱਤੇ ਵਿੱਚ ਕੁਦਰਤੀ ਖੇਤੀ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਵਾਲੇ ਖੇਤੀ ਵਿਰਾਸਤ ਮਿਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਉਮੇਂਦਰ ਦੱਤ ਨੇ ਦੱਸਿਆ ਕਿ ਕਿਸਾਨਾਂ ਦੀ ਸਭ ਤੋਂ ਵੱਡੀ ਚਿੰਤਾ ਉਨ੍ਹਾਂ ਦੀ ਆਮਦਨ ਹੈ ਅਤੇ ਇਸ ਵਿੱਚ ਸਰਕਾਰਾਂ ਨੂੰ ਆਪਣਾ ਯੋਗਦਾਨ ਪਾਉਣਾ ਹੋਵੇਗਾ। ਉਨ੍ਹਾਂ ਕਿਹਾ, "ਕੁਦਰਤੀ ਖੇਤੀ ਲਈ ਕਿਸਾਨਾਂ ਨੂੰ ਪ੍ਰੇਰਿਤ ਕਰਨ ਦੇ ਨਾਲ-ਨਾਲ ਸਰਕਾਰ ਅਤੇ ਖੇਤੀਬਾੜੀ ਯੂਨੀਵਰਸਿਟੀਆਂ ਦੇ ਮਾਹਰਾਂ ਨੂੰ ਅਜਿਹੀਆਂ ਨੀਤੀਆਂ ਬਣਾਉਣ ਦੀ ਲੋੜ ਹੈ, ਜਿਨ੍ਹਾਂ ਨਾਲ ਕਿਸਾਨ ਨੂੰ ਫਾਇਦਾ ਹੋਵੇ।" ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਖਾਦਾਂ ਦੇ ਫ਼ਾਇਦੇ ਅਤੇ ਨੁਕਸਾਨ ਬਾਰੇ ਜਾਣਕਾਰੀ ਹੈ, ਪਰ ਉਹ ਇਸ ਦਾ ਇਸਤੇਮਾਲ ਮਜਬੂਰੀ ਵੱਸ ਕਰ ਰਹੇ ਹਨ। ਉਨ੍ਹਾਂ ਮੁਤਾਬਕ ਪਿਛਲੇ ਸਾਲਾਂ ਦੌਰਾਨ ਕਿਸਾਨਾਂ ਦਾ ਕੁਦਰਤੀ ਖੇਤੀ ਵੱਲ ਰੁਝਾਨ ਵਧਿਆ ਹੈ, ਪਰ ਸਰਕਾਰਾਂ ਨੂੰ ਇਸ ਵਿੱਚ ਹੋਰ ਯੋਗਦਾਨ ਪਾਉਣਾ ਪਵੇਗਾ।

### ਖਾਦ ਬਾਰੇ ਕੀ ਹੈ ਜਾਣਕਾਰਾਂ ਦੀ ਰਾਏ

ਪੀਏਯੂ, ਲੁਧਿਆਣਾ ਦੇ ਪੰਜਾਬ ਐਗਰੀਕਲਚਰ ਮੈਨੇਜਮੈਂਟ ਅਤੇ ਟ੍ਰੇਨਿੰਗ ਇੰਸਟੀਚਿਊਟ ਦੇ ਸੇਵਾ ਮੁਕਤ ਡਾਇਰੈਕਟਰ ਡਾ. ਐੱਸਪੀਐੱਸ ਬਰਾੜ ਨੇ ਦੱਸਿਆ ਕਿ ਜੇਕਰ ਖਾਦ ਦੀ ਪੂਰਤੀ ਨਾ ਹੋਈ ਤਾਂ ਕਿਸਾਨੀ ਵੱਡੇ ਸੰਕਟ ਵੱਲ ਜਾ ਸਕਦੀ ਹੈ। ਪ੍ਰੋਫੈਸਰ ਬਰਾੜ ਮੁਤਾਬਕ ਜੇਕਰ ਪੰਜਾਬ ਅਜਿਹਾ ਨਾ ਕਰਦਾ ਹੁੰਦਾ ਤਾਂ ਦੇਸ਼ ਵਿੱਚ ਅਨਾਜ ਭੰਡਾਰਨ ਦੀ ਦਿੱਕਤ ਪੈ ਸਕਦੀ ਸੀ। ਉਨ੍ਹਾਂ ਦੱਸਿਆ ਕਿ ਅਸਲ ਵਿੱਚ ਰਸਾਇਣਕ ਖਾਦਾਂ ਸਰਕਾਰ ਨੂੰ ਦੂਜੇ ਦੇਸ਼ਾਂ ਤੋਂ ਮੰਗਵਾਉਣੀਆਂ ਪੈਂਦੀਆਂ ਹਨ, ਜਿਸ 'ਤੇ ਕਾਫ਼ੀ ਪੈਸਾ ਖਰਚ ਹੁੰਦਾ ਹੈ। ਹੁਣ ਖਾੜੀ ਦੇਸ਼ਾਂ ਵਿੱਚ ਚੱਲ ਰਹੀ ਲੜਾਈ ਕਾਰਨ ਇਹ ਸੰਕਟ ਹੋਰ ਵੱਧ ਗਿਆ ਹੈ, ਜਿਸ ਕਰਕੇ ਕੁਦਰਤੀ ਖੇਤੀ ਦੀ ਸਲਾਹ ਦਿੱਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਸਵਾਲ ਉਠਾਇਆ ਕਿ ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਖਾਦ ਦੇ ਸਿਰਫ਼ ਦੋ ਹੀ ਕਾਰਖ਼ਾਨੇ (ਨੰਗਲ ਅਤੇ ਬਠਿੰਡਾ) ਹਨ, ਪਰ ਇਹਨਾਂ ਦੀ ਗਿਣਤੀ ਵਿੱਚ ਵਾਧਾ ਕਿਉ ਨਹੀ ਕੀਤਾ ਗਿਆ। ਪੰਜਾਬ ਰਾਜ ਖੇਤੀ ਕਮਿਸ਼ਨ ਦੇ ਚੇਅਰਮੈਨ ਅਤੇ ਅਰਥ-ਸ਼ਾਸਤਰੀ ਡਾ. ਸੁਖਪਾਲ ਸਿੰਘ ਕਹਿੰਦੇ ਹਨ ਕਿ ਰਸਾਇਣਕ ਖਾਦਾਂ 'ਤੇ ਕਾਫ਼ੀ ਪੈਸਾ ਖਰਚ ਹੁੰਦਾ ਹੈ, ਇਸ ਨੂੰ ਘੱਟ ਕਰਨ ਦੀ ਲੋੜ ਹੈ। ਉਨ੍ਹਾਂ ਮੁਤਾਬਕ ਖਾਦਾਂ ਦੀ ਵਰਤੋਂ ਖੇਤੀਬਾੜੀ ਯੂਨੀਵਰਸਿਟੀ ਜਾਂ ਮਾਹਿਰਾਂ ਦੀ ਸਲਾਹ ਨਾਲ ਹੀ ਕਰਨੀ ਚਾਹੀਦੀ ਹੈ। ਪਰ ਨਾਲ ਹੀ ਉਹ ਆਖਦੇ ਹਨ ਕਿ ਕੁਦਰਤੀ ਖੇਤੀ ਦੇ ਤਰੀਕੇ ਵਿੱਚ ਕੁਝ ਅੜਚਨਾਂ ਹਨ, ਜਿਸ ਕਾਰਨ ਇਹ ਖੇਤੀ ਹਾਲੇ ਪੂਰੀ ਤਰ੍ਹਾਂ ਵਿਵਹਾਰਕ ਨਹੀ ਹੈ।

### ਕਿਸਾਨ ਸੰਗਠਨਾਂ ਦਾ ਪੱਖ

ਕਿਰਤੀ ਕਿਸਾਨ ਯੂਨੀਅਨ ਦੇ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਬਿਆਨ 'ਤੇ ਕਿਹਾ, "ਕੁਦਰਤੀ ਖੇਤੀ ਸੰਭਵ ਹੀ ਨਹੀ ਹੈ, ਕਿਉਂਕਿ ਬੀਜ ਵੱਡੀਆਂ ਕੰਪਨੀਆਂ ਦੀ ਗ੍ਰਿਫ਼ਤ ਵਿੱਚ ਹੈ ਅਤੇ ਪੈਦਾਵਾਰ ਲਈ ਖਾਦ ਜ਼ਰੂਰੀ ਹੈ।" ਉਨ੍ਹਾਂ ਕਿਹਾ, "ਕੁਦਰਤੀ ਖੇਤੀ ਇੱਕ ਦਮ ਨਹੀ ਹੁੰਦੀ। ਇਸ ਲਈ ਕਈ ਸਾਲ ਲੱਗਦੇ ਹਨ ਅਤੇ ਪੰਜਾਬ ਦੇ ਕਿਸਾਨ ਦੀ ਸਥਿਤੀ ਅਜਿਹੀ ਨਹੀ ਕਿ ਉਹ ਕਣਕ-ਝੋਨੇ ਤੋਂ ਬਾਅਦ ਦੂਜੀ ਫਸਲ ਵਿੱਚ ਰਿਸਕ ਲੈ ਸਕੇ, ਕਿਉਂਕਿ ਸਵਾਲ ਉਸ ਦੀ ਆਮਦਨ ਨਾਲ ਜੁੜਿਆ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਵਿੱਚ ਖਾਦ ਖਪਤ ਨੂੰ ਲੈ ਕੇ ਜ਼ਿਆਦਾ ਪ੍ਰਚਾਰ ਕੀਤਾ ਜਾ ਰਿਹਾ ਹੈ, ਜਦਕਿ ਪੰਜਾਬ ਦਾ ਕਿਸਾਨ ਸਾਲ ਵਿੱਚ ਤਿੰਨ ਫਸਲਾਂ ਉਗਾਉਂਦਾ ਹੈ, ਜਿਸ ਲਈ ਖਾਦ ਦੀ ਲੋੜ ਪੈਂਦੀ ਹੈ। ਉਨ੍ਹਾਂ ਦੱਸਿਆ, "ਅਸਲ ਵਿੱਚ ਸਰਕਾਰ ਖਾਦ 'ਤੇ ਸਬਸਿਡੀ ਘਟਾਉਣਾ ਚਾਹੁੰਦੀ ਹੈ, ਇਸ ਲਈ ਉਹ ਕਿਸਾਨਾਂ ਨੂੰ ਕੁਦਰਤੀ ਖੇਤੀ ਵੱਲ ਧੱਕ ਰਹੀ ਹੈ, ਪਰ ਅਨਾਜ ਕਿੱਥੋਂ ਆਵੇਗਾ, ਇਸ ਬਾਰੇ ਕੁਝ ਨਹੀ ਦੱਸਿਆ ਜਾ ਰਿਹਾ।" ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਨ ਸਿੰਘ ਪੰਧੇਰ ਨੇ ਵੀ ਪ੍ਰਧਾਨ ਮੰਤਰੀ ਦੇ ਬਿਆਨ 'ਤੇ ਨਾਖ਼ੁਸ਼ੀ ਜਤਾਈ। ਉਨ੍ਹਾਂ ਕਿਹਾ, "ਭਾਰਤ ਦੀ ਵਿਦੇਸ਼ ਨੀਤੀ ਫ਼ੇਲ੍ਹ ਹੋ ਗਈ ਹੈ, ਜਿਸ ਕਾਰਨ ਦੇਸ਼ ਸੰਕਟ ਵਿੱਚ ਫਸਦਾ ਜਾ ਰਿਹਾ ਹੈ।" ਉਨ੍ਹਾਂ ਇਹ ਵੀ ਕਿਹਾ ਕਿ ਇਹ ਸੰਕਟ ਕਾਫ਼ੀ ਸਮੇਂ ਤੋਂ ਹੈ, ਪਰ ਇਸ 'ਤੇ ਸਮੇਂ ਸਿਰ ਵਿਚਾਰ ਨਹੀ ਕੀਤਾ ਗਿਆ।

# ਰਸਾਇਣਕ ਤੋਂ ਜੈਵਿਕ ਖੇਤੀ ਵੱਲ ਵਧਾਈਏ ਕਦਮ



**ਦਿਨੇਸ਼ ਦਮਾਥੀਆ**

**ਮੁੱਢ** ਕਦੀਮ ਤੋਂ ਸਾਡੀ ਖੇਤੀ ਸਾਡੀਆਂ ਆਰਥਿਕ ਲੋੜਾਂ ਨੂੰ ਪੂਰਾ ਕਰਦੀ ਆਈ ਹੈ। ਰੋਟੀ, ਕੱਪੜਾ ਅਤੇ ਮਕਾਨ ਦੀ ਜੱਦੋ-ਜਹਿਦ ਕਰਦੇ-ਕਰਦੇ ਸਾਡੀਆਂ ਬੁਨਿਆਦੀ ਜ਼ਰੂਰਤਾਂ ਬਹੁਤ ਜ਼ਿਆਦਾ ਵੱਧ ਗਈਆਂ ਅਤੇ ਅਸੀ ਆਪਣੀ ਖੇਤੀ ਤੋਂ ਕਈ ਗੁਣਾਂ ਵਧੇਰੇ ਮੁਨਾਫ਼ਾ ਲੈਣ ਦੀਆਂ ਤਰਕੀਬਾਂ ਬਣਾਉਣ ਲੱਗ ਪਏ। ਇਨ੍ਹਾਂ ਤਰਕੀਬਾਂ 'ਚ ਸਭ ਤੋਂ ਵੱਧ ਪ੍ਰਭਾਵਸ਼ਾਲੀ ਸੀ ਖੇਤਾਂ 'ਚ ਰਸਾਇਣਕ ਖਾਦਾਂ ਤੇ ਜ਼ਹਿਰਾਂ ਦੀ ਬਹੁਤਾਤ। ਆਪਣੇ ਆਰਥਿਕ ਟੀਚੇ ਨੂੰ ਪੂਰਾ ਕਰਨ ਲਈ ਅਸੀ ਆਪਣੀ ਸਿਹਤ ਨੂੰ ਵੀ ਖ਼ਤਰੇ 'ਚ ਪਾਉਣ ਤੋਂ ਜ਼ਰਾ ਵੀ ਗੁਰੇਜ਼ ਨਾ ਕੀਤਾ।

### ਚੁੱਕਣੇ ਪੈਣਗੇ ਠੋਸ ਕਦਮ

ਕੀੜਿਆਂ ਤੇ ਬਿਮਾਰੀਆਂ ਦੀ ਰੋਕਥਾਮ ਵਜੋਂ ਵਰਤੇ ਜਾਂਦੇ ਵੱਡੀ ਮਾਤਰਾ 'ਚ ਜ਼ਹਿਰ ਅਤੇ ਰਸਾਇਣ ਪਤਾ ਹੀ ਨਹੀ ਲੱਗਾ ਕਿ ਕਦੋਂ ਸਾਡੀ ਧਰਤੀ, ਪਾਣੀ ਅਤੇ ਹਵਾ ਨੂੰ ਵੀ ਪੂਰੀ ਤਰ੍ਹਾਂ ਨਾਲ ਜ਼ਹਿਰੀਲੇ ਕਰਨ ਲੱਗੇ ਪਏ। ਹੁਣ ਜਦੋਂ ਸਾਨੂੰ ਹਰ ਪਾਸੇ ਬਸ ਜ਼ਹਿਰ ਹੀ ਜ਼ਹਿਰ ਮਹਿਸੂਸ ਹੋਣ ਲੱਗ ਪਿਆ ਹੈ ਤਾਂ ਸਾਨੂੰ ਹੁਣ ਇਸ ਸਮਸਿਆ ਤੋਂ ਬਚਣ ਲਈ ਕੁਝ ਠੋਸ ਕਦਮ ਚੁੱਕਣੇ ਪੈਣਗੇ। ਅੱਜ ਸਮੇਂ ਦੀ ਇਹ ਮੁੱਖ ਲੋੜ ਹੈ ਕਿ ਅਸੀ ਹੁਣ ਇਨ੍ਹਾਂ ਜ਼ਹਿਰਾਂ ਅਤੇ ਰਸਾਇਣਾਂ ਤੋਂ ਆਪਣੀ ਖੇਤੀ ਨੂੰ ਦੂਰ ਕਰੀਏ ਤੇ ਮਨੁੱਖੀ ਸਿਹਤ ਨੂੰ ਖ਼ਤਰਨਾਕ ਅਲਾਮਤਾਂ ਤੋਂ ਬਚਾਈਏ। ਇਸ ਸਭ ਲਈ ਜੇ ਕੋਈ ਯੋਗ ਉਪਰਾਲਾ ਕੀਤਾ ਜਾ ਸਕਦਾ ਹੈ ਤਾਂ ਉਹ ਇਹ ਹੈ ਕਿ ਅਸੀ ਆਪਣੀ ਖੇਤੀ ਦੇ ਢੰਗਾਂ ਵਿਚ ਵੱਡੀ ਤਬਦੀਲੀ ਲਿਆਈਏ ਤੇ ਜੈਵਿਕ ਖੇਤੀ ਵੱਲ ਆਪਣੇ ਕਦਮਾਂ ਨੂੰ ਮੋੜੀਏ।

### ਖੇਤੀਬਾੜੀ ਮਾਹਿਰਾਂ ਦੀ ਲਈ ਜਾ ਸਕਦੀ ਸਲਾਹ

ਜੈਵਿਕ ਖੇਤੀ ਤੋਂ ਭਾਵ ਬਿਨਾਂ ਖਾਦਾਂ ਤੇ ਜ਼ਹਿਰਾਂ ਦੀ ਖੇਤੀ। ਆਪਣੀ ਖੇਤੀ ਤੋਂ ਭਾਵੇਂ ਘੱਟ ਉਪਜ ਲਈ ਜਾਵੇ ਪਰ ਉਹ ਉਪਜ ਸਾਡੀ ਸਿਹਤ ਨੂੰ ਕਿਸੇ ਤਰ੍ਹਾਂ ਦਾ ਕੋਈ ਨੁਕਸਾਨ ਨਾ ਪਹੁੰਚਾਵੇ। ਜ਼ਮੀਨ ਦੀ ਸਿਹਤ ਲਈ ਖਾਦਾਂ ਤਾਂ ਪਾਈਆਂ ਜਾਣ ਪਰ ਉਹ ਖਾਦਾਂ ਜੈਵਿਕ ਜਾਂ ਕੁਦਰਤੀ ਹੋਣ ਭਾਵ ਪਸ਼ੂਆਂ ਦੇ ਗੋਹੇ ਅਤੇ ਪਿਸ਼ਾਬ ਤੋਂ ਤਿਆਰ ਕੀਤੀ ਖਾਦ। ਇਸ ਤੋਂ ਇਲਾਵਾ ਸਾਡੀ ਜ਼ਮੀਨ ਦੇ ਮਿੱਤਰ ਜੀਵ ਯਾਨੀ ਗੰਡੋਇਆਂ ਤੋਂ ਵੀ ਖ਼ਾਸ ਕਿਸਮ ਦੀ ਖਾਦ ਤਿਆਰ ਕੀਤੀ ਜਾਂਦੀ ਹੈ, ਜਿਸ ਨਾਲ ਵੀ ਖੇਤੀ ਯੋਗ ਜ਼ਮੀਨ ਦੀ ਉਪਜਾਊ ਸ਼ਕਤੀ ਨੂੰ ਵਧਾਇਆ ਜਾ ਸਕਦਾ ਹੈ। ਜਿਥੋਂ ਤੱਕ ਫ਼ਸਲਾਂ ਨੂੰ ਲੱਗਣ ਵਾਲੇ ਕੀੜੇ-ਮਕੌੜੇ ਤੇ ਭਿਆਨਕ ਬਿਮਾਰੀਆਂ ਤੋਂ ਬਚਾਅ ਦੀ ਗੱਲ ਹੈ, ਕੁਝ ਦੇਸੀ ਭਾਵ ਜੈਵਿਕ ਢੰਗਾਂ ਨਾਲ ਹੀ ਬੜੇ ਆਸਾਨ ਅਤੇ ਪ੍ਰਭਾਵਸ਼ਾਲੀ ਨਤੀਜੇ ਵੇਖੇ ਜਾ ਸਕਦੇ ਹਨ। ਕਈ ਵਾਰ ਕੁਝ ਜ਼ਹਿਰੀਲੇ ਪੌਦਿਆਂ, ਜਿਵੇਂ ਅੱਕ, ਧਤੂਰਾ, ਨਿੰਮ, ਲਸਣ ਆਦਿ ਦੀ ਵਰਤੋਂ ਨਾਲ ਵੀ ਫ਼ਸਲਾਂ ਦੇ ਕੀੜਿਆਂ ਤੇ ਬਿਮਾਰੀਆਂ ਤੋਂ ਫ਼ਸਲਾਂ ਨੂੰ ਰਾਹਤ ਮਿਲ ਜਾਂਦੀ ਹੈ। ਅਜਿਹੇ ਜੈਵਿਕ ਢੰਗਾਂ ਬਾਰੇ ਖੇਤੀਬਾੜੀ ਮਾਹਿਰਾਂ ਦੀ ਸਲਾਹ ਲਈ ਜਾ ਸਕਦੀ ਹੈ। ਜੋ ਕਿਸਾਨ ਅਜਿਹੀ ਖੇਤੀ ਕਰਨ ਲੱਗੇ ਹਨ, ਉਨ੍ਹਾਂ ਦੀ ਰਾਏ ਵੀ ਲਈ ਜਾ ਸਕਦੀ ਹੈ।

### ਪੌਸ਼ਟਿਕ ਤੱਤ ਰਹਿੰਦੇ ਬਰਕਰਾਰ

ਕੁਝ ਛੋਟੇ ਤੇ ਉੱਦਮੀ ਕਿਸਾਨ ਜੈਵਿਕ ਖੇਤੀ ਦੇ ਇਸ ਸਫ਼ਰ ਵੱਲ ਆਪਣੇ ਕਦਮ ਵਧਾ ਰਹੇ ਹਨ ਤੇ ਜੈਵਿਕ ਖੇਤੀ ਅਤੇ ਰਸਾਇਣਿਕ ਖੇਤੀ 'ਚ ਵੱਡਾ ਅੰਤਰ ਦੇਖ ਰਹੇ ਹਨ। ਜੈਵਿਕ ਖੇਤੀ ਕਰਦੇ ਕੁਝ ਕਿਸਾਨਾਂ ਦਾ ਮੰਨਣਾ ਹੈ ਕਿ ਖੇਤਾਂ 'ਚ ਜੈਵਿਕ ਢੰਗ ਨਾਲ ਪੈਦਾ ਕੀਤੀਆਂ ਵਸਤੂਆਂ ਸਿਹਤ ਲਈ ਤਾਂ ਸੁਰੱਖਿਅਤ ਹਨ ਹੀ, ਇਸ ਦੇ ਨਾਲ-ਨਾਲ ਇਨ੍ਹਾਂ ਵਿਚ ਪੌਸ਼ਟਿਕ ਤੱਤ ਬਰਕਰਾਰ ਰਹਿੰਦੇ ਹਨ। ਕੁਝ ਵੱਡੇ ਕਿਸਾਨ ਆਪਣੇ ਖਾਣ ਲਈ ਜੈਵਿਕ ਢੰਗ ਨਾਲ ਤਿਆਰ ਜਿਣਸਾਂ ਦੀ ਵਰਤੋਂ ਕਰਨ ਲੱਗ ਪਏ ਹਨ ਪਰ ਅਜਿਹੇ ਕਿਸਾਨਾਂ ਨੂੰ ਬੇਨਤੀ ਹੈ ਕਿ ਉਹ ਸਿਰਫ਼ ਆਪਣੀ ਅਤੇ ਆਪਣੇ ਪਰਿਵਾਰ ਦੀ ਸਿਹਤ ਲਈ ਹੀ ਚਿੰਤਾਸ਼ੀਲ ਨਾ ਹੋਣ ਸਗੋਂ ਸਮਾਜ ਦੇ ਸਾਰੇ ਲੋਕਾਂ ਲਈ ਵੀ ਚੰਗੀ ਸਿਹਤ ਦੀ ਕਾਮਨਾ ਕਰਨ ਅਤੇ ਆਪਣੀ ਖੇਤੀ ਦਾ ਕੁਝ ਹਿੱਸਾ ਨਹੀ ਸਗੋਂ ਸਾਰੀ ਖੇਤੀ ਨੂੰ ਹੀ ਜੈਵਿਕ ਢੰਗ ਨਾਲ ਕਰਨ ਦੀ ਕੋਸ਼ਿਸ਼ ਕਰਨ।

### ਕਿਸਾਨਾਂ 'ਤੇ ਹੈ ਅਹਿਮ ਜ਼ਿੰਮੇਵਾਰੀ

ਪੰਜਾਬ ਦੇ ਕੁਝ ਅਜਿਹੇ ਜ਼ਿਲ੍ਹੇ ਹਨ, ਜਿਨ੍ਹਾਂ ਨੂੰ ਖੇਤੀ ਜ਼ਹਿਰਾਂ ਕਰਕੇ ਕੈਂਸਰ ਜਿਹੀਆਂ ਜਾਨਲੇਵਾ ਬਿਮਾਰੀਆਂ ਲੱਗ ਚੁੱਕੀਆਂ ਹਨ। ਜਿੱਥੋਂ ਦੀ ਨਾ ਕੇਵਲ ਜ਼ਮੀਨ ਸਗੋਂ ਪਾਣੀ ਅਤੇ ਹਵਾ ਤੱਕ ਵੀ ਪੂਰੀ ਤਰ੍ਹਾਂ ਨਾਲ ਜ਼ਹਿਰੀਲੇ ਹੋ ਚੁੱਕੇ ਹਨ। ਇਸ ਸਾਰੀ ਸਥਿਤੀ ਨੂੰ ਤਾਂ ਹੀ ਕਾਬੂ 'ਚ ਕੀਤਾ ਜਾ ਸਕਦਾ ਹੈ, ਜੇ ਅਸੀਂ ਹੁਣ ਤੋਂ ਹੀ ਜ਼ਮੀਨ ਨੂੰ ਲਗਾਤਾਰ ਜ਼ਹਿਰਾਂ ਪਾਉਣ ਤੋਂ ਸਦਾ ਲਈ ਹਟ ਜਾਈਏ। ਭਾਵੇਂ ਅਸੀ ਰਸਾਇਣਕ ਖਾਦਾਂ ਤੇ ਜ਼ਹਿਰਾਂ ਦੀ ਦਲਦਲ 'ਚ ਬਹੁਤ ਜ਼ਿਆਦਾ ਧੱਸ ਚੁੱਕੇ ਹਾਂ ਪਰ ਅਜੇ ਵੀ ਸੰਭਲਿਆ ਜਾ ਸਕਦਾ ਹੈ। ਅਜੇ ਵੀ ਖੇਤੀ ਨੂੰ ਜੈਵਿਕ ਜਾਂ ਕੁਦਰਤੀ ਢੰਗ ਨਾਲ ਕੀਤਾ ਜਾ ਸਕਦਾ ਹੈ। ਕੁਦਰਤ ਨੇ ਸਾਨੂੰ ਕਦੇ ਵੀ ਜ਼ਹਿਰਾਂ ਦੀ ਵਰਤੋਂ ਕਰਨ ਲਈ ਸੱਦਾ ਨਹੀ ਦਿੱਤਾ। ਅਸੀ ਖ਼ੁਦ ਨੂੰ ਇੰਨਾ ਲਾਲਚੀ ਕਰ ਲਿਆ ਹੈ ਕਿ ਪੈਸੇ ਲਈ ਅਸੀ ਆਪਣੀ ਸਿਹਤ ਨਾਲ ਖੇਡਣ ਲੱਗੇ ਹਾਂ। ਇਕ ਤਾਂ ਕਿਸਾਨ ਇਨ੍ਹਾਂ ਜ਼ਹਿਰਾਂ ਦੀ ਵਰਤੋਂ ਕਰ ਕੇ ਆਪਣੇ ਖੇਤੀ ਖ਼ਰਚੇ ਵਧਾਉਂਦੇ ਹਨ ਅਤੇ ਦੂਜਾ ਇਨ੍ਹਾਂ ਨਾਲ ਪੈਦਾ ਹੋਈਆਂ ਖੇਤੀ ਜਿਣਸਾਂ ਨਾਲ ਹੋਰ ਦੂਜੇ ਲੋਕਾਂ ਨੂੰ ਵੀ ਜ਼ਹਿਰ ਖਾਣ ਲਈ ਮਜਬੂਰ ਕਰ ਰਹੇ ਹਾਂ। ਪਿਆਰੇ ਕਿਸਾਨ ਵੀਰੋ, ਆਓ ਅਸੀ ਕੁਦਰਤੀ ਢੰਗਾਂ ਨਾਲ ਕੀਤੀ ਖੇਤੀ ਯਾਨੀ ਜੈਵਿਕ ਖੇਤੀ ਕਰ ਕੇ ਆਪਣੀ ਕਿਸਾਨੀ ਨੂੰ ਪਹਿਲਾਂ ਤੋਂ ਵੀ ਵੱਧ ਪਵਿੱਤਰ ਬਣਾਈਏ। ਪਹਿਲਾਂ ਸਾਡੇ ਕਿਸਾਨ ਦੇ ਜ਼ਿੰਮੇ ਹਰ ਨਾਗਰਿਕ ਦਾ ਢਿੱਡ ਭਰਨ ਦਾ ਟੀਚਾ ਸੀ ਤੇ ਅੱਜ ਕਿਸਾਨ ਦੇ ਸਿਰ ਉਤੇ ਆਪਣੇ ਸੂਬੇ ਅਤੇ ਆਪਣੇ ਦੇਸ਼ ਦੇ ਲੋਕਾਂ ਦੀ ਸਿਹਤ ਪ੍ਰਤੀ ਆਪਣੀ ਪੂਰਨ ਵਫ਼ਾਦਾਰੀ ਨਿਭਾਉਣ ਦੀ ਅਹਿਮ ਜ਼ਿੰਮੇਵਾਰੀ ਹੈ। ਨਾ ਕਿਸਾਨ ਉਦੋਂ ਪਿੱਛੇ ਹਟਿਆ ਸੀ ਤੇ ਉਮੀਦ ਹੈ, ਨਾ ਹੀ ਕਿਸਾਨ ਅੱਜ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਹਟੇਗਾ। ਅੱਜ ਸਾਨੂੰ ਸਭ ਨੂੰ ਰਸਾਇਣਕ ਖੇਤੀ ਤੋਂ ਜੈਵਿਕ ਜਾਂ ਕੁਦਰਤੀ ਖੇਤੀ ਵੱਲ ਆਉਣ ਦੀ ਲੋੜ ਹੈ, ਤਾਂ ਜੋ ਅਸੀ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਭਵਿੱਖ ਦਾ ਨਿਰਮਾਣ ਕਰ ਸਕੀਏ।

# ਲੋਪ ਹੋ ਗਈ ਕੁੱਪ ਬੰਨ੍ਹਣ ਦੀ ਕਲਾ

**ਹਰਸੰਤ ਸਿੰਘ ਢੀਂਡਸਾ**



**ਪੰਜਾਬ** ਵਿੱਚ ਪਿਛਲੇ ਸਮਿਆਂ ਵਿੱਚ ਕੁੱਪ ਆਮ ਹੀ ਨਜ਼ਰ ਆਉਂਦੇ ਸਨ। ਫਿਰ ਸਮੇਂ ਨੇ ਕਰਵਟ ਲਈ ਤਾਂ ਹੁਣ ਕੁੱਪ ਲਗਭਗ ਲੋਪ ਹੀ ਹੋ ਚੁੱਕੇ ਹਨ। ਜੇਕਰ ਪਿੰਡਾਂ ਵਿੱਚ ਜਾਓ ਤਾਂ ਸੜਕਾਂ ਤੋਂ ਕੋਈ ਟਾਵਾਂ ਟੱਲਾ ਕੁੱਪ ਹੀ ਨਜ਼ਰ ਆਉਂਦਾ ਹੈ, ਉਹ ਵੀ ਕਿਤੇ-ਕਿਤੇ ਹੀ। ਪਹਿਲਾਂ ਪਸ਼ੂਆਂ ਲਈ ਤੂੜੀ ਨੂੰ ਸਾਲ ਭਰ ਸਾਂਭ ਕੇ ਰੱਖਣ ਲਈ ਕੁੱਪ ਹੀ ਹੁੰਦੇ ਸਨ। ਹੁਣ ਲੋਕਾਂ ਨੇ ਕੁੱਪ ਬੰਨ੍ਹਣੇ ਛੱਡ ਕੇ ਤੂੜੀ ਸੰਭਾਲਣ ਲਈ ਸ਼ੈੱਡ ਜਾਂ ਕਮਰੇ ਬਣਾ ਲਏ ਹਨ। ਕੁੱਪ ਬੰਨ੍ਹਣਾ ਕਲਾ ਦਾ ਕੰਮ ਹੈ। ਜਣਾ ਖਣਾ ਕੁੱਪ ਨਹੀ ਬੰਨ੍ਹ ਸਕਦਾ। ਜਿਵੇਂ ਗੁਹਾਰੇ ਦੀ ਬਣਤਰ ਕਿਸੇ ਚੰਗੀ ਸੁਆਣੀ ਦੇ ਕਲਾ ਦੇ ਨਮੂਨੇ ਪੇਸ਼ ਕਰਦੀ ਹੈ, ਇਸ ਤਰ੍ਹਾਂ ਹੀ ਕੁੱਪ ਦੀ ਬਣਤਰ ਵੀ ਇੱਕ ਹੁਨਰਮੰਦ ਕਾਮੇ ਦੀ ਕਲਾਕਾਰੀ ਦੀ ਤਸਵੀਰ ਸਾਡੀਆਂ ਅੱਖਾਂ ਦੇ ਸਾਹਮਣੇ ਪੇਸ਼ ਕਰਦੀ ਹੈ। ਵੱਡੀ ਤਾਦਾਦ ਵਿੱਚ ਤੂੜੀ ਨੂੰ ਥੋੜ੍ਹੇ ਥਾਂ ਵਿੱਚ ਸਾਂਭਣਾ, ਫਿਰ ਸਾਰਾ ਸਾਲ ਮੀਂਹ ਦੇ ਪਾਣੀ ਤੋਂ ਬਚਾਉਣ ਲਈ ਉਸ ਨੂੰ ਗੁਲਾਈ ਦਾ ਰੂਪ ਦੇਣਾ, ਸ਼ੰਕੂ ਦੇ ਵਾਂਗ ਢਾਲ ਕਰਨੀ, ਬਿਨਾਂ ਕਿਸੇ ਅਗਾਊ ਨਕਸ਼ੇ ਦੇ ਕੋਈ ਛੋਟਾ ਕੰਮ ਨਹੀ ਹੈ। ਇੱਕ ਕੁੱਪ ਬੰਨ੍ਹਣ ਲਈ ਤਕਰੀਬਨ 8 ਤੋਂ 10 ਵਿਅਕਤੀ ਲੱਗਦੇ ਸਨ, ਚਾਰ ਵਿਅਕਤੀ ਪੰਡਾਂ ਦੇ ਨਾਲ ਤੂੜੀ ਪਾਉਂਦੇ ਸਨ, ਦੋ-ਤਿੰਨ ਬੰਦੇ ਕੁੱਪ ਵਿੱਚ ਪੰਡਾਂ ਖੋਲ੍ਹਦੇ ਅਤੇ ਤੂੜੀ ਦੀ ਲਤੜਾਈ ਕਰਦੇ, ਇੱਕ ਵਿਅਕਤੀ ਕਣਕ ਦੀ ਝਾੜੀ ਹੋਈ ਨਾਲੀ ਫੜਾਉਂਦਾ ਅਤੇ ਇੱਕ ਰੱਸਾ ਖਿੱਚਦਾ। ਕੁੱਪ ਬੰਨ੍ਹਣ ਵਾਲਾ ਮੁੱਖ ਬਨਾਰਾ ਸਾਰੇ ਕੰਮ ਦਾ ਸੂਤਰਧਾਰ ਹੁੰਦਾ ਸੀ। ਸਵੇਰ ਤੋਂ ਸ਼ੁਰੂ ਕਰਕੇ ਸ਼ਾਮ ਤੱਕ ਪੂਰੇ ਪਿੜ ਦੀ ਤੂੜੀ ਇੱਕ ਕੁੱਪ ਵਿੱਚ ਸਾਂਭ ਦਿੱਤੀ ਜਾਂਦੀ ਸੀ। ਤੂੜੀ ਸਾਂਭਣਾ ਹਾੜ੍ਹੀ ਦੇ ਸੀਜ਼ਨ ਦਾ ਆਖਰੀ ਪੜਾਅ ਹੁੰਦਾ ਸੀ। ਕੁੱਪ ਦਾ ਸਾਰਾ ਖ਼ਰਚਾ ਸੀਮਤ ਹੀ ਹੁੰਦਾ, ਉਸ ਸਮੇਂ ਕਲਾ ਅਤੇ ਮਿਹਨਤ ਦਾ ਸੁਮੇਲ ਸੀ, ਅੱਜ ਵਾਂਗ ਹਰ ਗੱਲ ਪੈਸੇ ਨਾਲ ਨਹੀ ਸੀ ਹੁੰਦੀ। ਕੁੱਪ ਨੂੰ ਖੜ੍ਹਾਉਣ ਲਈ ਆਲੇ ਦੁਆਲੇ ਲੱਕੜ ਦੇ ਕੀਲੇ ਗੱਡੇ ਜਾਂਦੇ, ਤੂੜੀ ਨੂੰ ਢੱਕਣ ਲਈ ਪਹਿਲਾਂ ਕਣਕ ਦੀ ਨਾਲੀ ਝਾੜੀ ਜਾਂਦੀ, ਆਲੇ ਦੁਆਲੇ ਲਪੇਟਣ ਲਈ ਦੁਕਾਨਦਾਰਾਂ ਤੋਂ ਬਾਣ ਵਾਲਾ ਰੱਸਾ ਖ਼ਰੀਦ ਦੇ ਅਤੇ ਕੁਝ ਤਾਂ ਪਰਾਲੀ ਦੇ ਵੱਟੇ ਛੁੱਬਾ ਨਾਲ ਹੀ ਕੁੱਪ ਬੰਨ੍ਹ ਦਿੰਦੇ ਸਨ। ਪੰਜਾਬ ਦੇ ਪਿੰਡਾਂ ਵਿੱਚ ਥਾਂ ਥਾਂ ਕੁੱਪ ਨਜ਼ਰ ਆਉਂਦੇ ਸਨ, ਹੁਣ ਇਹ ਟਾਵੇਂ ਟਾਵੇਂ ਹੀ ਨਜ਼ਰ ਆਉਂਦੇ ਹਨ। ਹਰਿਆਣਾ ਵਿੱਚ ਲੋਕ ਤੂੜੀ ਦੀਆਂ ਧੜਾਂ ਲਾਉਂਦੇ, ਭਾਵ ਕਿ ਤੂੜੀ ਉੱਤੇ ਕਾਗਜ਼ ਪਾ ਕੇ, ਮਿੱਟੀ ਦਾ ਲੇਪ ਕਰ ਦਿੰਦੇ ਹਨ ਜੋ ਕਿ ਸਿੱਧਾ ਸਾਦਾ ਕੰਮ ਹੁੰਦਾ ਹੈ, ਪਰ ਪੰਜਾਬ ਵਿੱਚ ਧੜਾਂ ਵਾਲੇ ਕੰਮ ਨੂੰ ਪਸੰਦ ਨਹੀ ਕੀਤਾ ਜਾਂਦਾ। ਇਸ ਸਬੰਧੀ ਉਨ੍ਹਾਂ ਦਾ ਮੰਨਣਾ ਹੈ ਕਿ ਜਦੋਂ ਧੜ ਨੂੰ ਪੁੱਟਿਆ ਜਾਂਦਾ ਹੈ ਤਾਂ ਮਿੱਟੀ ਤੂੜੀ ਦੇ ਵਿੱਚ ਰਲ ਜਾਂਦੀ ਹੈ ਜੋ ਕਿ ਬੇਜ਼ੁਬਾਨ ਪਸ਼ੂਆਂ ਨੂੰ ਖਾਣੀ ਪੈਂਦੀ ਹੈ। ਪੰਜਾਬ ਵਿੱਚ ਤੂੜੀ ਵਾਲੀ ਧੜ ਕਿਤੇ ਨਜ਼ਰ ਨਹੀ ਆਉਂਦੀ। ਲੋਕੀ ਚੰਗੇ ਨਮੂਨੇ ਦੇ ਬੰਨ੍ਹੇ ਕੁੱਪਾਂ ਦੀਆਂ ਸਿਫਤਾਂ ਕਰਦੇ ਸਨ, ਪਿੰਡਾਂ ਵਿੱਚ ਉਨ੍ਹਾਂ ਦੀਆਂ ਗੱਲਾਂ ਹੁੰਦੀਆਂ ਸਨ। ਮੇਰੇ ਚੇਤੇ ਹੈ ਕਿ ਸਾਡੇ ਪਿੰਡ ਦੇ ਨੇੜੇ ਘੋੜੇਨਬ ਪਿੰਡ ਦਾ ਮਹਿੰਦਰ ਸਿੰਘ ਸੀ ਜੋ ਬਾਬਾ ਮੋਤੀ ਰਾਮ ਮਹਿਰਾ ਦੀ ਫੁਲਵਾੜੀ ਨਾਲ ਸਬੰਧ ਰੱਖਦਾ ਸੀ। ਲੋਕ ਉਸ ਦੀਆਂ ਗੱਲਾਂ ਕਰਦੇ ਕਿ ਮਹਿੰਦਰ ਕੁੱਪ ਬੰਨ੍ਹਦਾ ਨਹੀ ਸਗੋਂ ਚਿਣਦਾ ਹੈ, ਉਸ ਦੇ ਬੰਨ੍ਹੇ ਕੁੱਪ ਦੀ ਦੂਰੋਂ ਪਛਾਣ ਆ ਜਾਂਦੀ। ਉਸ ਦੀ ਬਣਤਰ ਦੀਆਂ ਗੱਲਾਂ ਹੁੰਦੀਆਂ, ਭਾਵੇਂ ਕਿੰਨੇ ਹੀ ਮੀਂਹ ਪੈ ਜਾਣ, ਉਸ ਦੇ ਬੰਨ੍ਹੇ ਕੁੱਪ ਵਿੱਚ ਤਿੱਪ ਪਾਣੀ ਵੀ ਨਹੀ ਜਾ ਸਕਦਾ ਸੀ। ਉਹ ਆਪਣੇ ਕੁੱਪ ਦੀ ਦੋ ਸਾਲ ਦੀ ਗਰੰਟੀ ਦਿੰਦਾ ਸੀ। ਕੁੱਪ ਬੰਨ੍ਹਣ ਵੇਲੇ ਲੋਕ ਉਸ ਦੀਆਂ ਮਿੰਨਤਾਂ ਕਰਦੇ, ਪਰ ਮਹਿੰਦਰ ਇੱਕ ਅਤੇ ਕੁੱਪ ਬਨ੍ਹਾਉਣ ਵਾਲੇ ਅਨੇਕ ਹੁੰਦੇ ਸਨ। ਉਹ ਵਿਚਾਰਾ ਕਰ ਵੀ ਕੀ ਸਕਦਾ ਸੀ? ਅੱਜ ਵੀ ਉਸ ਦੇ ਬੰਨ੍ਹੇ ਕੁੱਪਾਂ ਦੀਆਂ ਗੱਲਾਂ ਹੁੰਦੀਆਂ ਹਨ। ਕੁੱਪ ਦਾ ਕੰਮ ਪੂਰਾ ਮਿਹਨਤ ਵਾਲਾ ਹੁੰਦਾ ਹੈ। ਦੋ-ਦੋ ਪੌੜੀਆਂ ਬੰਨ੍ਹ ਕੇ, ਸਿਰਾਂ 'ਤੇ ਪੰਡਾਂ ਲੈ ਕੇ ਪੌੜੀ ਚੜ੍ਹਨਾ, ਪੂਰੇ ਜ਼ੋਰ ਅਤੇ ਜਾਨ ਦਾ ਕੰਮ ਹੈ, ਪਰ ਉਸ ਸਮੇਂ ਲੋਕ ਸਾਦਗੀ ਪਸੰਦ ਅਤੇ ਦੇਸੀ ਖੁਰਾਕਾਂ ਖਾਂਦੇ ਸਨ, ਕੰਮ ਨੂੰ ਬੋਝ ਨਹੀ ਬਲਕਿ ਸ਼ੌਕ ਮੰਨਦੇ ਸਨ। ਉਨ੍ਹਾਂ ਨੂੰ ਕੁੱਪ ਬੰਨ੍ਹਣ ਦਾ ਚਾਅ ਹੁੰਦਾ ਸੀ ਕਿਉਂਕਿ ਇਹ ਹਾੜ੍ਹੀ ਦੇ ਸੀਜ਼ਨ ਦਾ ਅੰਤਲਾ ਪੜਾਅ ਹੁੰਦਾ ਸੀ। ਇਸ ਤੋਂ ਬਾਅਦ ਪਿੜ ਪਾਕੀ ਹੋ ਜਾਂਦੀ, ਲੱਡੂ ਜਲੇਬੀਆਂ ਵੰਡੀਆਂ ਜਾਂਦੀਆਂ। ਲੋਕ ਕਹਿੰਦੇ ਹਾੜ੍ਹੀ ਦਾ ਵਿਆਹ ਕਰ ਦਿੱਤਾ। ਸਮਾਂ ਬਦਲਿਆ, ਨਵੀਆਂ ਗੁੱਡੀਆਂ ਨਵੇਂ ਪਟੋਲੇ। ਹੱਥੀ ਕਣਕ ਕੱਟਣ ਦਾ ਕੰਮ ਖ਼ਤਮ ਹੋ ਗਿਆ, ਲੋਕ ਡੰਗਰ ਪਸ਼ੂਆਂ ਨੂੰ ਭਾਰ ਸਮਝਣ ਲੱਗੇ, ਪਿੰਡਾਂ ਵਿੱਚ ਵੀ ਲੋਕ ਮੁੱਲ ਦਾ ਦੁੱਧ ਲੈਣ ਲੱਗੇ ਹਨ। ਕੁੱਪ ਕਿੱਥੋਂ ਬੰਨ੍ਹਣੇ ਹਨ। ਜਦੋਂ ਤੂੜੀ ਹੀ ਘਟ ਗਈ, ਰੀਪਰਾਂ ਨਾਲ ਤੂੜੀ ਬਣਾਉਂਦੇ ਹਨ, ਬਾਕੀ ਲੋਕਾਂ ਨੇ ਤੂੜੀ ਸਾਂਭਣ ਲਈ ਸ਼ੈੱਡ ਵਗੈਰਾ ਪਾ ਲਏ ਹਨ। ਹੱਥੀ ਕਲਾ ਨੂੰ ਮਸ਼ੀਨੀਕਰਨ ਨੇ ਖਾ ਲਿਆ ਹੈ। ਮਹਿੰਦਰ ਵਰਗੇ ਕੁੱਪ ਬੰਨ੍ਹਣ ਵਾਲੇ ਵਿਅਕਤੀ ਅੱਜ ਸਮੇਂ ਦੀਆਂ ਯਾਦਾਂ ਬਣ ਕੇ ਰਹਿ ਗਏ ਹਨ। ਜਦੋਂ ਕਦੇ ਪੰਜਾਬੀ ਦੇ ਮਕਬੂਲ ਕਹਾਣੀਕਾਰ ਕੁਲਵੰਤ ਵਿਰਕ ਦੀ ਕਹਾਣੀ 'ਤੂੜੀ ਦੀ ਪੰਡ' ਪੜ੍ਹਦੇ ਹਾਂ ਤਾਂ ਮੇਰੇ ਮੂਹਰੇ ਉਹੀ ਪੁਰਾਣੇ ਕੁੱਪ ਅਤੇ ਕੁੱਪ ਬੰਨ੍ਹਣ ਵਾਲਾ ਮਹਿੰਦਰ ਅੱਜ ਵੀ ਅੱਖਾਂ ਅੱਗੇ ਆ ਜਾਂਦਾ ਹੈ। ਅੱਜ ਹੱਥੀ ਕਿਰਤ ਕਰਨ ਵਾਲੇ ਕਲਾਕਾਰ ਲੱਭੇ ਨਹੀ ਲੱਭਦੇ, ਕੋਈ ਭਾਗਾਂ ਵਾਲਾ ਪਿੰਡ ਹੋਵੇਗਾ ਜਿੱਥੇ ਕੋਈ ਤੂਤ ਦੀਆਂ ਛਟੀਆਂ ਨਾਲ ਟੋਕਰੇ ਬਣਾਉਣ ਵਾਲਾ ਕਾਰੀਗਰ, ਬਾਣ ਵੱਟਣ ਵਾਲਾ, ਕੁੱਪ ਬੰਨ੍ਹਣ ਵਾਲਾ ਕਿਰਤੀ ਕਾਮਾ ਮਿਲ ਜਾਵੇ। ਅੱਜ ਪਿੰਡਾਂ ਵਿੱਚ ਨਵੀ ਪੀੜ੍ਹੀ ਨੂੰ ਪਾਥੀਆਂ ਪੱਥਣ, ਗੁਹਾਰੇ ਲਾਉਣ ਅਤੇ ਕੁੱਪ ਬੰਨ੍ਹਣ ਸਬੰਧੀ ਸ਼ੌਕ ਨਹੀ ਰਿਹਾ, ਸਮੇਂ ਨਾਲ ਉਨ੍ਹਾਂ ਦੇ ਸ਼ੌਕ ਬਦਲ ਗਏ ਹਨ। ਆਧੁਨਿਕਤਾ ਦੀ ਸਿਉਂਕ ਹੱਥੀ ਕੰਮ ਕਰਨ ਵਾਲੇ ਕਾਰੀਗਰਾਂ ਦੀਆਂ ਕਲਾ ਕ੍ਰਿਤਾਂ ਨੂੰ ਖਾ ਗਈ ਹੈ। ਏਆਈ ਨੇ ਤਾਂ ਤਕਨੀਕੀ ਕੰਮ ਕਰਨ ਵਾਲੇ ਛੋਟੇ ਕਾਮਿਆਂ ਨੂੰ ਵੀ ਵਿਹਲੇ ਕਰ ਦਿੱਤਾ ਹੈ। ਭਾਵੇਂ ਤਕਨੀਕ ਨੇ ਕਿੰਨੀ ਵੀ ਤਰੱਕੀ ਕਰ ਲਈ, ਹਸਤ ਕਲਾ ਦੀ ਮਹੱਤਤਾ ਨੂੰ ਅਣਗੌਲਿਆ ਨਹੀ ਜਾ ਸਕਦਾ। ਪਰਮਾਤਮਾ ਨੇ ਸਾਡੇ ਹੱਥਾਂ ਨੂੰ ਸਿਰਜਣਹਾਰ ਬਣਾਇਆ ਹੈ, ਹਰ ਵਿਅਕਤੀ ਵਿੱਚ ਕੋਈ ਨਾ ਕੋਈ ਕਲਾ ਹੁੰਦੀ ਹੈ, ਜਿਸ ਨੂੰ ਪਛਾਣਨ ਦੀ ਜ਼ਰੂਰਤ ਹੈ।



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਸਿਹਤ ਦਾ ਖ਼ਜ਼ਾਨਾ ਹੈ ਕਚਨਾਰ ਦੀ ਚਾਹ !

ਕੁਦਰਤ ਨੇ ਸਾਨੂੰ ਕਈ ਅਜਿਹੀਆਂ ਵਨਸਪਤੀਆਂ ਦਿੱਤੀਆਂ ਹਨ ਜੋ ਨਾ ਸਿਰਫ਼ ਦੇਖਣ 'ਚ ਸੁੰਦਰ ਹੀ ਨਹੀਂ ਸਗੋਂ ਔਸ਼ਧੀ ਗੁਣਾਂ ਦਾ ਖ਼ਜ਼ਾਨਾ ਵੀ ਹਨ। ਅਜਿਹਾ ਹੀ ਇਕ ਪੌਦਾ ਹੈ ਕਚਨਾਰ।



ਆਯੁਰਵੇਦ 'ਚ ਕਚਨਾਰ ਨੂੰ ਇਕ ਮਹੱਤਵਪੂਰਨ ਦਵਾਈ ਮੰਨਿਆ ਗਿਆ ਹੈ। ਆਮ ਤੌਰ @ਤੇ ਲੋਕ ਕਚਨਾਰ ਦੇ ਫੁੱਲਾਂ ਦੀ ਸਬਜ਼ੀ ਖਾਣਾ ਪਸੰਦ ਕਰਦੇ ਹਨ, ਪਰ ਬਹੁਤ ਘੱਟ ਲੋਕ ਜਾਣਦੇ ਹਨ ਕਿ ਇਸ ਦੀ ਚਾਹ ਸਿਹਤ ਲਈ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਰੋਜ਼ਾਨਾ ਇਸ ਦਾ ਸੇਵਨ ਕਰਨ ਨਾਲ ਸਰੀਰ ਨੂੰ ਕਈ ਹੈਰਾਨੀਜਨਕ ਫਾਇਦੇ ਮਿਲਦੇ ਹਨ।

**ਖ਼ੂਨ ਸਾਫ਼ ਕਰਨ 'ਚ ਮਦਦਗਾਰ :** ਕਚਨਾਰ ਇਕ ਵਧੀਆ ਕੁਦਰਤੀ ਬਲੱਡ ਪਿਊਰੀਫਾਇਰ ਹੈ। ਇਸ ਦੀ ਚਾਹ ਪੀਣ ਨਾਲ ਖ਼ੂਨ ਸਾਫ਼ ਹੁੰਦਾ ਹੈ, ਜਿਸ ਨਾਲ ਚਮੜੀ ਦੇ ਰੋਗ ਜਿਵੇਂ ਕਿ ਕਿੱਲ-ਮੁਹਾਂਸੇ, ਖਾਰਸ਼ ਅਤੇ ਦਾਗ-ਧੱਬੇ ਘੱਟ ਹੋਣ ਲੱਗਦੇ ਹਨ। ਇਹ ਸਰੀਰ 'ਚੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ 'ਚ ਵੀ ਸਹਾਇਤਾ ਕਰਦੀ ਹੈ।

**ਪਾਚਨ ਤੰਤਰ ਅਤੇ ਬਵਾਸੀਰ 'ਚ ਫਾਇਦੇਮੰਦ:** ਕਚਨਾਰ 'ਚ ਅਜਿਹੇ ਗੁਣ ਹੁੰਦੇ ਹਨ ਜੋ ਪੇਟ ਦੀ ਖਰਾਬੀ, ਦਸਤ ਅਤੇ ਬਵਾਸੀਰ ਵਰਗੀਆਂ ਗੰਭੀਰ ਸਮੱਸਿਆਵਾਂ 'ਚ ਰਾਹਤ ਦਿੰਦੇ ਹਨ। ਇਹ ਪਾਚਨ ਤੰਤਰ ਨੂੰ ਸੰਤੁਲਿਤ ਕਰਕੇ ਕਬਜ਼ ਦੀ ਸਮੱਸਿਆ ਨੂੰ ਵੀ ਦੂਰ ਕਰਨ 'ਚ ਸਹਾਇਕ ਹੈ।

**ਸਿਸਟ ਨੂੰ ਸੁਕਾਉਣ 'ਚ ਫਾਇਦੇਮੰਦ:** ਅਜੋਕੇ ਸਮੇਂ 'ਚ ਔਰਤਾਂ 'ਚ ਹਾਰਮੋਨਲ ਗੜਬੜੀ ਅਤੇ ਰਸੌਲੀਆਂ ਦੀ ਸਮੱਸਿਆ ਆਮ ਦੇਖਣ ਨੂੰ ਮਿਲ ਰਹੀ ਹੈ। ਕਚਨਾਰ ਦੀ ਚਾਹ ਸਰੀਰ 'ਚ ਮੌਜੂਦ ਵਾਧੂ ਗੰਢਾਂ ਅਤੇ ਸਿਸਟ ਨੂੰ ਸੁਕਾਉਣ 'ਚ ਮਦਦ ਕਰਦੀ ਹੈ।

**ਥਾਇਰਾਇਡ ਦੇ ਮਰੀਜ਼ਾਂ ਲਈ ਬਹੁਤ ਲਾਭਕਾਰੀ :** ਕਚਨਾਰ ਦੀ ਛਿੱਲ ਅਤੇ ਫੁੱਲਾਂ ਦਾ ਸਭ ਤੋਂ ਵੱਧ ਫਾਇਦਾ ਥਾਇਰਾਇਡ ਗ੍ਰੰਥੀ 'ਤੇ ਹੁੰਦਾ ਹੈ। ਇਹ ਸਰੀਰ 'ਚ ਹਾਰਮੋਨਲ ਅਸੰਤੁਲਨ ਨੂੰ ਠੀਕ ਕਰਨ 'ਚ ਮਦਦਗਾਰ ਹੈ। ਜੇਕਰ ਕੋਈ ਹਾਈਪੋਥਾਇਰਾਇਡਿਜ਼ਮ ਜਾਂ ਘੇਂਗਾ ਵਰਗੀ ਸਮੱਸਿਆ ਨਾਲ ਜੂਝ ਰਿਹਾ ਹੈ, ਤਾਂ ਕਚਨਾਰ ਦੀ ਚਾਹ ਦਾ ਨਿਯਮਤ ਸੇਵਨ ਕਾਫੀ ਫਾਇਦੇਮੰਦ ਸਾਬਤ ਹੋ ਸਕਦਾ ਹੈ।

# ਯੂਨੀਵਰਸਿਟੀਆਂ ਨੂੰ ਅਕਾਦਮਿਕ ਉਤਮਤਾ ਦੇ ਨਾਲ-ਨਾਲ ਮਾਨਸਿਕ ਤੰਦਰੁਸਤੀ ਨੂੰ ਵੀ ਤਰਜੀਹ ਦੇਣ ਦੀ ਲੋੜ: ਰਾਜਪਾਲ ਕਟਾਰੀਆ

ਚੰਡੀਗੜ੍ਹ, 18 ਮਈ (ਚ.ਨ.ਸ.) : ਪੰਜਾਬ ਦੇ ਰਾਜਪਾਲ ਅਤੇ ਯੂ.ਟੀ. ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਦੀ ਪ੍ਰਧਾਨਗੀ ਹੇਠ ਪੰਜਾਬ ਲੋਕ ਭਵਨ, ਚੰਡੀਗੜ੍ਹ ਵਿਖੇ 'ਉੱਚ ਵਿਦਿਅਕ ਸੰਸਥਾਵਾਂ ਲਈ ਮਾਨਸਿਕ ਸਿਹਤ ਅਤੇ ਤੰਦਰੁਸਤੀ 'ਤੇ ਇਕਸਾਰ ਨੀਤੀ' ਵਿਸ਼ੇ 'ਤੇ ਵਾਈਸ-ਚਾਂਸਲਰਾਂ ਦੀ ਕਾਨਫਰੰਸ ਕਰਵਾਈ ਗਈ।

ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਰਾਜਪਾਲ ਕਟਾਰੀਆ ਨੇ ਜ਼ੋਰ ਦੇ ਕੇ ਕਿਹਾ ਕਿ ਮਾਨਸਿਕ ਤੰਦਰੁਸਤੀ ਸਿਰਫ਼ ਇੱਕ ਅਕਾਦਮਿਕ ਚਿੰਤਾ ਨਹੀਂ ਸਗੋਂ ਰਾਸ਼ਟਰ ਨਿਰਮਾਣ ਅਤੇ ਨੌਜਵਾਨਾਂ ਦੇ ਭਵਿੱਖ ਲਈ ਇੱਕ ਮਹੱਤਵਪੂਰਨ ਅਧਾਰ ਹੈ। ਉਨ੍ਹਾਂ ਕਿਹਾ ਕਿ ਭਾਵੇਂ ਵਿਦਿਅਕ ਸੰਸਥਾਵਾਂ ਅਕਸਰ ਡਿਗਰੀਆਂ, ਪਲੇਸਮੈਂਟ ਅਤੇ ਬੁਨਿਆਦੀ ਢਾਂਚੇ 'ਤੇ ਜ਼ੋਰ ਦਿੱਤਾ ਜਾਂਦਾ ਹੈ, ਪਰ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਅਤੇ ਭਾਵਨਾਤਮਕ ਤੰਦਰੁਸਤੀ ਵੱਲ ਬਰਾਬਰ ਧਿਆਨ ਦਿੱਤਾ ਜਾਣਾ ਵੀ ਉਨਾਂ ਹੀ ਜਰੂਰੀ ਹੈ ਕਿਉਂਕਿ ਸਿਹਤਮੰਦ ਮਨ ਤੋਂ ਬਿਨਾਂ ਸੱਚੀ ਸਫਲਤਾ ਅਧੂਰੀ ਹੁੰਦੀ ਹੈ। ਵਿਦਿਆਰਥੀਆਂ ਵਿੱਚ ਵਧ ਰਹੇ ਤਣਾਅ, ਇਕੱਲਤਾ, ਇੰਟਰਨੈੱਟ ਦੀ ਲਤ, ਅਕਾਦਮਿਕ ਦਬਾਅ ਅਤੇ ਰੁਜ਼ਗਾਰ ਸਬੰਧੀ ਅਨਿਸ਼ਚਿਤਤਾ 'ਤੇ ਚਿੰਤਾ ਪ੍ਰਗਟ ਕਰਦੇ ਹੋਏ, ਰਾਜਪਾਲ ਨੇ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਪ੍ਰਭਾਵਸ਼ਾਲੀ ਕਾਉਂਸਲਿੰਗ ਪ੍ਰਣਾਲੀਆਂ, ਖੁਸ਼ੀ ਅਤੇ ਤੰਦਰੁਸਤੀ ਸੈੱਲ, ਪੀਅਰ-ਮੈਂਟਰਿੰਗ ਪ੍ਰੋਗਰਾਮ ਅਤੇ ਵਿਦਿਆਰਥੀ-ਤੋਂ-ਵਿਦਿਆਰਥੀ ਸਹਾਇਤਾ ਨੈੱਟਵਰਕ ਸਥਾਪਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿੱਦਿਅਕ ਸੰਸਥਾਵਾਂ ਨੂੰ ਇੱਕ ਸੁਰੱਖਿਅਤ, ਸੰਵੇਦਨਸ਼ੀਲ ਅਤੇ ਸਹਾਇਕ ਵਾਤਾਵਰਣ ਬਣਾਉਣਾ ਦੀ ਲੋੜ ਹੈ, ਜਿੱਥੇ ਕੋਈ ਵੀ ਵਿਦਿਆਰਥੀ ਇਕੱਲਾ ਜਾਂ ਅਣ-ਗੌਲਿਆ ਮਹਿਸੂਸ ਨਾ ਕਰੇ।



ਹੁਨਰ-ਅਧਾਰਤ ਅਤੇ ਰੁਜ਼ਗਾਰ-ਅਧਾਰਤ ਸਿੱਖਿਆ ਦੀ ਮਹੱਤਤਾ ਦਾ ਹਵਾਲਾ ਦਿੰਦਿਆਂ ਰਾਜਪਾਲ ਕਟਾਰੀਆ ਨੇ ਕਿਹਾ ਕਿ ਮਾਨਸਿਕ ਤੰਦਰੁਸਤੀ ਅਤੇ ਸਵੈ-ਨਿਰਭਰਤਾ ਆਪਸ ਵਿੱਚ ਬਹੁਤ ਡੂੰਘੇ ਜੁੜੇ ਹੋਏ ਹਨ। ਉਨ੍ਹਾਂ ਨੇ ਨੌਜਵਾਨਾਂ ਨੂੰ ਸਵੈ-ਨਿਰਭਰ ਬਣਾਉਣ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸਨਮਾਨ ਨਾਲ ਰਹਿਣ ਦੇ ਯੋਗ ਬਣਾਉਣ ਲਈ ਕਿੱਤਾਮੁਖੀ ਅਤੇ ਰੁਜ਼ਗਾਰ-ਅਧਾਰਤ ਸਿੱਖਿਆ 'ਤੇ ਜ਼ੋਰ ਦਿੱਤਾ। ਸੰਸਥਾਵਾਂ ਨੂੰ ਨਸ਼ਾ ਵਿਰੋਧੀ ਪਹਿਲਕਦਮੀਆਂ ਦਾ ਸਰਗਰਮੀ ਨਾਲ ਸਮਰਥਨ ਕਰਨ ਦਾ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਵਿਦਿਅਕ ਕੈਂਪਸਾਂ ਨੂੰ ਨੌਜਵਾਨਾਂ ਲਈ ਜਾਗਰੂਕਤਾ, ਮਾਰਗਦਰਸ਼ਨ ਅਤੇ ਸਕਾਰਾਤਮਕ ਤਬਦੀਲੀ ਦੇ ਕੇਂਦਰ ਬਣਨਾ ਚਾਹੀਦਾ ਹੈ।

ਰਾਸ਼ਟਰੀ ਸਿੱਖਿਆ ਨੀਤੀ-2020 ਅਤੇ ਭਾਰਤ ਸਰਕਾਰ ਦੀਆਂ ਟੈਲੀ-ਮਾਨਸ ਅਤੇ ਮਨੋਦਰਪਨ ਵਰਗੀਆਂ ਪਹਿਲਕਦਮੀਆਂ ਦਾ ਹਵਾਲਾ ਦਿੰਦੇ ਹੋਏ ਰਾਜਪਾਲ ਕਟਾਰੀਆ ਨੇ ਕਿਹਾ ਕਿ ਮਾਨਸਿਕ ਸਿਹਤ ਨੂੰ ਹੁਣ ਰਾਸ਼ਟਰੀ ਵਿਕਾਸ ਦਾ ਇੱਕ ਮਹੱਤਵਪੂਰਨ ਥੰਮ੍ਹ ਮੰਨਿਆ ਜਾ ਰਿਹਾ ਹੈ। ਉਨ੍ਹਾਂ ਸਾਰੀਆਂ ਯੂਨੀਵਰਸਿਟੀਆਂ ਨੂੰ ਮਾਨਸਿਕ ਸਿਹਤ ਜਾਗਰੂਕਤਾ ਅਤੇ ਨਸ਼ਾ ਛੁਡਾਊ ਨੂੰ ਸੰਸਥਾਗਤ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣਾਉਣ ਦਾ ਸੱਦਾ ਦਿੱਤਾ ਅਤੇ ਵਿਸ਼ਵਾਸ ਪ੍ਰਗਟਾਇਟਾ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਨੌਜਾਵਨਾਂ ਨੂੰ ਭਾਵਨਾਤਮਕ ਤੌਰ ਸੂਝਵਾਨ ਅਤੇ ਸਮੇਂ ਦੇ ਹਾਣੀ ਬਣਾਉਣ ਵਿੱਚ ਰਾਸ਼ਟਰੀ ਮਾਡਲ ਵਜੋਂ ਉਭਰਨਗੀਆਂ।

ਕਾਨਫਰੰਸ ਦੌਰਾਨ, ਯੂ.ਜੀ.ਸੀ. ਦੀ ਸੰਯੁਕਤ ਸਕੱਤਰ ਡਾ. ਸੁਨੀਤਾ ਸਿਵਾਚ ਨੇ 'ਮਾਨਸਿਕ ਸਿਹਤ ਅਤੇ ਵਿਦਿਆਰਥੀ ਭਲਾਈ ਸਬੰਧੀ ਅੰਕੜੇ, ਆਲਮੀ ਦ੍ਰਿਸ਼ਟੀਕੋਣ ਅਤੇ ਰਾਸ਼ਟਰੀ ਪਹਿਲਕਦਮੀਆਂ ਬਾਰੇ ਇੱਕ ਝਾਤ' ਵਿਸ਼ੇ 'ਤੇ ਭਾਸ਼ਣ ਦਿੱਤਾ।

ਏਬੀਵੀਆਈਐਮਐਸ ਸੈਂਟਰ ਆਫ਼ ਐਕਸੀਲੈਂਸ ਇਨ ਮੈਂਟਲ ਹੈਲਥ, ਏਬੀਵੀਆਈਐਮਐਸ ਅਤੇ ਡਾ. ਆਰ.ਐਮ.ਐਲ. ਹਸਪਤਾਲ, ਨਵੀਂ ਦਿੱਲੀ ਦੇ ਮਨੋਵਿਗਿਆਨ ਦੇ ਪ੍ਰੋਫੈਸਰ ਪ੍ਰੋ. ਆਰ.ਕੇ. ਬੈਨੀਵਾਲ ਨੇ ਵੀ 'ਮਾਨਸਿਕ ਸਿਹਤ ਜਾਗਰੂਕਤਾ' ਵਿਸ਼ੇ 'ਤੇ ਬਹੁਮੁੱਲਾ ਭਾਸ਼ਣ ਦਿੱਤਾ ਅਤੇ ਉੱਚ ਵਿਦਿਅਕ ਸੰਸਥਾਵਾਂ ਵਿੱਚ ਵਿਦਿਆਰਥੀਆਂ ਵਿੱਚ ਸ਼ੁਰੂਆਤੀ ਦਖਲ, ਸਲਾਹ-ਮਸ਼ਵਰਾ ਅਤੇ ਜਾਗਰੂਕਤਾ ਦੇ ਵਧ ਰਹੇ ਮਹੱਤਵ ਨੂੰ ਉਜਾਗਰ ਕੀਤਾ। ਇਸ ਤੋਂ ਇਲਾਵਾ, ਪੰਜ ਯੂਨੀਵਰਸਿਟੀਆਂ ਨੇ ਮਾਨਸਿਕ ਸਿਹਤ, ਨਸ਼ਾ ਛੁਡਾਊ, ਵਿਦਿਆਰਥੀ ਭਲਾਈ ਅਤੇ ਰਾਸ਼ਟਰੀ ਸਿੱਖਿਆ ਨੀਤੀ ਦੇ ਲਾਗੂਕਰਨ ਬਾਰੇ ਪੇਸ਼ਕਾਰੀਆਂ ਵੀ ਦਿੱਤੀਆਂ। ਇਸ ਮੌਕੇ ਪ੍ਰਮੁੱਖ ਪਤਵੰਤਿਆਂ ਵਿੱਚ ਰਾਜਪਾਲ ਪੰਜਾਬ ਦੇ ਵਧੀਕ ਮੁੱਖ ਸਕੱਤਰ ਸ਼੍ਰੀ ਵਿਵੇਕ ਪ੍ਰਤਾਪ ਸਿੰਘ; ਜਨਗਣਨਾ ਸੰਚਾਲਨ ਅਤੇ ਨਾਗਰਿਕ ਰਜਿਸਟ੍ਰੇਸ਼ਨ ਦੇ ਡਾਇਰੈਕਟਰ,ਸ਼੍ਰੀ ਲਲਿਤ ਜੈਨ ਅਤੇ ਕਾਨਫਰੰਸ ਦੀ ਕਾਰਵਾਈ ਦਾ ਸੰਚਾਲਨ ਕਰਨ ਵਾਲੇ ਡਾ. ਜਸਪਾਲ ਸਿੰਘ ਸੰਧੂ (ਵਾਈਸ-ਚਾਂਸਲਰ) ਸ਼ਾਮਲ ਸਨ। ਕਾਨਫਰੰਸ ਦੌਰਾਨ ਪੰਜਾਬ ਭਰ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਅਤੇ ਉੱਚ ਵਿਦਿਅਕ ਸੰਸਥਾਵਾਂ ਦੇ ਵਾਈਸ-ਚਾਂਸਲਰ, ਸੀਨੀਅਰ ਅਕਾਦਮਿਕ, ਮਾਨਸਿਕ ਸਿਹਤ ਮਾਹਿਰ ਅਤੇ ਫੈਕਲਟੀ ਮੈਂਬਰ ਵੀ ਮੌਜੂਦ ਰਹੇ।

# ਦਿੱਲੀ ਦੇ ਵਿਕਾਸ ਲਈ ਮੁੱਖ ਮੰਤਰੀ ਰੇਖਾ ਗੁਪਤਾ ਅਤੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਵਿਚਾਲੇ ਅਹਿਮ ਮੁਲਾਕਾਤ

ਨਵੀਂ ਦਿੱਲੀ, 18 ਮਈ (ਅੰਮ੍ਰਿਤਪਾਲ ਸਿੰਘ) : ਦਿੱਲੀ ਦੀ ਮਾਨਯੋਗ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੇ ਅੱਜ ਦਿੱਲੀ ਦੇ ਉਪ ਰਾਜਪਾਲ (ਐਲ.ਜੀ.) ਸਰਦਾਰ ਤਰਨਜੀਤ ਸਿੰਘ ਸੰਧੂ ਨਾਲ ਮੁਲਾਕਾਤ ਕੀਤੀ। ਇਹ ਉੱਚ ਪੱਧਰੀ ਬੈਠਕ ਉਪ ਰਾਜਪਾਲ ਦੇ ਅਧਿਕਾਰਤ ਨਿਵਾਸ ਲੋਕ ਨਿਵਾਸ ਵਿਖੇ ਹੋਈ। ਇਸ ਮੁਲਾਕਾਤ



ਦੌਰਾਨ ਦੋਵਾਂ ਆਗੂਆਂ ਵਿਚਾਲੇ ਦਿੱਲੀ ਦੇ ਵਿਕਾਸ, ਬੁਨਿਆਦੀ ਢਾਂਚੇ ਦੇ ਸੁਧਾਰ ਅਤੇ ਜਨਤਕ ਭਲਾਈ ਨਾਲ ਜੁੜੇ ਕਈ ਅਹਿਮ ਅਤੇ ਪ੍ਰਮੁੱਖ ਮੁੱਦਿਆਂ 'ਤੇ ਵਿਸਥਾਰਪੂਰਵਕ ਚਰਚਾ ਹੋਈ। ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕਰਦੇ ਹੋਏ ਲੋਕ ਨਿਵਾਸ ਦੇ ਅਧਿਕਾਰਤ ਖਾਤੇ ਤੋਂ ਦੱਸਿਆ ਗਿਆ ਕਿ ਬੈਠਕ ਦਾ ਮੁੱਖ ਕੇਂਦਰ ਦਿੱਲੀ ਦੀ ਤਰੱਕੀ ਅਤੇ ਰਾਜਧਾਨੀ ਦੇ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਹੋਰ ਬਿਹਤਰ ਬਣਾਉਣਾ ਸੀ। ਦੂਜੇ ਪਾਸੇ, ਦਿੱਲੀ ਪ੍ਰਸ਼ਾਸਨ ਦੇ ਨਾਲ ਜੁੜੇ ਕੁਝ ਹੋਰ ਮੁੱਦੇ ਵੀ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣੇ ਹੋਏ ਹਨ, ਜਿੱਥੇ ਆਮ ਲੋਕਾਂ ਅਤੇ ਸਮਾਜਿਕ ਕਾਰਕੁਨਾਂ ਵੱਲੋਂ ਦੱਖਣੀ ਜ਼ੋਨ ਦੇ ਨਗਰ ਨਿਗਮ ਅਧਿਕਾਰੀਆਂ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕੇ ਜਾ ਰਹੇ ਹਨ। ਨਾਗਰਿਕਾਂ ਵੱਲੋਂ ਉਪ ਰਾਜਪਾਲ ਅਤੇ ਮੁੱਖ ਮੰਤਰੀ ਕੋਲੋਂ ਪ੍ਰਸ਼ਾਸਨਿਕ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣ ਦੀ ਮੰਗ ਕੀਤੀ ਜਾ ਰਹੀ ਹੈ। ਦਿੱਲੀ ਸਰਕਾਰ ਅਤੇ ਰਾਜਪਾਲ ਦਫ਼ਤਰ ਨੇ ਭਰੋਸਾ ਦਿੱਤਾ ਹੈ ਕਿ ਸ਼ਹਿਰ ਦੇ ਸਰਵਪੱਖੀ ਵਿਕਾਸ ਅਤੇ ਲੋਕਾਂ ਦੀਆਂ ਸਮੱਸਿਆਵਾਂ ਦੇ ਨਿਪਟਾਰੇ ਲਈ ਮਿਲ ਕੇ ਕੰਮ ਕੀਤਾ ਜਾਵੇਗਾ।

# ਬੈਂਕ ਆਫ਼ ਬੜੌਦਾ ਵੱਲੋਂ ਬਿਜ਼ਨਸ ਅਚੀਵਰ ਐਵਾਰਡ ਪ੍ਰੋਗਰਾਮ

ਲੁਧਿਆਣਾ, 18 ਮਈ (ਚ.ਨ.ਸ.) :ਆਪਣੇ ਸਟਾਫ਼ ਨੂੰ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਜਨਤਕ ਖੇਤਰ ਦੇ ਮੋਹਰੀ ਬੈਂਕ, ਬੈਂਕ ਆਫ਼ ਬੜੌਦਾ ਦੇ ਖੇਤਰੀ ਦਫ਼ਤਰ, ਲੁਧਿਆਣਾ ਨੇ ਸਥਾਨਕ ਹੋਟਲ ਔਨ ਵਿੱਚ ਇੱਕ ਬਿਜ਼ਨਸ ਅਚੀਵਰ ਅਵਾਰਡ ਪ੍ਰੋਗਰਾਮ ਦਾ ਆਯੋਜਨ ਕੀਤਾ। ਜਿਸ ਵਿੱਚ ਜ਼ੋਨਲ ਦਫ਼ਤਰ ਦੇ ਡਿਪਟੀ ਜ਼ੋਨਲ ਮੈਨੇਜਰ ਰਮਨ ਕੁਮਾਰ, ਡਿਪਟੀ ਜ਼ੋਨਲ ਮੈਨੇਜਰ ਗੋਵਿੰਦ ਪ੍ਰਸਾਦ ਵਰਮਾ, ਸਹਾਇਕ ਜਨਰਲ ਮੈਨੇਜਰ (ਕ੍ਰੈਡਿਟ) ਰੋਹਿਤ ਸੋਨੀ ਅਤੇ ਮੁੱਖ ਪ੍ਰਬੰਧਕ ਅਸ਼ਵਨੀ ਅਰੋੜਾ ਵਿਸ਼ੇਸ ਤੌਰ ਤੇ ਸ਼ਾਮਲ ਹੋਏ। ਖੇਤਰੀ ਮੁਖੀ ਸੁਨੀਲ ਕੁਮਾਰ ਅਤੇ ਡੀਆਰਐਮ ਕਨ੍ਹਈਆ ਲਾਲ ਦੁਆਰਾ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਸਮਾਗਮ ਦੌਰਾਨ, ਵੱਡੀ ਗਿਣਤੀ ਵਿੱਚ ਸ਼ਾਖਾ ਪ੍ਰਬੰਧਕਾਂ ਜਿਨ੍ਹਾਂ ਨੇ ਆਪਣੇ ਟੀਚਿਆਂ ਨੂੰ ਸਫਲਤਾਪੂਰਵਕ ਪ੍ਰਾਪਤ ਕੀਤਾ ਸੀ, ਨੂੰ ਸ਼ੀਲਡਾਂ ਅਤੇ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ, ਸਟਾਰ ਹੈਲਥ ਇੰਸ਼ੋਰੈਂਸ ਵੱਲੋਂ, ਕੰਪਨੀ ਦੇ ਆਰਐਸਐਮ, ਗੋਵਿੰਦ ਸੇਖੜੀ ਨੇ ਖੇਤਰੀ ਦਫ਼ਤਰ ਦੇ ਆਪਣੇ ਸਾਰੇ ਟੀਚਿਆਂ ਨੂੰ ਪੂਰਾ ਕਰਨ ਵਿੱਚ ਪ੍ਰਾਪਤੀ ਦੇ ਸਨਮਾਨ ਵਿੱਚ ਖੇਤਰੀ ਮੁਖੀ ਨੂੰ ਟਰਾਫੀ ਭੇਟ ਕੀਤੀ।



# ਸੈਂਟਰਲ ਬੈਂਕ ਆਫ਼ ਇੰਡੀਆ ਵੱਲੋਂ ਐਮ.ਐਸ.ਐਮ.ਈ. ਮੈਗਾ ਆਊਟਰੀਚ ਮੁਹਿੰਮ ਦਾ ਆਯੋਜਨ

ਲੁਧਿਆਣਾ, 18 ਮਈ (ਚ.ਨ.ਸ.) : ਜਨਤਕ ਖੇਤਰ ਦੇ ਮੋਹਰੀ ਬੈਂਕ ਸੈਂਟਰਲ ਬੈਂਕ ਆਫ਼ ਇੰਡੀਆ ਵੱਲੋਂ ਦੇਸ਼ ਵਿਆਪੀ ਮੁਹਿੰਮ ਦੇ ਹਿੱਸੇ ਵਜੋਂ, ਲੁਧਿਆਣਾ ਦੇ ਚੈਂਬਰ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗਜ਼ (ਸੀਆਈਸੀਯੂ), ਫੋਕਲ ਪੁਆਇੰਟ ਵਿਖੇ ਇੱਕ ਐਮਐਸਐਮਈ ਮੈਗਾ ਆਊਟਰੀਚ ਮੁਹਿੰਮ ਦਾ ਆਯੋਜਨ ਕੀਤਾ ਗਿਆ। ਇਹ ਸਮਾਗਮ ਬੈਂਕ ਦੇ ਫੀਲਡ ਜਨਰਲ ਮੈਨੇਜਰ (ਚੰਡੀਗੜ੍ਹ), ਐਸ.ਕੇ. ਸਿੰਘ, ਖੇਤਰੀ ਮੁਖੀ (ਲੁਧਿਆਣਾ), ਮਨੀਸ਼ ਵਰਮਾ, ਗੁਰਪ੍ਰੀਤ ਸਿੰਘ ਅਤੇ ਹਨੀ ਸੇਠੀ ਦੀ ਅਗਵਾਈ ਹੇਠ ਕਰਵਾਇਆ ਗਿਆ। ਇਸ ਮੌਕੇ, ਵੱਡੀ ਗਿਣਤੀ ਵਿੱਚ ਉਦਯੋਗਪਤੀਆਂ ਨੇ ਹਿੱਸਾ ਲਿਆ ਅਤੇ ਆਪਣੇ ਸੁਝਾਅ ਪੇਸ਼ ਕੀਤੇ। ਸਮਾਗਮ ਦੌਰਾਨ, 121.00 ਕਰੋੜ ਦੇ ਲੀਡ ਤਿਆਰ ਕੀਤੇ ਗਏ ਅਤੇ ਮਨਜ਼ੂਰੀ ਪੱਤਰ ਵੰਡੇ ਗਏ, ਇਸ ਮੌਕੇ 50 ਲੱਖ ਦੀ ਬੀਮਾ ਅਦਾਇਗੀ ਲਈ ਇੱਕ ਚੈੱਕ - ਜੋ ਕਿ ਇੱਕ ਬੈਂਕ ਖਾਤਾ ਧਾਰਕ ਦੀ ਦੁਰਘਟਨਾ ਵਿੱਚ ਮੌਤ ਨੂੰ ਕਵਰ ਕਰਦਾ ਹੈ-ਮ੍ਰਿਤਕ ਦੇ ਪਰਿਵਾਰ ਨੂੰ ਸੌਂਪਿਆ ਗਿਆ।



# ਪਟਿਆਲਾ ਵਿਖੇ ਸ਼ਹੀਦੀ ਜੋੜ ਮੇਲ ਤਹਿਤ ਅੱਜ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਸਜੇਗਾ ਕੀਰਤਨ ਸਮਾਗਮ

ਪਟਿਆਲਾ, 18 ਮਈ (ਚ.ਨ.ਸ.) : ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਅੱਜ ਤੱਕ ਦੇ ਸਮੂਹ ਸ਼ਹੀਦਾਂ ਦੀ ਨਿੱਘੀ ਯਾਦ ਨੂੰ ਸਮਰਪਿਤ ਪਟਿਆਲਾ ਸ਼ਹਿਰ ਵਿੱਚ ਚੱਲ ਰਹੇ ਸਾਲਾਨਾ ਸ਼ਹੀਦੀ ਜੋੜ ਮੇਲ ਦੇ ਸਬੰਧ ਵਿੱਚ 19 ਮਈ, 2026 ਦਿਨ ਮੰਗਲਵਾਰ ਨੂੰ ਇੱਕ ਵਿਸ਼ੇਸ਼ ਧਾਰਮਿਕ ਸਮਾਗਮ ਉਲੀਕਿਆ ਗਿਆ ਹੈ। ਇਹ ਸਮਾਗਮ ਗੁਰੂ ਅਰਜਨ ਕੀਰਤਨ ਮੰਡਲ (ਰਜਿ:) ਪਟਿਆਲਾ ਵੱਲੋਂ ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਵੱਖ-ਵੱਖ ਸਭਾ ਸੁਸਾਇਟੀਆਂ ਦੇ ਵਿਸ਼ੇਸ਼ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ 19 ਮਈ ਦਾ ਇਹ ਵਿਸ਼ੇਸ਼ ਕੀਰਤਨ ਸਮਾਗਮ ਸ਼ਾਂਤੀ ਨਗਰ ਸਥਿਤ ਸ੍ਰੀ ਗੁਰੂ ਹਰਿ ਕ੍ਰਿਸ਼ਨ ਪਬਲਿਕ ਸਕੂਲ ਵਿਖੇ ਸਜਾਇਆ ਜਾਵੇਗਾ। ਸਮਾਗਮ ਦਾ ਸਮਾਂ ਰੋਜ਼ਾਨਾ ਦੀ ਤਰ੍ਹਾਂ ਰਾਤ 7:00 ਵਜੇ ਤੋਂ 9:00 ਵਜੇ ਤੱਕ ਹੋਵੇਗਾ, ਜਿੱਥੇ ਪੰਥ ਪ੍ਰਸਿੱਧ ਰਾਗੀ ਜਥਿਆਂ ਵੱਲੋਂ ਇਲਾਹੀ ਬਾਣੀ ਦੇ ਮਨੋਹਰ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਮੰਡਲ ਦੇ ਮੁੱਖ ਪ੍ਰਬੰਧਕਾਂ, ਜਿਨ੍ਹਾਂ ਵਿੱਚ ਚੇਅਰਮੈਨ ਸ. ਅਮਰੀਕ ਸਿੰਘ ਅਤੇ ਪ੍ਰਧਾਨ ਸ. ਰਾਮ ਸਿੰਘ ਸ਼ਾਮਲ ਹਨ, ਨੇ ਸਮੂਹ ਇਲਾਕਾ ਨਿਵਾਸੀਆਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਹਾਨ ਕੀਰਤਨ ਸਮਾਗਮ ਵਿੱਚ ਪਰਿਵਾਰਾਂ ਸਮੇਤ ਹਾਜ਼ਰੀ ਭਰ ਕੇ ਗੁਰੂ ਚਰਨਾਂ ਦਾ ਓਟ ਆਸਰਾ ਅਤੇ ਗੁਰੂ ਘਰ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨ।

# ਓ.ਪੀ. ਸ਼ਰਮਾ ਨੇ ਦਿੱਲੀ ਦੇ ਲੈਫਟੀਨੈਂਟ ਗਵਰਨਰ ਤਰਨਜੀਤ ਸਿੰਘ ਸੰਧੂ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ, 18 ਮਈ (ਅੰਮ੍ਰਿਤਪਾਲ ਸਿੰਘ) : ਦਿੱਲੀ ਦੇ ਲੋਕ ਨਿਵਾਸ ਵਿਖੇ ਅੱਜ ਇੱਕ ਅਹਿਮ ਮੁਲਾਕਾਤ ਦੌਰਾਨ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਸ਼੍ਰੀ ਓ.ਪੀ. ਸ਼ਰਮਾ ਨੇ ਦਿੱਲੀ ਦੇ ਨਵ-ਨਿਯੁਕਤ ਲੈਫਟੀਨੈਂਟ ਗਵਰਨਰ ਤਰਨਜੀਤ ਸਿੰਘ ਸੰਧੂ ਨਾਲ ਮੁਲਾਕਾਤ ਕੀਤੀ। ਇਸ ਸ਼ਿਸ਼ਟਾਚਾਰ ਮੁਲਾਕਾਤ ਦੌਰਾਨ ਵਿਧਾਇਕ ਓ.ਪੀ. ਸ਼ਰਮਾ ਨੇ ਲੈਫਟੀਨੈਂਟ ਗਵਰਨਰ ਨੂੰ ਗੁਲਦਸਤਾ ਭੇਂਟ ਕਰਕੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਦਿੱਲੀ ਦੇ ਵਿਕਾਸ ਕਾਰਜਾਂ ਨਾਲ ਜੁੜੇ ਕਈ ਅਹਿਮ ਪ੍ਰਸ਼ਾਸਨਿਕ ਮੁੱਦਿਆਂ 'ਤੇ ਚਰਚਾ ਕੀਤੀ। ਲੋਕ ਨਿਵਾਸ ਦਿੱਲੀ ਦੇ ਅਧਿਕਾਰਤ ਸੋਸ਼ਲ ਮੀਡੀਆ ਹੈਂਡਲ 'ਤੇ ਇਸ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ ਦੋਵੇਂ ਆਗੂ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦੇ ਨਜ਼ਰ ਆ ਰਹੇ ਹਨ। ਦੱਸ ਦੇਈਏ ਕਿ ਸਾਬਕਾ ਸੀਨੀਅਰ ਰਾਜਦੂਤ ਤਰਨਜੀਤ ਸਿੰਘ ਸੰਧੂ ਵੱਲੋਂ ਦਿੱਲੀ ਦੇ ਲੈਫਟੀਨੈਂਟ ਗਵਰਨਰ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਰਾਸ਼ਟਰੀ ਰਾਜਧਾਨੀ ਦੇ ਵੱਖ-ਵੱਖ ਖੇਤਰਾਂ ਦੇ ਪ੍ਰਸ਼ਾਸਨ ਅਤੇ ਸੁਰੱਖਿਆ ਪ੍ਰਬੰਧਾਂ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਮੀਟਿੰਗਾਂ ਦਾ ਦੌਰ ਜਾਰੀ ਹੈ। ਸੋਸ਼ਲ ਮੀਡੀਆ 'ਤੇ ਲੋਕਾਂ ਨੇ ਚੁੱਕੇ ਜਨਤਾ ਦੇ ਮੁੱਦੇ ਇਸ ਪੋਸਟ ਦੇ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਆਮ ਲੋਕਾਂ ਅਤੇ ਨਾਗਰਿਕਾਂ ਨੇ ਆਪਣੇ ਖੇਤਰਾਂ ਦੀਆਂ ਸਮੱਸਿਆਵਾਂ ਉਜਾਗਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸੰਦੀਪ ਕੁਮਾਰ ਨਾਮ ਦੇ ਇੱਕ ਉਪਭੋਗਤਾ ਨੇ ਦੱਖਣੀ ਦਿੱਲੀ ਨਗਰ ਨਿਗਮ ਦੇ ਪੁਰਾਣੇ ਹੁਕਮਾਂ ਦਾ ਹਵਾਲਾ ਦਿੰਦੇ ਹੋਏ ਜ਼ਾਮਰੂਦਪੁਰ ਖੇਤਰ ਵਿੱਚ ਹੋਏ ਕਥਿਤ ਗੈਰ-ਕਾਨੂੰਨੀ ਨਿਰਮਾਣ ਅਤੇ ਇਸ ਸਬੰਧੀ ਏ.ਟੀ.ਆਰ. 'ਤੇ ਕਾਰਵਾਈ ਨਾ ਹੋਣ ਦਾ ਮੁੱਦਾ ਚੁੱਕਿਆ।



# ਪਤੰਜਲੀ ਨੇ ਚਾਰ ਕਬਾਇਲੀ ਜ਼ਿਲ੍ਹਿਆਂ ਵਿੱਚ 1,011 ਔਸ਼ਧੀ ਪੌਦਿਆਂ ਦੀ ਖੋਜ ਕਰਕੇ ਸਾਰਿਆਂ ਨੂੰ ਹੈਰਾਨ ਕੀਤਾ

ਹਰਿਦੁਆਰ, 18 ਮਈ (ਅੰਮ੍ਰਿਤਪਾਲ ਸਿੰਘ) : ਹੁਣ ਤੱਕ, ਉਤਰਾਖੰਡ ਵਿੱਚ 1,300 ਔਸ਼ਧੀ ਪੌਦਿਆਂ ਦੇ ਰਿਕਾਰਡ ਮਿਲੇ ਹਨ। ਪਰ ਇਕੱਲੇ ਪਤੰਜਲੀ ਨੇ ਕਬਾਇਲੀ ਖੇਤਰਾਂ ਦੇ ਸਿਰਫ਼ ਪੰਜ ਜ਼ਿਲ੍ਹਿਆਂ ਵਿੱਚ ਇੱਕ ਅਧਿਐਨ ਰਾਹੀਂ 1,011 ਪੌਦਿਆਂ ਦੀ ਖੋਜ ਕੀਤੀ ਹੈ। ਹੁਣ, ਹੋਰ ਵੀ ਅੱਗੇ ਵਧਦੇ ਹੋਏ, ਪਤੰਜਲੀ ਦੇ ਵਿਗਿਆਨੀਆਂ ਅਤੇ ਖੋਜਕਰਤਾਵਾਂ ਦੀ ਇੱਕ ਟੀਮ ਉਤਰਾਖੰਡ ਦੇ 13 ਜ਼ਿਲ੍ਹਿਆਂ ਵਿੱਚ ਹੋਰ ਔਸ਼ਧੀ ਪੌਦਿਆਂ ਦੀ ਖੋਜ ਵਿੱਚ ਲੱਗੀ ਹੋਈ ਹੈ। ਟੀਮ ਨੇ ਸਕਾਰਾਤਮਕ ਨਤੀਜੇ ਪ੍ਰਾਪਤ ਕੀਤੇ ਹਨ ਅਤੇ ਉੱਤਰਾਖੰਡ ਵਿੱਚ ਹੁਣ ਤੱਕ ਮਿਲੇ 1,300 ਔਸ਼ਧੀ ਪੌਦਿਆਂ ਦੇ ਰਿਕਾਰਡ ਨੂੰ ਵੀ ਪਾਰ ਕਰ ਸਕਦੀ ਹੈ। ਇਹ ਪਹਿਲੀ ਵਾਰ ਹੋਵੇਗਾ ਜਦੋਂ ਪੂਰੇ ਉੱਤਰਾਖੰਡ ਵਿੱਚ ਨਵੇਂ ਔਸ਼ਧੀ ਪੌਦਿਆਂ ਦੀ ਖੋਜ ਦੀ ਇੱਕ ਨਵੀਂ ਤਸਵੀਰ ਸਾਹਮਣੇ ਆ ਸਕਦੀ ਹੈ।

ਆਯੁਰਵੇਦ ਸ਼ਿਰੋਮਣੀ ਆਚਾਰੀਆ ਬਾਲਕ੍ਰਿਸ਼ਨ ਦੀ ਅਗਵਾਈ ਅਤੇ ਮੌਜੂਦਗੀ ਹੇਠ, ਟੀਮ ਉੱਤਰਾਖੰਡ ਦੇ ਚਾਰ ਜ਼ਿਲ੍ਹਿਆਂ: ਦੇਹਰਾਦੂਨ, ਚਮੋਲੀ, ਪਿਥੌਰਾਗੜ੍ਹ ਅਤੇ ਉਦਯਮ ਸਿੰਘ ਨਗਰ ਦੇ ਪਿੰਡ-ਪਿੰਡ ਪਹੁੰਚੀ। ਜਿਵੇਂ ਹੀ ਟੀਮ ਨੇ ਕਬਾਇਲੀ ਲੋਕਾਂ ਤੋਂ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕੀਤੀ, ਕਈ ਮਹੱਤਵਪੂਰਨ ਤੱਥ ਸਾਹਮਣੇ ਆਉਣੇ ਸ਼ੁਰੂ ਹੋ ਗਏ। ਅਜਿਹਾ ਮਹਿਸੂਸ ਹੋਇਆ ਜਿਵੇਂ ਉਨ੍ਹਾਂ ਨੇ ਜੜ੍ਹੀਆਂ ਬੂਟੀਆਂ ਦਾ ਇੱਕ ਛੁਪਿਆ ਹੋਇਆ ਖਜ਼ਾਨਾ ਲੱਭ ਲਿਆ ਹੋਵੇ। ਟੀਮ ਨੇ ਪਹਾੜਾਂ ਅਤੇ ਮੈਦਾਨੀ ਇਲਾਕਿਆਂ ਦੇ ਪਿੰਡਾਂ ਵਿੱਚ ਵਿਆਪਕ ਯਾਤਰਾ ਕੀਤੀ, ਅਤੇ ਡੇਟਾ ਇੱਕ ਕਹਾਣੀ ਬਣ ਗਿਆ। ਆਚਾਰੀਆ ਸ਼੍ਰੀ ਦੀ ਟੀਮ ਨੇ 122 ਪਿੰਡਾਂ ਅਤੇ 14 ਤਹਿਸੀਲਾਂ ਦਾ ਦੌਰਾ ਕੀਤਾ। ਇਨ੍ਹਾਂ ਖੇਤਰਾਂ ਵਿੱਚ, ਖੋਜਕਰਤਾਵਾਂ ਨੇ ਉਨ੍ਹਾਂ ਲੋਕਾਂ ਨਾਲ ਸਿੱਧੇ ਤੌਰ @ਤੇ ਗੱਲ ਕੀਤੀ ਜਿਨ੍ਹਾਂ ਕੋਲ ਪੀੜ੍ਹੀਆਂ ਤੋਂ ਇਕੱਠਾ ਕੀਤਾ ਗਿਆ ਡਾਕਟਰੀ ਗਿਆਨ ਸੀ। ਹੈਰਾਨੀ ਦੀ ਗੱਲ ਹੈ ਕਿ, ਪੂਰੇ ਅਧਿਐਨ ਦੌਰਾਨ 216 ਆਦਿਵਾਸੀ ਇਲਾਜ ਕਰਨ ਵਾਲਿਆਂ ਦੀ ਪਛਾਣ ਕੀਤੀ ਗਈ, ਜਿਨ੍ਹਾਂ ਸਾਰਿਆਂ ਨੇ ਇਲਾਜ ਦੇ ਵੱਖ-ਵੱਖ ਤਰੀਕਿਆਂ ਦਾ ਅਭਿਆਸ ਕੀਤਾ। ਹਰੇਕ ਇਲਾਜ ਕਰਨ ਵਾਲਾ ਆਪਣੇ ਆਪ ਵਿੱਚ ਗਿਆਨ ਦਾ ਖਜ਼ਾਨਾ ਸਾਬਤ ਹੋਇਆ। ਇਨ੍ਹਾਂ ਇਲਾਜ ਕਰਨ ਵਾਲਿਆਂ ਨਾਲ ਗੱਲਬਾਤ ਦੌਰਾਨ, 238 ਔਸ਼ਧੀ ਪੌਦਿਆਂ ਨੂੰ ਵਿਗਿਆਨਕ ਤੌਰ 'ਤੇ ਦਸਤਾਵੇਜ਼ੀ ਰੂਪ ਦਿੱਤਾ ਗਿਆ। ਇਹ ਹੋਰ ਵੀ ਮਹੱਤਵਪੂਰਨ ਹੈ ਕਿਉਂਕਿ ਇਹ ਪੌਦੇ ਪਹਿਲਾਂ ਆਮ ਲੋਕਾਂ ਲਈ ਅਣਜਾਣ ਸਨ।

ਪਤੰਜਲੀ ਟੀਮ ਦੇ ਅਧਿਐਨ ਦੌਰਾਨ, ਇਹ ਦੇਖਿਆ ਗਿਆ ਕਿ ਕਬਾਇਲੀ ਲੋਕ ਪੇਟ ਦਰਦ, ਜ਼ੁਕਾਮ, ਖੰਘ, ਕੰਨ ਅਤੇ ਗਲੇ ਦੀਆਂ ਸਮੱਸਿਆਵਾਂ, ਬੁਖਾਰ, ਸ਼ੂਗਰ, ਜਲਣ, ਦੰਦਾਂ ਦੇ ਦਰਦ, ਦਸਤ, ਮਲੇਰੀਆ, ਡੇਂਗੂ, ਬਵਾਸੀਰ, ਉਲਟੀਆਂ, ਦਸਤ, ਦਮਾ, ਮੂੰਹ ਦੇ ਫੋੜੇ, ਹੱਡੀਆਂ ਦਾ ਇਲਾਜ, ਗੁਰਦੇ ਦੀ ਪੱਥਰੀ, ਅੱਖਾਂ ਦੀਆਂ ਸਮੱਸਿਆਵਾਂ ਅਤੇ ਹੋਰ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਕਰ ਰਹੇ ਸਨ। ਇਨ੍ਹਾਂ ਵਿੱਚੋਂ, ਕਬਾਇਲੀ ਖੇਤਰਾਂ ਦੇ ਲੋਕਾਂ ਦਾ ਜੋੜਾਂ ਦੇ ਦਰਦ ਅਤੇ ਗਠੀਏ ਲਈ ਸਭ ਤੋਂ ਵੱਧ ਇਲਾਜ ਕੀਤਾ ਜਾਂਦਾ ਸੀ।

ਪਤੰਜਲੀ ਟੀਮ ਨੂੰ ਪੰਜ ਜ਼ਿਲ੍ਹਿਆਂ ਵਿੱਚ ਕਬਾਇਲੀ ਭਾਈਚਾਰਿਆਂ ਬਾਰੇ ਜਾਣਕਾਰੀ ਇਕੱਠੀ ਕਰਨ ਵਿੱਚ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਜਿੱਥੇ ਉਹ ਰਹਿੰਦੇ ਹਨ। ਇਨ੍ਹਾਂ ਖਾਨਾਬਦੋਸ਼ ਕਬੀਲਿਆਂ ਦਾ ਇੱਕ ਵੀ ਬਸਤੀ ਨਹੀਂ ਸੀ। ਇਸ ਲਈ, ਉਨ੍ਹਾਂ ਤੋਂ ਜਾਣਕਾਰੀ ਪ੍ਰਾਪਤ ਕਰਨਾ ਆਸਾਨ ਨਹੀਂ ਸੀ। ਇਸ ਸਬੰਧ ਵਿੱਚ, ਪਤੰਜਲੀ ਦੀ ਟੀਮ ਨੇ ਕਬਾਇਲੀ ਅਤੇ ਆਦਿਵਾਸੀ ਪਰਿਵਾਰਾਂ ਨੂੰ ਜੀਓ-ਟੈਗ ਕੀਤਾ, ਇੱਕ ਅਜਿਹਾ ਕਾਰਨਾਮਾ ਜੋ ਪਹਿਲਾਂ ਭਾਰਤ ਵਿੱਚ ਕਿਤੇ ਵੀ ਨਹੀਂ ਸੁਣਿਆ ਗਿਆ ਸੀ। ਸਰਕਾਰ 50,000 ਕਬਾਇਲੀ ਪਰਿਵਾਰਾਂ ਦੀ ਮੌਜੂਦਗੀ ਦਾ ਦਾਅਵਾ ਕਰ ਰਹੀ ਸੀ, ਪਰ ਪਤੰਜਲੀ ਨੇ ਖੁਦ ਰਿਪੋਰਟ ਦਿੱਤੀ ਕਿ ਉੱਥੇ ਸਿਰਫ਼ 28,000 ਕਬਾਇਲੀ ਪਰਿਵਾਰ ਰਹਿੰਦੇ ਹਨ। ਇਸ ਤੋਂ ਇਲਾਵਾ, ਪਤੰਜਲੀ ਨੇ ਇਨ੍ਹਾਂ ਕਬਾਇਲੀ ਪਰਿਵਾਰਾਂ ਨੂੰ ਖੇਤੀਬਾੜੀ, ਕਾਰੋਬਾਰ ਅਤੇ ਰੁਜ਼ਗਾਰ ਦੇ ਮੌਕਿਆਂ ਨਾਲ ਜੋੜਨ ਲਈ ਇੱਕ ਪਲੇਟਫਾਰਮ ਪ੍ਰਦਾਨ ਕੀਤਾ।



# ਕੇਂਦਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਮੰਤਰਾਲਿਆਂ ਵਿੱਚ ਹਫ਼ਤੇ ਵਿੱਚ ਇੱਕ ਵਾਰ ਕਾਰ ਪੂਲਿੰਗ ਲਾਗੂ ਕਰਨ ਦਾ ਫੈਸਲਾ; : ਸ਼ਿਵਰਾਜ ਸਿੰਘ ਚੌਹਾਨ



ਨਵੀਂ ਦਿੱਲੀ, 18 ਮਈ (ਅੰਮ੍ਰਿਤਪਾਲ ਸਿੰਘ) : ਕੇਂਦਰੀ ਖੇਤੀਬਾੜੀ, ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ, ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਵੱਡੇ ਫੈਸਲੇ ਲਏ, ਜਿਸ ਨਾਲ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਸਾਦਗੀ, ਸਰੋਤ ਸੰਭਾਲ ਅਤੇ ਸਵੈ-ਨਿਰਭਰਤਾ ਦੀ ਅਪੀਲ ਨੂੰ ਪ੍ਰਸ਼ਾਸਕੀ ਪ੍ਰਭਾਵ ਮਿਲਿਆ। ਅਧਿਕਾਰੀਆਂ ਨਾਲ ਇੱਕ ਸਮੀਖਿਆ ਮੀਟਿੰਗ ਵਿੱਚ, ਜਦੋਂ ਕਿ ਬੱਚਤ, ਬਾਲਣ ਸੰਭਾਲ, ਬਿਜਲੀ ਨਿਯੰਤਰਣ, ਵਰਚੁਅਲ ਕੰਮਕਾਜ ਅਤੇ ਸਰਕਾਰੀ ਖਰਚਿਆਂ ਨੂੰ ਘਟਾਉਣ ਲਈ ਉਪਾਅ ਤੈਅ ਕੀਤੇ ਗਏ, ਅਧਿਕਾਰੀਆਂ ਨੇ ਵਿਸ਼ੇਸ਼ ਪਰਿਵਾਰਕ ਹਾਲਾਤਾਂ ਨੂੰ ਛੱਡ ਕੇ ਇੱਕ ਸਾਲ ਲਈ ਸੋਨਾ ਖਰੀਦਣ ਤੋਂ ਪਰਹੇਜ਼ ਕਰਨ ਦਾ ਸਮੂਹਿਕ ਪ੍ਰਣ ਵੀ ਲਿਆ। ਵਿਸ਼ਵ ਵਿਆਪੀ ਚੁਣੌਤੀਆਂ ਅਤੇ ਬਦਲਦੇ ਆਰਥਿਕ ਮਾਹੌਲ ਦੇ ਵਿਚਕਾਰ, ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਇਹ ਸੰਦੇਸ਼ ਦੇ ਰਹੀ ਹੈ ਕਿ ਰਾਸ਼ਟਰੀ ਹਿੱਤ ਵਿੱਚ ਸੰਜਮ ਅਤੇ ਬੱਚਤ ਦੀ ਸ਼ੁਰੂਆਤ ਸਰਕਾਰ ਖੁਦ ਕਰੇਗੀ। ਇਸ ਦਿਸ਼ਾ ਵਿੱਚ, ਕੇਂਦਰੀ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਖੇਤੀਬਾੜੀ ਵਿਭਾਗ, ਪੇਂਡੂ ਵਿਕਾਸ ਵਿਭਾਗ, ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ, ਖੇਤੀਬਾੜੀ ਸਿੱਖਿਆ ਅਤੇ ਭੂਮੀ ਸਰੋਤ ਵਿਭਾਗ ਦੇ ਅਧਿਕਾਰੀਆਂ ਨਾਲ ਇੱਕ ਵਿਸਤ੍ਰਿਤ ਮੀਟਿੰਗ ਕੀਤੀ ਅਤੇ ਕਈ ਫੈਸਲੇ ਲਏ ਜਿਨ੍ਹਾਂ ਦਾ ਤਿੰਨੋ ਪੱਧਰਾਂ 'ਤੇ ਸਕਾਰਾਤਮਕ ਪ੍ਰਭਾਵ ਪਵੇਗਾ: ਸ਼ਾਸਨ, ਸਮਾਜ ਅਤੇ ਖੇਤੀਬਾੜੀ। ਅੱਜ ਨਵੀਂ ਦਿੱਲੀ ਦੇ ਕ੍ਰਿਸ਼ੀ ਭਵਨ ਵਿਖੇ ਹੋਈ।

ਪ੍ਰਸ਼ਾਸਕੀ ਮੀਟਿੰਗ ਵਿੱਚ, ਇਹ ਫੈਸਲਾ ਕੀਤਾ ਗਿਆ ਕਿ ਆਉਣ ਵਾਲੇ ਦਿਨਾਂ ਵਿੱਚ ਗੁਹਾਟੀ ਅਤੇ ਵਿਸ਼ਾਖਾਪਟਨਮ ਵਿੱਚ ਹੋਣ ਵਾਲੀਆਂ ਦੋ ਜ਼ੋਨਲ ਕਾਨਫਰੰਸਾਂ ਹੁਣ ਭੌਤਿਕ ਮੋਡ ਵਿੱਚ ਨਹੀਂ, ਸਗੋਂ ਵਰਚੁਅਲ ਮੋਡ ਵਿੱਚ ਹੋਣਗੀਆਂ। ਇਸ ਨਾਲ ਯਾਤਰਾ, ਰਿਹਾਇਸ਼, ਸਥਾਨ, ਲੌਜਿਸਟਿਕਸ ਅਤੇ ਹੋਰ ਸਬੰਧਤ ਖਰਚੇ ਘੱਟ ਜਾਣਗੇ, ਜਦੋਂ ਕਿ ਰਾਜਾਂ ਅਤੇ ਹਿੱਸੇਦਾਰਾਂ ਨਾਲ ਸੰਚਾਰ ਅਤੇ ਸਮੀਖਿਆ ਪ੍ਰਕਿਰਿਆ ਪ੍ਰਭਾਵਿਤ ਨਹੀਂ ਰਹੇਗੀ। ਦਫ਼ਤਰਾਂ ਵਿੱਚ ਬਿਜਲੀ ਦੀ ਸੰਭਾਲ ਨੂੰ ਵੀ ਤਰਜੀਹ ਦਿੱਤੀ ਗਈ ਹੈ। ਕੇਂਦਰੀ ਮੰਤਰੀ ਸ਼੍ਰੀ ਸ਼ਿਵਰਾਜ ਸਿੰਘ ਚੌਹਾਨ ਨੇ ਨਿਰਦੇਸ਼ ਦਿੱਤੇ ਹਨ ਕਿ ਲੋੜ ਨਾ ਹੋਣ 'ਤੇ ਲਾਈਟਾਂ, ਪੱਖੇ, ਏਅਰ ਕੰਡੀਸ਼ਨਰ, ਕੰਪਿਊਟਰ ਅਤੇ ਹੋਰ ਉਪਕਰਣ ਬੰਦ ਕੀਤੇ ਜਾਣੇ ਚਾਹੀਦੇ ਹਨ, ਜਦੋਂ ਕਿ ਬੇਲੋੜੀ ਬਿਜਲੀ ਦੀ ਖਪਤ ਨੂੰ ਰੋਕਣ ਲਈ ਏਅਰ-ਕੰਡੀਸ਼ਨਰ ਅਤੇ ਹੋਰ ਬਿਜਲੀ ਉਪਕਰਣਾਂ ਦੀ ਵਰਤੋਂ ਨੂੰ ਨਿਯਮਤ ਅਤੇ ਪ੍ਰਬੰਧਨ ਕਰਨ ਦਾ ਫੈਸਲਾ ਕੀਤਾ ਗਿਆ ਹੈ। ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਘਰ ਤੋਂ ਕੰਮ ਕਰਨ ਦੇ ਪ੍ਰਬੰਧ ਲਗਭਗ 20 ਪ੍ਰਤੀਸ਼ਤ ਕਰਮਚਾਰੀਆਂ ਲਈ ਰੋਟੇਸ਼ਨਲ ਆਧਾਰ 'ਤੇ ਲਾਗੂ ਕੀਤੇ ਜਾਣਗੇ। ਹਾਲਾਂਕਿ, ਇਹ ਵੀ ਕਿਹਾ ਗਿਆ ਕਿ ਫਾਈਲ ਪ੍ਰੋਸੈਸਿੰਗ, ਮੀਟਿੰਗਾਂ, ਤਾਲਮੇਲ, ਰਾਜ ਨਾਲ ਸਬੰਧਤ ਕੰਮ ਅਤੇ ਨਿਯਮਤ ਦਫਤਰੀ ਕੰਮ ਪ੍ਰਭਾਵਿਤ ਨਹੀਂ ਰਹਿਣੇ ਚਾਹੀਦੇ। ਘਰ ਤੋਂ ਕੰਮ ਕਰਨ ਵਾਲੇ ਕਰਮਚਾਰੀ ਫ਼ੋਨ, ਈਮੇਲ, ਵੀਡੀਓ ਕਾਨਫਰੰਸਿੰਗ ਅਤੇ ਈ-ਆਫਿਸ ਰਾਹੀਂ ਉਪਲਬਧ ਹੋਣਗੇ।

# ਦਿੱਲੀ ਦੇ ਉਪ ਰਾਜਪਾਲ ਨਾਲ ਕਪਿਲ ਮਿਸ਼ਰਾ ਨੇ ਕੀਤੀ ਮੁਲਾਕਾਤ, ਕਈ ਅਹਿਮ ਮੁੱਦਿਆਂ 'ਤੇ ਹੋਈ ਚਰਚਾ

ਨਵੀਂ ਦਿੱਲੀ, 18 ਮਈ (ਅੰਮ੍ਰਿਤਪਾਲ ਸਿੰਘ) : ਦਿੱਲੀ ਦੇ ਸਰਕਾਰੀ ਅਤੇ ਸਿਆਸੀ ਹਲਕਿਆਂ ਤੋਂ ਇੱਕ



ਵੱਡੀ ਖ਼ਬਰ ਸਾਹਮਣੇ ਆਈ ਹੈ। ਗੌਰਮਿੰਟ ਆਫ਼ ਨੈਸ਼ਨਲ ਕੈਪੀਟਲ ਟੈਰਿਟਰੀ ਆਫ਼ ਦਿੱਲੀ (GNCTD) ਦੇ ਮਾਨਯੋਗ ਮੰਤਰੀ ਸ਼੍ਰੀ ਕਪਿਲ ਮਿਸ਼ਰਾ ਨੇ ਅੱਜ ਦਿੱਲੀ ਦੇ ਮਾਨਯੋਗ ਉਪ ਰਾਜਪਾਲ (ਐਲ.ਜੀ.) ਸਰਦਾਰ ਤਰਨਜੀਤ ਸਿੰਘ ਸੰਧੂ ਨਾਲ ਮੁਲਾਕਾਤ ਕੀਤੀ। ਇਹ ਉੱਚ ਪੱਧਰੀ ਬੈਠਕ ਉਪ ਰਾਜਪਾਲ ਦੇ ਅਧਿਕਾਰਤ ਨਿਵਾਸ ਲੋਕ ਨਿਵਾਸ ਵਿਖੇ ਹੋਈ। ਇਸ ਮੁਲਾਕਾਤ ਦੌਰਾਨ ਦੋਵਾਂ ਆਗੂਆਂ ਵਿਚਾਲੇ ਦਿੱਲੀ ਦੇ ਵਿਕਾਸ ਕਾਰਜਾਂ ਅਤੇ ਪ੍ਰਸ਼ਾਸਨਿਕ ਮੁੱਦਿਆਂ ਨੂੰ ਲੈ ਕੇ ਅਹਿਮ ਗੱਲਬਾਤ ਹੋਈ। ਸ਼੍ਰੀ ਕਪਿਲ ਮਿਸ਼ਰਾ ਨੇ ਉਪ ਰਾਜਪਾਲ ਨੂੰ ਗੁਲਦਸਤਾ ਭੇਂਟ ਕਰਕੇ ਉਨ੍ਹਾਂ ਦਾ ਸਵਾਗਤ ਕੀਤਾ। ਇਸ ਬੈਠਕ ਦੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਲੋਕ ਨਿਵਾਸ ਦਿੱਲੀ ਦੇ ਅਧਿਕਾਰਤ ਐਕਸ (ਟਵਿੱਟਰ) ਹੈਂਡਲ ਤੋਂ ਸਾਂਝੀਆਂ ਕੀਤੀਆਂ ਗਈਆਂ ਹਨ। ਦੂਜੇ ਪਾਸੇ, ਦਿੱਲੀ ਨਗਰ ਨਿਗਮ ਦੇ ਦੱਖਣੀ ਜ਼ੋਨ ਨਾਲ ਜੁੜਿਆ ਇੱਕ ਪ੍ਰਸ਼ਾਸਨਿਕ ਵਿਵਾਦ ਵੀ ਸੋਸ਼ਲ ਮੀਡੀਆ 'ਤੇ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇੱਕ ਨਾਗਰਿਕ ਸੰਦੀਪ ਕੁਮਾਰ ਨੇ ਉਪ ਰਾਜਪਾਲ ਤਰਨਜੀਤ ਸਿੰਘ ਸੰਧੂ ਨੂੰ ਟੈਗ ਕਰਦੇ ਹੋਏ ਐਮ.ਸੀ.ਡੀ. ਦੇ ਬਿਲਡਿੰਗ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ (55) 'ਤੇ ਸਵਾਲ ਚੁੱਕੇ ਹਨ। ਸ਼ਿਕਾਇਤਕਰਤਾ ਦਾ ਦੋਸ਼ ਹੈ ਕਿ ਅਧਿਕਾਰੀ ਵੱਲੋਂ ਇੱਕ ਮਾਮਲੇ ਵਿੱਚ ਦੋ ਵੱਖ-ਵੱਖ ਰਾਵਾਂ ਵਿੱਚੋਂ ਸਿਰਫ਼ ਇੱਕ ਨੂੰ ਹੀ ਅੱਗੇ ਵਧਾਇਆ ਗਿਆ ਹੈ, ਜਦੋਂ ਕਿ ਪਹਿਲੀ ਰਾਏ ਵਿੱਚ ਇਸਨੂੰ ਵਿਭਾਗੀ ਮਾਮਲਾ ਦੱਸਿਆ ਗਿਆ ਸੀ। ਅਜਿਹੇ ਮੁੱਦਿਆਂ ਕਾਰਨ ਉਪ ਰਾਜਪਾਲ ਦੀ ਭੂਮਿਕਾ ਹੁਣ ਹੋਰ ਵੀ ਅਹਿਮ ਹੋ ਗਈ ਹੈ।



# ਪਟਿਆਲਾ-ਆਸ/ਪਾਸ



## ਯੰਗ ਨਭਾਈਟਸ ਐਸੋਸੀਏਸ਼ਨ ਨੇ ਸਮਾਜਿਕ ਸੇਵਾ ਦੇ ਖੇਤਰ 'ਚ ਨਿਵੇਕਲੀ ਮਿਸਾਲ ਕਾਇਮ ਕੀਤੀ : ਗੁਲਾਬ ਚੰਦ ਕਟਾਰੀਆ

**➢ਨਿਰਮਲ ਕੁਟੀਆ ਖੋਖ-ਕੋਟਲੀ ਵਿਖੇ ਐਸੋਸੀਏਸ਼ਨ ਵੱਲੋਂ ਕਰਵਾਏ ਸਕੂਲ ਬੈਗ ਵੰਡ ਸਮਾਗਮ 'ਚ ਪਹੁੰਚੇ ਰਾਜਪਾਲ**



ਨਾਭਾ, 18 ਮਈ (ਬਲਜਿੰਦਰ ਮਾਨ/ਗੁਰਚਰਨ ਸਿੰਘ ਚੌਧਰੀਮਾਜਰਾ) : ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਨਾਭਾ ਨੇੜਲੇ ਪਿੰਡ ਖੋਖ-ਕੋਟਲੀ ਸਥਿਤ ਨਿਰਮਲ ਕੁਟੀਆ ਵਿਖੇ ਯੰਗ ਨਭਾਈਟਸ ਐਸੋਸੀਏਸ਼ਨ ਵੱਲੋਂ ਕਰਵਾਏ ਸਕੂਲ ਬੈਗ ਵੰਡ ਸਮਾਗਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨਾਂ ਵੱਲੋਂ ਸਮਾਜਿਕ ਸੇਵਾ ਅਤੇ ਸਿੱਖਿਆ ਦੇ ਖੇਤਰ ਵਿੱਚ ਕੀਤੇ ਜਾ ਰਹੇ ਯਤਨ ਹੋਰ ਸੰਸਥਾਵਾਂ ਲਈ ਵੀ ਪ੍ਰੇਰਨਾ ਸਰੋਤ ਹਨ । ਇਸ ਮੌਕੇ ਗਵਰਨਰ ਵੱਲੋਂ ਹਾਲ ਹੀ ਵਿੱਚ ਯੂ.ਪੀ.ਐਸ.ਸੀ ਪ੍ਰੀਖਿਆ ਵਿੱਚ 15ਵਾਂ ਰੈਂਕ ਹਾਸਲ ਕਰਕੇ ਆਈਏਐਸ ਅਧਿਕਾਰੀ ਬਣੀ ਪਿੰਡ ਬਿਰੜਵਾਲ ਦੀ ਸਿਮਰਨਦੀਪ ਕੌਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਨਾਲ ਵਿਧਾਇਕ ਨਾਭਾ ਗੁਰਦੇਵ ਸਿੰਘ ਦੇਵ ਮਾਨ ਵੀ ਮੌਜੂਦ ਸਨ। ਰਾਜਪਾਲ ਨੇ ਪਿੰਡ ਖੋਖ ਦੇ ਨਸ਼ਾ ਮੁਕਤ ਹੋਣ ਦੀ ਜਾਣਕਾਰੀ ਮਿਲਣ 'ਤੇ ਪਿੰਡ ਦੇ ਵਿਕਾਸ ਲਈ 3 ਲੱਖ ਰੁਪਏ ਦੀ ਰਾਸ਼ੀ ਜਾਰੀ ਕਰਨ ਸਮੇਤ ਪਿੰਡ ਦੇ ਦੋਵੇਂ ਸਰਕਾਰੀ ਸਕੂਲਾਂ ਨੂੰ ਇੱਕ ਦਿਨ ਦੀ ਛੁੱਟੀ ਦਾ ਐਲਾਨ ਕੀਤਾ । ਰਾਜਪਾਲ ਸ੍ਰੀ ਕਟਾਰੀਆ ਨੇ ਕਿਹਾ ਕਿ ਯੰਗ ਨਭਾਈਟਸ ਐਸੋਸੀਏਸ਼ਨ ਵੱਲੋਂ ਖੋਖ ਦੇ ਦੋ ਸਰਕਾਰੀ ਸਕੂਲਾਂ ਦੇ 100 ਵਿਦਿਆਰਥੀਆਂ ਨੂੰ ਸਕੂਲ ਬੈਗ ਵੰਡਣਾ ਸਿਰਫ਼ ਇੱਕ ਸਹਾਇਤਾ ਕਾਰਜ ਨਹੀਂ, ਸਗੋਂ ਸਿੱਖਿਆ ਪ੍ਰਤੀ ਸਮਾਜਿਕ ਜ਼ਿੰਮੇਵਾਰੀ ਅਤੇ ਸੰਵੇਦਨਸ਼ੀਲਤਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਹੀ ਉਹ ਮਾਧਿਅਮ ਹੈ ਜੋ ਬੱਚਿਆਂ ਨੂੰ ਉੱਜਵਲ ਭਵਿੱਖ ਵੱਲ ਲੈ ਕੇ ਜਾਂਦੀ ਹੈ ਅਤੇ ਸਮਾਜ ਨੂੰ ਮਜ਼ਬੂਤ ਬਣਾਉਂਦੀ ਹੈ। ਸ੍ਰੀ ਕਟਾਰੀਆ ਨੇ ਕਿਹਾ ਕਿ ਸਮਾਜ ਦੇ ਸਮਰੱਥ ਵਰਗ, ਉਦਯੋਗਪਤੀ ਅਤੇ ਸਮਾਜਿਕ ਸੰਸਥਾਵਾਂ ਨੂੰ ਵੀ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਤਹਿਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਸਿੱਖਿਆ, ਡਿਜ਼ੀਟਲ ਲਰਨਿੰਗ ਅਤੇ ਹੁਨਰ ਵਿਕਾਸ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪਿੰਡ ਖੋਖ ਦੇ ਲੋਕਾਂ ਦੀ ਅਧਿਆਤਮਕ ਸੋਚ, ਸਮਾਜਿਕ ਜ਼ਿੰਮੇਵਾਰੀ ਅਤੇ ਨਸ਼ਾ ਮੁਕਤ ਜੀਵਨ ਸ਼ੈਲੀ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਗੁਰਬਾਣੀ ਨਾਲ ਜੁੜਾਅ ਅਤੇ ਸਾਂਝੀ ਸੋਚ ਨੇ ਇਸ ਪਿੰਡ ਨੂੰ ਹੋਰ ਪਿੰਡਾਂ ਲਈ ਇੱਕ ਪ੍ਰੇਰਨਾਦਾਇਕ ਮਾਡਲ ਬਣਾਇਆ ਹੈ। ਸ੍ਰੀ ਕਟਾਰੀਆ ਨੇ ਨਿਰਮਲ ਕੁਟੀਆ ਖੋਖ, ਨਿਰਮਲ ਆਸ਼ਰਮ ਅਤੇ ਸੰਤ ਬਾਬਾ ਰਾਮ ਸਿੰਘ ਜੀ ਵੱਲੋਂ ਸਿੱਖਿਆ, ਸਿਹਤ ਅਤੇ ਮਨੁੱਖੀ ਸੇਵਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਯਤਨਾਂ ਦੀ ਵੀ ਪ੍ਰਸ਼ੰਸਾ ਕੀਤੀ। ਰਾਜਪਾਲ ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਜਵਾਨਾਂ ਦੀ ਊਰਜਾ ਨੂੰ ਸਮਾਜਿਕ ਸੇਵਾ, ਸਿੱਖਿਆ ਅਤੇ ਜਾਗਰੂਕਤਾ ਵਰਗੇ ਸਕਾਰਾਤਮਕ ਕਾਰਜਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ ਅਤੇ ਯੰਗ ਨਭਾਈਟਸ ਐਸੋਸੀਏਸ਼ਨ ਇਸ ਦਿਸ਼ਾ ਵਿੱਚ ਸ਼ਲਾਘਾਯੋਗ ਕੰਮ ਕਰ ਰਹੀ ਹੈ। ਇਸ ਮੌਕੇ ਵਿਧਾਇਕ ਦੇਵ ਮਾਨ ਸਮੇਤ ਪਿੰਡ ਵਾਸੀਆਂ ਨੇ ਰਾਜਪਾਲ ਗੁਲਾਬ ਚੰਦ ਕਟਾਰੀਆ ਦਾ ਵਿਸ਼ੇਸ਼ ਸਨਮਾਨ ਕੀਤਾ । ਇਸ ਦੌਰਾਨ ਯੰਗ ਨਭਾਈਟਸ ਐਸੋਸੀਏਸ਼ਨ ਦੇ ਮੈਂਬਰ, ਏ.ਡੀ.ਸੀ (ਦਿਹਾਤੀ ਵਿਕਾਸ) ਦਮਨਜੀਤ ਸਿੰਘ ਮਾਨ, ਐਸਡੀਐਮਜ ਕਰਨਲ ਏਪੀਐਸ ਸੋਮਲ ਤੇ ਹਰਜੋਤ ਕੌਰ ਮਾਵੀ ਸਮੇਤ ਪਿੰਡ ਵਾਸੀ ਵੀ ਮੌਜੂਦ ਸਨ।

## ਰਣਜੋਧ ਸਿੰਘ ਹਡਾਣਾ ਨੇ ਖੇਡ ਗਰਾਊਂਡ ਤੇ ਗਲੀਆਂ-ਨਾਲੀਆਂ ਦੇ ਕੰਮਾਂ ਦਾ ਨੀਂਹ ਪੱਥਰ ਰੱਖਿਆ

**➢ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਅਤੇ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਲਈ ਮਾਨ ਸਰਕਾਰ ਵਚਨਬੱਧ : ਹਲਕਾ ਇੰਚਾਰਜ**



ਦੇਵੀਗੜ੍ਹ, 18 ਮਈ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਦੇ ਪਿੰਡਾਂ ਦੀ ਨੁਹਾਰ ਬਦਲਨ ਅਤੇ ਨੌਜਵਾਨੀ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਦੇ ਮਕਸਦ ਨਾਲ ਅੱਜ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਵੱਲੋਂ ਪਿੰਡ ਖਾਲਸਪੁਰ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਨਵੇਂ ਬਣਨ ਵਾਲੇ ਸ਼ਾਨਦਾਰ ਖੇਡ ਗਰਾਊਂਡ ਅਤੇ ਪਿੰਡ ਦੀਆਂ ਗਲੀਆਂ-ਨਾਲੀਆਂ ਦੇ ਨਿਰਮਾਣ ਕਾਰਜਾਂ ਦਾ ਨੀਂਹ ਪੱਥਰ ਰੱਖਿਆ ਗਿਆ। ਵਿਕਾਸ ਕਾਰਜਾਂ ਦੀ ਇਸ ਰਸਮੀ ਸ਼ੁਰੂਆਤ ਮੌਕੇ ਪਿੰਡ ਵਾਸੀਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਪ੍ਰਦੀਪ ਜੋਸਨ ਪ੍ਰਧਾਨ ਨਗਰ ਕੌਂਸਲ ਸਨੌਰ, ਚਰਨਜੀਤ ਸਿੰਘ ਨੈਣਾ ਚੇਅਰਮੈਨ ਬਲਾਕ ਸੰਮਤੀ ਭੁਨਰਹੇੜੀ, ਸਿਮਰਜੀਤ ਸਿੰਘ ਸੋਹਲ ਵਾਈਸ ਚੇਅਰਮੈਨ, ਹਰਪ੍ਰੀਤ ਸਿੰਘ ਘੁੰਮਣ ਵਾਈਸ ਚੇਅਰਮੈਨ, ਰਾਮਇੰਦਰ ਸਿੰਘ ਜਮਨਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਗਗਨਦੀਪ ਕੌਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਬਲਪ੍ਰੀਤ ਸਿੰਘ ਬੱਬੂ ਸਰਪੰਚ, ਪਰਮਜੀਤ ਕੌਰ ਮੈਂਬਰ ਬਲਾਕ ਸੰਮਤੀ, ਦਵਿੰਦਰ ਸਿੰਘ ਮਾੜੂ ਬਲਾਕ ਪ੍ਰਧਾਨ, ਰਾਜਾ ਧੰਜੂ ਸਰਪੰਚ, ਜਸਵਿੰਦਰ ਸਿੰਘ, ਪਵਿੱਤਰ ਸਿੰਘ, ਕਰਮਜੀਤ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ, ਗੁਰਦੀਪ ਸਿੰਘ ਪੰਚਾਇਤ ਮੈਂਬਰ, ਮਨਿੰਦਰ ਸਿੰਘ ਪੰਚਾਇਤ ਮੈਂਬਰ, ਕੁਲਵੰਤ ਸਿੰਘ, ਮਹਿੰਦਰ ਸਿੰਘ ਸਾਬਕਾ ਫੌਜੀ ਤੇ ਹੋਰ ਪਿੰਡ ਵਾਸੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਮੌਕੇ ਇਕੱਤਰ ਹੋਏ ਪਿੰਡ ਵਾਸੀਆਂ ਅਤੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਮਕਸਦ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢ ਕੇ ਖੇਡ ਮੈਦਾਨਾਂ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਪਿੰਡ ਖਾਲਸਪੁਰ ਵਿਖੇ ਬਣਨ ਵਾਲਾ ਇਹ ਖੇਡ ਗਰਾਊਂਡ ਇਲਾਕੇ ਦੇ ਖਿਡਾਰੀਆਂ ਲਈ ਵਰਦਾਨ ਸਾਬਿਤ ਹੋਵੇਗਾ, ਜਿੱਥੇ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਤਾਂ ਜੋ ਸਾਡੇ ਪਿੰਡਾਂ ਦੇ ਬੱਚੇ ਕੌਮਾਂਤਰੀ ਪੱਧਰ 'ਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਸੜਕਾਂ ਅਤੇ ਗਲੀਆਂ-ਨਾਲੀਆਂ ਦੇ ਪ੍ਰੋਜੈਕਟ ਬਾਰੇ ਗੱਲ ਕਰਦਿਆਂ ਸ. ਹਡਾਣਾ ਨੇ ਕਿਹਾ ਕਿ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਸਰਕਾਰ ਦੀ ਪਹਿਲੀ ਤਰਜੀਹ ਹੈ। ਪਿੰਡ ਖਾਲਸਪੁਰ ਦੀਆਂ ਗਲੀਆਂ ਅਤੇ ਨਾਲੀਆਂ ਦੇ ਨਿਰਮਾਣ ਨਾਲ ਲੋਕਾਂ ਨੂੰ ਆਉਣ ਵਾਲੀਅ ਮੁਸ਼ਕਲਾਂ ਤੋਂ ਹਮੇਸ਼ਾ ਲਈ ਨਿਜਾਤ ਮਿਲੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਵਿਕਾਸ ਕਾਰਜਾਂ ਵਿੱਚ ਵਰਤੇ ਜਾਣ ਵਾਲੇ ਮਟੀਰੀਅਲ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ ਅਤੇ ਸਾਰੇ ਕੰਮ ਪਾਰਦਰਸ਼ੀ ਤਰੀਕੇ ਨਾਲ ਨੇਪਰੇ ਚਾੜ੍ਹੇ ਜਾਣਗੇ। ਪਿੰਡ ਖਾਲਸਪੁਰ ਦੇ ਪਤਵੰਤੇ ਸੱਜਣਾਂ ਅਤੇ ਪੰਚਾਇਤ ਵੱਲੋਂ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਦਾ ਪਿੰਡ ਪਹੁੰਚਣ 'ਤੇ ਸਿਰੋਪਾਓ ਅਤੇ ਫੁੱਲਾਂ ਦੇ ਹਾਰ ਪਾ ਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।

## 'ਸੋਨੇ 'ਤੇ 15 ਫੀਸਦੀ ਡਿਊਟੀ: ਵਪਾਰੀਆਂ ਦੇ ਲਾਭ 'ਚ ਘਟਾਅ' : ਕਾਕਾ ਜਿਊਲਰ



ਸਨੌਰ, 18 ਮਈ (ਪ੍ਰਥਮ ਕੁਮਾਰ) : ਸਵਰਨਕਾਰ ਸੰਘ ਪੰਜਾਬ ਦੇ ਸੂਬਾ ਸੈਕਟਰੀ ਕਾਕਾ ਜੁਵੇਲਰ ਨੇ ਕੇਂਦਰ ਸਰਕਾਰ ਵੱਲੋਂ ਸੋਨੇ 'ਤੇ ਕਸਟਮ ਡਿਊਟੀ 6 ਫੀਸਦੀ ਤੋਂ ਵਧਾ ਕੇ 15 ਫੀਸਦੀ ਕਰਨ ਦੇ ਫੈਸਲੇ ਦੀ ਕੜੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਫੈਸਲਾ ਸਰਾਫਾ ਉਦਯੋਗ, ਵਪਾਰੀ ਵਰਗ ਅਤੇ ਆਮ ਜਨਤਾ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਅੱਜ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੋਨੇ ਦੀਆਂ ਕੀਮਤਾਂ ਪਹਿਲਾਂ ਹੀ ਅਸਮਾਨ ਛੂਹ ਰਹੀਆਂ ਹਨ ਅਤੇ ਅਜਿਹੇ ਵਿੱਚ ਕਸਟਮ ਡਿਊਟੀ ਵਿੱਚ ਵੱਡਾ ਵਾਧਾ ਕਰਨ ਨਾਲ ਇਸ ਦੀ ਕੀਮਤ ਵਿੱਚ ਹੋਰ ਤੇਜ਼ੀ ਆਵੇਗੀ, ਜਿਸ ਦਾ ਸਿੱਧਾ ਅਸਰ ਆਮ ਲੋਕਾਂ ਅਤੇ ਜੁਵੇਲਰਾਂ ਦੇ ਕਾਰੋਬਾਰ 'ਤੇ ਪਵੇਗਾ। ਕਾਕਾ ਜੁਵੇਲਰ ਨੇ ਕਿਹਾ ਕਿ ਭਾਰਤ ਵਿੱਚ ਸੋਨਾ ਸਿਰਫ਼ ਇੱਕ ਕੀਮਤੀ ਧਾਤੂ ਨਹੀਂ, ਸਗੋਂ ਲੋਕਾਂ ਦੀਆਂ ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਪਰੰਪਰਾਵਾਂ ਨਾਲ ਡੂੰਘੇ ਤੌਰ 'ਤੇ ਜੁੜਿਆ ਹੋਇਆ ਹੈ। ਵਿਆਹ-ਸ਼ਾਦੀਆਂ, ਤਿਉਹਾਰਾਂ ਅਤੇ ਹੋਰ ਖਾਸ ਮੌਕਿਆਂ 'ਤੇ ਹਰ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਸੋਨੇ ਦੀ ਖਰੀਦ ਕਰਦਾ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਪਰਿਵਾਰ ਸੋਨੇ ਨੂੰ ਭਵਿੱਖ ਲਈ ਇੱਕ ਸੁਰੱਖਿਅਤ ਨਿਵੇਸ਼ ਵਜੋਂ ਵੀ ਦੇਖਦੇ ਹਨ। ਉਨ੍ਹਾਂ ਕਿਹਾ ਕਿ ਡਿਊਟੀ ਵਧਣ ਕਾਰਨ ਸੋਨੇ ਦੀਆਂ ਕੀਮਤਾਂ ਵਿੱਚ ਹੋਰ ਵਾਧਾ ਹੋਵੇਗਾ, ਜਿਸ ਨਾਲ ਆਮ ਲੋਕਾਂ ਲਈ ਗਹਿਣੇ ਖਰੀਦਣਾ ਮੁਸ਼ਕਲ ਹੋ ਜਾਵੇਗਾ ਅਤੇ ਸਰਾਫਾ ਕਾਰੋਬਾਰ ਵਿੱਚ ਮੰਦੀ ਆ ਸਕਦੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਮੇਤ ਦੇਸ਼ ਭਰ ਵਿੱਚ ਹਜ਼ਾਰਾਂ ਪਰਿਵਾਰ ਸਰਾਫਾ ਉਦਯੋਗ ਨਾਲ ਜੁੜੇ ਹੋਏ ਹਨ। ਕਾਕਾ ਜੁਵੇਲਰ ਨੇ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਵਪਾਰੀਆਂ ਅਤੇ ਆਮ ਜਨਤਾ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਇਸ ਫੈਸਲੇ 'ਤੇ ਤੁਰੰਤ ਮੁੜ ਵਿਚਾਰ ਕਰੇ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸੋਨੇ 'ਤੇ ਵਧਾਈ ਗਈ ਕਸਟਮ ਡਿਊਟੀ ਨੂੰ ਤੁਰੰਤ ਵਾਪਸ ਲਿਆ ਜਾਵੇ।

*ਪੀ.ਪੀ.ਸੀ.ਬੀ. ਤੇ ਪੁਲਿਸ ਵੱਲੋਂ ਵੱਡੀ ਕਾਰਵਾਈ*

## ਗ਼ੈਰ-ਕਾਨੂੰਨੀ ਬਾਇਓਮੈਡੀਕਲ ਕੂੜਾ ਰੀਸਾਈਕਲਿੰਗ ਰੈਕਟ ਦਾ ਪਰਦਾਫਾਸ਼, ਸਸਤੇ ਖਿਡੌਣੇ ਅਤੇ ਮੈਡੀਕਲ ਉਪਕਰਨ ਬਣਾਉਣ ਲਈ ਹੋ ਰਹੀ ਸੀ ਵਰਤੋਂ

ਪਟਿਆਲਾ, 18 ਮਈ (ਚ.ਨ.ਸ) : ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ (ਪੀ.ਪੀ.ਸੀ.ਬੀ.) ਅਤੇ ਪੁਲਿਸ ਵਿਭਾਗ ਨੇ ਇੱਕ ਸਾਂਝੇ ਆਪ੍ਰੇਸ਼ਨ ਦੌਰਾਨ ਸੂਬੇ ਵਿੱਚ ਚੱਲ ਰਹੇ ਇੱਕ ਬਹੁਤ ਹੀ ਖ਼ਤਰਨਾਕ ਅਤੇ ਗੈਰ-ਕਾਨੂੰਨੀ ਬਾਇਓਮੈਡੀਕਲ ਕੂੜਾ ਰੀਸਾਈਕਲਿੰਗ ਰੈਕਟ ਦਾ ਪਰਦਾਫਾਸ਼ ਕੀਤਾ ਹੈ। ਸੁਰੱਖਿਆ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾਉਂਦੇ ਹੋਏ ਹਸਪਤਾਲਾਂ ਅਤੇ ਬਲੱਡ ਬੈਂਕਾਂ ਤੋਂ ਲਾਜ਼ਮੀ ਨਿਪਟਾਰੇ ਲਈ ਭੇਜੇ ਜਾਣ ਵਾਲੇ ਬਾਇਓਮੈਡੀਕਲ ਕੂੜੇ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਕਬਾੜਖਾਨਿਆਂ ਵਿੱਚ ਰੀਸਾਈਕਲਿੰਗ ਲਈ ਭੇਜਿਆ ਜਾ ਰਿਹਾ ਸੀ। ਮਿਲੀ ਜਾਣਕਾਰੀ ਮੁਤਾਬਕ ਇੱਕ ਗੁਪਤ ਸ਼ਿਕਾਇਤ ਦੇ ਆਧਾਰ 'ਤੇ ਪੀ.ਪੀ.ਸੀ.ਬੀ. ਅਤੇ ਪੁਲਿਸ ਦੀਆਂ ਸਾਂਝੀਆਂ ਟੀਮਾਂ ਵੱਲੋਂ ਪਟਿਆਲਾ ਦੇ ਦੇਵੀਗੜ੍ਹ ਰੋਡ 'ਤੇ ਸਥਿਤ ਇੱਕ ਗੋਦਾਮ ਵਿੱਚ ਛਾਪੇਮਾਰੀ ਕੀਤੀ ਗਈ ਸੀ। ਇਸ ਸ਼ੁਰੂਆਤੀ ਛਾਪੇਮਾਰੀ ਤੋਂ ਬਾਅਦ ਮਿਲੇ ਸੁਰਾਗਾਂ ਦੇ ਆਧਾਰ 'ਤੇ ਉਸੇ ਇਲਾਕੇ ਦੇ ਇੱਕ ਹੋਰ ਗੋਦਾਮ ਵਿੱਚ ਵੀ ਤਲਾਸ਼ੀ ਮੁਹਿੰਮ ਚਲਾਈ ਗਈ, ਜਿੱਥੇ ਭਾਰੀ ਮਾਤਰਾ ਵਿੱਚ ਮੈਡੀਕਲ ਕੂੜਾ ਬਰਾਮਦ ਹੋਇਆ। ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਸਾਰਾ ਮਾਮਲਾ ਇੱਕ ਬਹੁਤ ਹੀ ਯੋਜਨਾਬੱਧ ਗੰਢਤੁੱਪ (ਨੈਕਸਸ) ਦੇ ਤਹਿਤ ਚੱਲ ਰਿਹਾ ਸੀ। ਅਧਿਕਾਰਤ ਟ੍ਰੀਟਮੈਂਟ ਪਲਾਂਟਾਂ ਦੇ ਸੀਲ-ਮਾਰਕਾ ਵਾਹਨਾਂ ਅਤੇ ਸਹੂਲਤਾਂ ਤੋਂ ਇਸ ਖ਼ਤਰਨਾਕ ਕੂੜੇ ਨੂੰ ਰਸਤੇ ਵਿੱਚ ਹੀ ਡਾਇਵਰਟ ਕਰਕੇ ਇਨ੍ਹਾਂ ਗੈਰ-ਕਾਨੂੰਨੀ ਗੋਦਾਮਾਂ ਵਿੱਚ ਪਹੁੰਚਾਇਆ ਜਾਂਦਾ ਸੀ, ਜਿੱਥੋਂ ਬੇਈਮਾਨ ਕਬਾੜੀਏ ਇਸ ਨੂੰ ਵੱਡੇ ਸ਼ਹਿਰਾਂ ਦੇ ਹੋਰ ਵੱਡੇ ਜੰਕਯਾਰਡਾਂ ਵਿੱਚ ਵੇਚ ਦਿੰਦੇ ਸਨ। ਛਾਪੇਮਾਰੀ ਵਾਲੀ ਥਾਂ 'ਤੇ ਖ਼ੂਨ ਨਾਲ ਲਿਪਟੇ ਕਪਾਹ ਦੇ ਪੈਡ, ਵਰਤੀਆਂ ਹੋਈਆਂ ਸਰਿੰਜਾਂ, ਖ਼ੂਨ ਦੇ ਸੈਂਪਲ ਅਤੇ ਪਲਾਸਟਿਕ ਦੀਆਂ ਗਲੂਕੋਜ਼ ਬੋਤਲਾਂ ਖੁੱਲ੍ਹੇ ਵਿੱਚ ਬਿਖਰੀਆਂ ਪਈਆਂ ਸਨ, ਜਿਸ ਕਾਰਨ ਆਲੇ-ਦੁਆਲੇ ਦੇ ਪੂਰੇ ਇਲਾਕੇ ਵਿੱਚ ਭਿਆਨਕ ਇਨਫੈਕਸ਼ਨ ਅਤੇ ਬਿਮਾਰੀਆਂ ਫੈਲਣ ਦਾ ਗੰਭੀਰ ਖ਼ਤਰਾ ਪੈਦਾ ਹੋ ਗਿਆ ਹੈ।ਸਭ ਤੋਂ ਵੱਧ ਹੈਰਾਨੀਜਨਕ ਅਤੇ ਚਿੰਤਾਜਨਕ ਖੁਲਾਸਾ ਇਹ ਹੋਇਆ ਹੈ ਕਿ ਬਾਇਓਮੈਡੀਕਲ ਕੂੜੇ ਵਿੱਚੋਂ ਨਿਕਲਣ ਵਾਲੀ ਇਸ ਉੱਚ-ਦਰਜੇ (high-grade) ਦੀ ਪਲਾਸਟਿਕ ਨੂੰ ਬਹੁਤ ਹੀ ਸਸਤੇ ਰੇਟਾਂ 'ਤੇ ਖਰੀਦ ਕੇ ਬੱਚਿਆਂ ਦੇ ਖਿਡੌਣੇ ਬਣਾਉਣ ਵਾਲੀਆਂ ਫੈਕਟਰੀਆਂ ਅਤੇ ਮੈਡੀਕਲ ਉਪਕਰਨਾਂ ਨੂੰ ਰੀਫਰਬਿਸ਼ (ਦੁਬਾਰਾ ਤਿਆਰ) ਕਰਨ ਵਾਲੀ ਇੰਡਸਟਰੀ ਨੂੰ ਸਪਲਾਈ ਕੀਤਾ ਜਾ ਰਿਹਾ ਸੀ। ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ ਮੁਤਾਬਕ ਇਹ ਪਲਾਸਟਿਕ ਬਾਜ਼ਾਰ ਵਿੱਚ ਮਿਲਣ ਵਾਲੀ ਆਮ ਪਲਾਸਟਿਕ ਨਾਲੋਂ ਸਸਤੀ ਪੈਂਦੀ ਹੈ, ਜਿਸ ਕਾਰਨ ਬੀਮਾਰੀਆਂ ਨਾਲ ਸੰਕਰਮਿਤ ਇਸ ਕੂੜੇ ਦੀ ਵਰਤੋਂ ਉਤਪਾਦਾਂ ਦੀ ਲਾਗਤ ਘਟਾਉਣ ਲਈ ਕੀਤੀ ਜਾ ਰਹੀ ਸੀ। ਅਜਿਹੇ ਵਿੱਚ ਡਿਸਪੋਜ਼ੇਬਲ ਗਾਊਨ, ਮਾਸਕ, ਸਰਿੰਜਾਂ, ਯੂਰਿਨ ਬੈਗ, ਆਕਸੀਜਨ ਮਾਸਕ, ਦਸਤਾਨੇ, ਕੈਥੇਟਰ ਅਤੇ ਪਲਾਸਟਿਕ ਦੀਆਂ ਗਲੂਕੋਜ਼ ਬੋਤਲਾਂ ਨੂੰ ਸਾਫ਼ ਕਰਕੇ ਦੁਬਾਰਾ ਪੈਕ ਕੀਤੇ ਜਾਣ ਦਾ ਵੀ ਖ਼ਦਸ਼ਾ ਜਤਾਇਆ ਜਾ ਰਿਹਾ ਹੈ, ਜਿਸ ਨੇ ਵਾਤਾਵਰਣ ਅਤੇ ਸਿਹਤ ਸੁਰੱਖਿਆ ਏਜੰਸੀਆਂ ਦੇ ਹੋਸ਼ ਉਡਾ ਦਿੱਤੇ ਹਨ। ਪੀ.ਪੀ.ਸੀ.ਬੀ. ਦੇ ਵਾਤਾਵਰਣ ਇੰਜੀਨੀਅਰ ਨਵਤੇਸ਼ ਸਿੰਗਲਾ ਨੇ ਦੱਸਿਆ ਕਿ ਮੌਜੂਦਾ ਸਮੇਂ ਪੰਜਾਬ ਦੇ ਅੰਮ੍ਰਿਤਸਰ, ਲੁਧਿਆਣਾ, ਮੁਕਤਸਰ, ਮੋਹਾਲੀ, ਨਕੋਦਰ ਅਤੇ ਪਠਾਨਕੋਟ ਵਿਖੇ ਛੇ ਸਾਂਝੇ ਬਾਇਓਮੈਡੀਕਲ ਵੇਸਟ ਟ੍ਰੀਟਮੈਂਟ ਪਲਾਂਟ ਚੱਲ ਰਹੇ ਹਨ, ਜੋ ਰੋਜ਼ਾਨਾ ਲਗਭਗ 20,000 ਕਿਲੋਗ੍ਰਾਮ ਮੈਡੀਕਲ ਕੂੜੇ ਦਾ ਨਿਪਟਾਰਾ ਕਰਦੇ ਹਨ। ਇਸ ਸਾਰੇ ਕੂੜੇ ਦੀ ਨਿਗਰਾਨੀ ਲਈ ਬਾਰ-ਕੋਡਿੰਗ ਸਿਸਟਮ ਅਤੇ ਵਾਹਨਾਂ ਦੀ ਆਨਲਾਈਨ ਟ੍ਰੈਕਿੰਗ ਪ੍ਰਨਾਲੀ ਵੀ ਲਾਗੂ ਹੈ। ਪ੍ਰੰਤੂ, ਇਸ ਛਾਪੇਮਾਰੀ ਦੌਰਾਨ ਫੜੇ ਗਏ ਕੂੜੇ ਦੇ ਬੈਗਾਂ 'ਤੇ ਮੋਹਾਲੀ ਦੀ ਇੱਕ ਅਧਿਕਾਰਤ ਵੇਸਟ ਕਲੈਕਸ਼ਨ ਫੈਕਟਰੀ ਦੇ ਬਾਰ-ਕੋਡ ਲੱਗੇ ਹੋਏ ਪਾਏ ਗਏ ਹਨ, ਜਿਸ ਤੋਂ ਸਾਫ਼ ਹੁੰਦਾ ਹੈ ਕਿ ਇਹ ਕੂੜਾ ਅਸਲ ਨਿਪਟਾਰੇ ਦੇ ਰੂਟ ਤੋਂ ਗੈਰ-ਕਾਨੂੰਨੀ ਢੰਗ ਨਾਲ ਚੋਰੀ ਕੀਤਾ ਗਿਆ ਸੀ। ਅਧਿਕਾਰੀਆਂ ਮੁਤਾਬਕ ਮੋਹਾਲੀ ਦੀ ਇਸ ਕੰਪਨੀ ਦੀ ਭੂਮਿਕਾ ਪਹਿਲਾਂ ਵੀ ਸ਼ੱਕੀ ਰਹੀ ਹੈ ਅਤੇ ਹੁਣ ਉਹ ਪੂਰੀ ਤਰ੍ਹਾਂ ਜਾਂਚ ਦੇ ਘੇਰੇ ਵਿੱਚ ਹੈ। ਕਾਰਵਾਈ ਦੌਰਾਨ ਜਦੋਂ ਟੀਮਾਂ ਗੋਦਾਮ 'ਤੇ ਪਹੁੰਚੀਆਂ ਤਾਂ ਉੱਥੇ ਮੌਜੂਦ ਦੋ ਮਜ਼ਦੂਰ ਮੌਕੇ ਤੋਂ ਫ਼ਰਾਰ ਹੋਣ ਵਿੱਚ ਕਾਮਯਾਬ ਹੋ ਗਏ। ਪ੍ਰਸ਼ਾਸਨ ਨੇ ਗੋਦਾਮ ਨੂੰ ਪੂਰੀ ਤਰ੍ਹਾਂ ਸੀਲ ਕਰ ਦਿੱਤਾ ਹੈ ਅਤੇ ਬਰਾਮਦ ਕੀਤੇ ਗਏ ਸਾਰੇ ਖ਼ਤਰਨਾਕ ਕੂੜੇ ਨੂੰ ਸੁਰੱਖਿਅਤ ਢੰਗ ਨਾਲ ਲੁਧਿਆਣਾ ਦੇ ਸਕ੍ਰੈਪ ਮੈਨੇਜਮੈਂਟ ਪਲਾਂਟ ਵਿੱਚ ਭੇਜ ਦਿੱਤਾ ਗਿਆ ਹੈ। ਪੁਲਿਸ ਅਤੇ ਪੀ.ਪੀ.ਸੀ.ਬੀ. ਵੱਲੋਂ ਮੌਕੇ ਤੋਂ ਕਈ ਅਜਿਹੇ ਅਹਿਮ ਦਸਤਾਵੇਜ਼ ਅਤੇ ਸਬੂਤ ਜ਼ਬਤ ਕੀਤੇ ਗਏ ਹਨ, ਜਿਨ੍ਹਾਂ ਦੀ ਮਦਦ ਨਾਲ ਇਸ ਗੈਰ-ਕਾਨੂੰਨੀ ਕਾਰੋਬਾਰ ਦੇ ਮੁੱਖ ਦੋਸ਼ੀਆਂ ਅਤੇ ਗੋਦਾਮ ਦੇ ਮਾਲਕਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪੁਲਿਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਜਾਰੀ ਹੈ ਤਾਂ ਜੋ ਇਸ ਪੂਰੇ ਰੈਕਟ ਦੇ ਪਿੱਛੇ ਮੌਜੂਦ ਹੋਰ ਵੱਡੇ ਚਿਹਰਿਆਂ ਨੂੰ ਬੇਨਕਾਬ ਕੀਤਾ ਜਾ ਸਕੇ।

### ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਪਟਿਆਲਾ, 18 ਮਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਨੇ ਕਥਿਤ ਦੋਸ਼ੀ ਭਵਨੀਤ ਸਿੰਘ ਵਾਸੀ ਗਲੀ ਨੰ. 23 ਅਨੰਦ ਨਗਰ-ਬੀ ਪਟਿਆਲਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਰਜਿੰਦਰ ਕੁਮਾਰ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਕੋਹਲੀ ਸਵੀਟਸ ਚੌਂਕ ਪਟਿਆਲਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਪੱਥਰ ਮਾਰਕੀਟ ਪੁੱਡਾ ਗਰਾਊਂਡ ਵਿਖੇ ਨਸ਼ੇ ਦੀ ਹਾਲਤ ਵਿੱਚ ਬੈਠਾ ਹੈ, ਜੋ ਰੇਡ ਕਰਨ 'ਤੇ ਦੋਸ਼ੀ ਨੂੰ ਨਸ਼ੇ ਦੀ ਹਾਲਤ ਵਿੱਚ ਕਾਬੂ ਕੀਤਾ ਗਿਆ।

## ਗਰਗ ਪਰਿਵਾਰ ਨੇ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ



ਮਲੇਰਕੋਟਲਾ, 18 ਮਈ (ਅਸ਼ਰਫ ਅਨਸਾਰੀ) : ਜ਼ਿਲ੍ਹਾ ਮਾਲੇਰਕੋਟਲਾ ਦੇ ਨੇੜਲੇ ਪਿੰਡ ਭੂਦਨ ਵਿਖੇ ਤਪ ਅਸਥਾਨ ਬਾਬਾ ਭਾਈ ਝਾੜੂ ਜੀ ਦੇ ਸਲਾਨਾ ਜੋੜ ਮੇਲੇ ਤੇ ਗਰਗ ਪਰਿਵਾਰ ਵੱਲੋਂ ਫਰੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਲੋਕਾਂ ਨੂੰ ਫਰੀ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ 120 ਮਰੀਜ਼ਾਂ ਨੇ ਆਪਣਾ ਸ਼ੂਗਰ ਟੈਸਟ ਕਰਵਾਇਆ ਅਤੇ ਸਿਹਤ ਸਬੰਧੀ ਲੋਕਾਂ ਨੇ ਲੋੜੀਂਦੀ ਜਾਣਕਾਰੀ ਪ੍ਰਾਪਤ ਕੀਤੀ। ਲੋਕਾਂ ਨੇ ਗਰਗ ਪਰਿਵਾਰ ਵੱਲੋਂ ਲਗਾਏ ਫਰੀ ਮੈਡੀਕਲ ਚੈੱਕਅਪ ਕੈਂਪ ਦੀ ਸ਼ਲਾਘਾ ਕੀਤੀ। ਇਸ ਮੌਕੇ ਕੇਵਲ ਕ੍ਰਿਸ਼ਨ ਗਰਗ ਡਿੱਪੂ ਵਾਲਾ ਭੂਦਨ, ਮੱਖਣ ਗਰਗ, ਗੁਰਵਿੰਦਰ ਗਰਗ, ਡਾ. ਨਦੀਮ ਭੂਦਨ, ਡਾ. ਰਾਜਵਿੰਦਰ ਸਿੰਘ ਭੂਦਨ (ਬਾਬਲਾ) ਡਾ.ਜਗਸੀਰ ਖਾਂ ਭੂਦਨ (ਜੱਸਾ), ਡਾ. ਬੂਟਾ ਖਾਂ ਭੂਦਨ, ਰਿੰਕੂ ਸਟੂਡੀਓ, ਸੋਹਣਾ ਫੌਜੀ, ਜਸਵਿੰਦਰ ਸਿੰਘ ਸੁਖਜੀਤ ਸਿੰਘ ਆਦਿ ਹਾਜ਼ਰ ਸਨ।

## ਦੋ ਮੋਟਰਾਂ ਤੋਂ ਕੇਬਲ ਤਾਰ ਚੋਰੀ

ਪਟਿਆਲਾ, 18 ਮਈ (ਵਿਨੋਦ ਸ਼ਰਮਾ) : ਮੋਟਰਾਂ ਤੋਂ ਤਾਰ ਚੋਰੀ ਕਰਨ ਸਬੰਧੀ ਥਾਣਾ ਪਸਿਆਣਾ ਪੁਲਿਸ ਕੋਲ ਜਗਮੋਹਨ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਪਿੰਡ ਮੈਣ ਨੇ ਕਥਿਤ ਦੋਸ਼ੀਆਂ ਪ੍ਰੇਮ ਕੁਮਾਰ ਪੁੱਤਰ ਜਗਦੀਸ਼ ਕੁਮਾਰ, ਅਸ਼ੀਸ ਪੁੱਤਰ ਰਾਜ ਕੁਮਾਰ, ਰੋਹਿਤ ਪੁੱਤਰ ਜਿਨਕੂ ਵਾਸੀਆਨ ਗਿਆਨ ਕਲੋਨੀ ਸੂਲਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਸੰਗਰੂਰ-ਪਟਿਆਲਾ ਬਾਈਪਾਸ ਸੜ੍ਹਕ ਦੇ ਨਾਲ ਜ਼ਮੀਨ ਹੈ, ਜੋ ਉਸ ਨੇ ਆਪਣੇ ਤਾਏ ਦੀ ਜ਼ਮੀਨ ਵੀ ਠੇਕੇ 'ਤੇ ਲਈ ਹੋਈ ਹੈ ਤਾਂ ਰਾਤ ਨੂੰ ਉਕਤ ਕਥਿਤ ਦੋਸ਼ੀਆਂ ਨੇ ਦੋਵੇਂ ਮੋਟਰਾਂ ਤੋਂ ਕੇਬਲ ਤਾਰਾਂ ਕਰੀਬ 250 ਫੁੱਟ ਚੋਰੀ ਕਰ ਲਈਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਕੈਮਿਸਟ ਐਸੋ: ਵੱਲੋਂ 20 ਦੀ ਹੜਤਾਲ ਨੂੰ ਪੂਰਨ ਸਮਰਥਨ ਦੇਣ ਦਾ ਫ਼ੈਸਲਾ

**ਦਵਾਈ ਦੀਆਂ ਦੁਕਾਨਾਂ ਪੂਰਨ ਤੌਰ 'ਤੇ ਬੰਦ ਰਹਿਣਗੀਆਂ**

ਸ਼ੇਰਪੁਰ, 18 ਮਈ (ਬਲਜੀਤ ਸਿੰਘ ਟਿੱਬਾ) : ਆਲ ਇੰਡੀਆ ਕੈਮਿਸਟ ਐਂਡ ਡਰੱਗਿਸਟ ਐਸੋਸੀਏਸ਼ਨ ਵੱਲੋਂ ਦੇਸ਼ ਭਰ ਵਿੱਚ 20 ਮਈ ਦੀ ਦਿੱਤੀ ਗਈ ਹੜਤਾਲ ਨੂੰ ਸਫਲ ਬਣਾਉਣ ਲਈ ਅਤੇ ਪੰਜਾਬ ਕੈਮਿਸਟ ਐਸੋਸੀਏਸ਼ਨ ਦੇ ਦਿੱਤੇ ਗਏ ਬੰਦ ਦੇ ਸੱਦੇ 'ਤੇ ਕੈਮਿਸਟ ਐਸੋਸੀਏਸ਼ਨ ਸ਼ੇਰਪੁਰ ਵੱਲੋਂ ਇੱਕ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਐਸੋਸੀਏਸ਼ਨ ਦੇ ਸਾਰੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਐਸੋਸੀਏਸ਼ਨ ਵੱਲੋਂ 20 ਮਈ ਨੂੰ ਪੰਜਾਬ ਭਰ ਵਿੱਚ ਕੀਤੀ ਜਾ ਰਹੀ ਹੜਤਾਲ ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ ਗਿਆ। ਇਸ ਮੀਟਿੰਗ ਵਿੱਚ ਕੈਮਿਸਟਾਂ ਨੂੰ ਆ ਰਹੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਕੈਮਿਸਟ ਐਸੋਸੀਏਸ਼ਨ ਸ਼ੇਰਪੁਰ ਦੇ ਪ੍ਰਧਾਨ ਗੁਰਿੰਦਰ ਗੋਇਲ, ਉਪ ਪ੍ਰਧਾਨ ਵਿਸ਼ਵ ਗਰਗ ਨੇ ਦੱਸਿਆ ਕਿ ਇਹ ਹੜਤਾਲ ਆਨਲਾਈਨ ਫਾਰਮੇਸੀ ਦੇ ਵਿਰੋਧ ਵਿਚ ਅਤੇ ਕੈਮਿਸਟਾਂ ਨੂੰ ਹੋਰ ਆ ਰਹੀਆਂ ਮੁਸ਼ਕਿਲਾਂ ਦਾ ਹੱਲ ਕਰਵਾਉਣ ਲਈ ਇਹ ਬੰਦ ਦਾ ਫੈਸਲਾ ਕੀਤਾ ਗਿਆ ਹੈ। ਉਹਨਾਂ ਕਿਹਾ ਕਿ 20 ਮਈ ਨੂੰ ਸ਼ੇਰਪੁਰ ਵਿੱਚ ਦਵਾਈਆਂ ਦੀਆਂ ਸਾਰੀਆਂ ਦੁਕਾਨਾਂ ਪੂਰਨ ਤੌਰ 'ਤੇ ਬੰਦ ਰਹਿਣਗੀਆਂ। ਇਸ ਮੌਕੇ ਸ਼ੇਰਪੁਰ ਦੇ ਪ੍ਰਧਾਨ ਗੁਰਿੰਦਰ ਗੋਇਲ, ਸਕੱਤਰ ਜਸਪਾਲ ਸਿੰਘ ਧਾਮੀ, ਵਿਸ਼ਵ ਗਰਗ , ਸੱਤਪਾਲ ਸ਼ਰਮਾ,ਅਸ਼ੋਕ ਕੁਮਾਰ, ਸੁਰਿੰਦਰ ਗਰਗ, ਅਮਰਜੀਤ ਸਿੰਘ ਪਾਲ, ਅਸ਼ਵਨੀ ਕੁਮਾਰ, ਕਮਲ ਸ਼ਰਮਾ, ਸੁਰੇਸ਼ ਕੁਮਾਰ, ਹਰਿੰਦਰ ਗੋਇਲ, ਨੰਦ ਸਿੰਘ, ਨਰਿੰਦਰ ਸਿੰਘ ਅਤਰੀ ,ਸੁਰਿੰਦਰ ਗੋਇਲ, ਦਲਜੀਤ ਸਿੰਘ ਆਦਿ ਮੌਜੂਦ ਸਨ।

## ਮੋਬਾਈਲਾਂ ਦੀ ਭੇਟ ਚੜ੍ਹੀਆਂ ਪੰਜਾਬ ਦੀਆਂ ਲੋਕ ਖੇਡਾਂ

**➢ਪਿੱਠੂ, ਗੁੱਲੀ-ਡੰਡਾ ਤੇ ਕੋਟਲਾ-ਛਪਾਕੀ ਹੁਣ ਅਲੋਪ ਹੋਣ ਕੰਢੇ**



ਪਟਿਆਲਾ, 18 ਮਈ (ਚ.ਨ.ਸ.) : ਪੰਜਾਬ ਦੇ ਪਿੰਡਾਂ ਦੀ ਪਛਾਣ ਮੰਨੀਆਂ ਜਾਂਦੀਆਂ ਲੋਕ ਖੇਡਾਂ ਹੁਣ ਹੌਲੀ-ਹੌਲੀ ਇਤਿਹਾਸ ਬਣਦੀਆਂ ਜਾ ਰਹੀਆਂ ਹਨ। ਇਕ ਸਮਾਂ ਸੀ ਜਦੋਂ ਪਿੱਠੂ, ਗੁੱਲੀ-ਡੰਡਾ, ਕੋਟਲਾ-ਛਪਾਕੀ ਅਤੇ ਰੱਸਾਕਸ਼ੀ ਨਾਲ ਗਲੀਆਂ ਤੇ ਮੈਦਾਨ ਗੂੰਜਦੇ ਸਨ ਪਰ ਹੁਣ ਮੋਬਾਈਲ ਫੋਨਾਂ ਅਤੇ ਆਨਲਾਈਨ ਖੇਡਾਂ ਨੇ ਬੱਚਿਆਂ ਨੂੰ ਮੈਦਾਨਾਂ ਤੋਂ ਦੂਰ ਕਰ ਦਿੱਤਾ ਹੈ। ਹਾਲਾਤ ਇਹ ਹਨ ਕਿ ਨਵੀਂ ਪੀੜ੍ਹੀ ਦੇ ਬਹੁਤ ਸਾਰੇ ਬੱਚੇ ਇਨ੍ਹਾਂ ਖੇਡਾਂ ਦੇ ਨਾਂਅ ਤੱਕ ਨਹੀਂ ਜਾਣਦੇ। ਖੇਡ ਅਤੇ ਸਭਿਆਚਾਰ ਮਾਹਿਰਾਂ ਅਨੁਸਾਰ ਪਿਛਲੇ ਕੁੱਝ ਸਾਲਾਂ ਦੌਰਾਨ ਬੱਚਿਆਂ ਦੀ ਸਕਰੀਨ ਟਾਈਮ ਵਿਚ ਬੇਹੱਦ ਵਾਧਾ ਹੋਇਆ ਹੈ। ਵੱਖ-ਵੱਖ ਸਰਵੇਖਣਾਂ ਮੁਤਾਬਿਕ ਬੱਚੇ ਰੋਜ਼ਾਨਾ ਕਈ ਘੰਟੇ ਮੋਬਾਈਲ ਅਤੇ ਵੀਡੀਓ ਗੇਮਾਂ 'ਤੇ ਬਿਤਾ ਰਹੇ ਹਨ, ਜਿਸ ਕਾਰਨ ਮੈਦਾਨੀ ਖੇਡਾਂ ਪ੍ਰਤੀ ਰੁਝਾਨ ਲਗਾਤਾਰ ਘੱਟ ਰਿਹਾ ਹੈ। ਪਹਿਲਾਂ ਪਿੰਡਾਂ ਵਿਚ ਸ਼ਾਮ ਸਮੇਂ ਮੈਦਾਨ ਬੱਚਿਆਂ ਨਾਲ ਭਰੇ ਰਹਿੰਦੇ ਸਨ ਪਰ ਹੁਣ ਕਈ ਥਾਵਾਂ 'ਤੇ ਮੈਦਾਨ ਸੁੰਨੇ ਨਜ਼ਰ ਆਉਂਦੇ ਹਨ। ਮਾਹਿਰਾਂ ਅਨੁਸਾਰ ਸ਼ਹਿਰੀਕਰਨ ਤੇ ਖੁੱਲ੍ਹੇ ਮੈਦਾਨਾਂ ਦੀ ਘਾਟ ਨੇ ਵੀ ਲੋਕ ਖੇਡਾਂ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ। ਪਿੰਡਾਂ ਵਿਚ ਖ਼ਾਲੀ ਥਾਵਾਂ 'ਤੇ ਇਮਾਰਤਾਂ ਬਣ ਰਹੀਆਂ ਹਨ ਤੇ ਬੱਚਿਆਂ ਲਈ ਖੇਡਣ ਵਾਲੇ ਮੈਦਾਨ ਲਗਾਤਾਰ ਘੱਟ ਰਹੇ ਹਨ। ਇਸ ਕਾਰਨ ਨਵੀਂ ਪੀੜ੍ਹੀ ਦਾ ਆਪਣੇ ਵਿਰਸੇ ਨਾਲ ਨਾਤਾ ਵੀ ਕਮਜ਼ੋਰ ਪੈ ਰਿਹਾ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਮੈਦਾਨੀ ਖੇਡਾਂ ਘਟਣ ਕਾਰਨ ਬੱਚਿਆਂ 'ਚ ਮੋਟਾਪਾ, ਅੱਖਾਂ ਦੀਆਂ ਸਮੱਸਿਆਵਾਂ ਅਤੇ ਮਾਨਸਿਕ ਦਬਾਅ ਦੇ ਮਾਮਲੇ ਵਧ ਰਹੇ ਹਨ। ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਮੇਂ ਸਿਰ ਇਹ ਖੇਡਾਂ ਸੰਭਾਲੀਆਂ ਨਾ ਗਈਆਂ ਤਾਂ ਆਉਣ ਵਾਲੀ ਪੀੜ੍ਹੀ ਸਿਰਫ਼ ਕਿਤਾਬਾਂ ਵਿਚ ਹੀ 'ਪਿੱਠੂ' ਅਤੇ 'ਗੁੱਲੀ-ਡੰਡਾ' ਦੇ ਨਾਂਅ ਪੜ੍ਹਦੀ ਨਜ਼ਰ ਆਵੇਗੀ।

## ਗਿਆਨਦੀਪ ਮੰਚ ਨੇ ਸਾਹਿਤਕ ਸਮਾਗਮ ਕਰਵਾਇਆ



ਪਟਿਆਲਾ, 18 ਮਈ (ਚ.ਨ.ਸ) : ਗਿਆਨਦੀਪ ਸਾਹਿਤ ਸਾਧਨਾ ਮੰਚ (ਰਜਿ) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਸੈਮੀਨਾਰ ਹਾਲ ਵਿੱਚ ਮਹੀਨਾਵਾਰ ਇੱਕ ਸਾਹਿਤਕ ਸਮਾਗਮ ਅਤੇ ਕਵੀ ਦਰਬਾਰ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਕਰਦਿਆਂ ਮੰਚ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਚੰਨ ਪਟਿਆਲ਼ਵੀ ਨੇ ਸਾਰੇ ਸਾਹਿਤਕਾਰਾਂ ਦਾ ਸਵਾਗਤ ਕਰਦਿਆਂ ਕਵੀਆਂ ਨੂੰ ਆਪਣੀ ਰਚਨਾ ਪੇਸ਼ ਕਰਨ ਦਾ ਸੱਦਾ ਦਿੱਤਾ।ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਜੀ ਐੱਸ ਆਨੰਦ ਨੇ ਕਿਹਾ ਕਿ ਕਵੀ ਸਮਾਜ ਨੂੰ ਬਦਲਣ ਦੀ ਤਾਕਤ ਰੱਖਦੇ ਹਨ।ਸਾਡੀ ਅਸਲ ਤਾਕਤ ਸਾਡੀ ਕਲਮ ਹੈ।ਸਮਾਗਮ ਦੌਰਾਨ ਪੰਜਾਬੀ ਮੈਗਜ਼ੀਨ 'ਗੁਸਈਆਂ' ਦਾ ਮਈ ਅੰਕ ਲੋਕ ਅਰਪਣ ਕੀਤਾ ਗਿਆ। ਮੈਗਜ਼ੀਨ ਦੇ ਮੁੱਖ ਸੰਪਾਦਕ ਕੁਲਵੰਤ ਸਿੰਘ ਨਾਰੀਕੇ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਇਹ ਮੈਗਜ਼ੀਨ ਆਪ ਸਭ ਦੇ ਸਹਿਯੋਗ ਨਾਲ ਨਿਰੰਤਰ ਉੱਨੀ ਸਾਲ ਤੋਂ ਛਪ ਰਿਹਾ ਹੈ ਅਤੇ ਪੰਜਾਬੀ ਬੋਲੀ ਦੀ ਸੇਵਾ ਕਰ ਰਿਹਾ ਹੈ। ਕਵਿਤਾ ਦੇ ਸੈਸ਼ਨ ਵਿੱਚ ਹਾਜ਼ਰ ਨਾਮਵਰ ਕਵੀਆਂ ਵਿੱਚੋਂ ਪਰਵਿੰਦਰ ਸ਼ੋਖ, ਸੁਖਵਿੰਦਰ ਸੇਖੋਂ, ਕੁਲਵੰਤ ਸੈਦੋਕੇ, ਬਚਨ ਸਿੰਘ ਗੁਰਮ, ਗੁਰਦਰਸ਼ਨ ਗੁਸੀਲ,ਦਰਸ਼ਨ ਸਿੰਘ ਦਰਸ਼ ਪਸਿਆਣਾ, ਗੁਰਪ੍ਰੀਤ ਸਿੰਘ ਢਿੱਲੋਂ, ਅਵਤਾਰਜੀਤ, ਅੰਗਰੇਜ਼ ਵਿਰਕ, ਇੰਦਰਪਾਲ ਸਿੰਘ, ਜਸਵਿੰਦਰ ਖਾਰਾ, ਸੰਤ ਸਿੰਘ ਸੋਹਲ, ਜਸਵਿੰਦਰ ਕੌਰ, ਕੁਲਦੀਪ ਕੌਰ ਧੰਜੂ, ਬਲਬੀਰ ਸਿੰਘ ਦਿਲਦਾਰ, ਮੰਗਤ ਖਾਨ, ਗੁਰਚਰਨ ਸਿੰਘ ਧੰਜੂ, ਕ੍ਰਿਸ਼ਨ ਲਾਲ ਧੀਮਾਨ, ਰਾਮ ਸਿੰਘ ਬੰਗ, ਸਰੂਪ ਸਿੰਘ ਚੌਧਰੀ ਮਾਜਰਾ, ਅਮਨਦੀਪ ਸਿੰਘ ਪਟਿਆਲਾ, ਤਰਨ ਪਟਿਆਲ਼ਵੀ ਆਦਿ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਨੈਬ ਸਿੰਘ ਅਤੇ ਗੁਰਦੀਪ ਸਿੰਘ ਸੱਗੂ ਆਦਿ ਸ਼ਖ਼ਸੀਅਤਾਂ ਵੀ ਹਾਜ਼ਰ ਰਹੀਆਂ।

## ਫ਼ਿਲਮ 'ਚੜ੍ਹਦੀ ਕਲਾ' ਦੀ ਟੀਮ ਨੇ ਲਗਾਈਆਂ ਰੌਣਕਾਂ



ਘਨੌਰ, 18 ਮਈ (ਮਦਨ ਲਾਲ): ਹਲਕੇ ਅਧੀਨ ਪੈਂਦੇ ਪਿੰਡ ਘੜਾਮਾਂ ਕਲਾਂ ਵਿੱਚ ਸਥਿਤ 'ਜ਼ਿੰਦਗੀ ਜ਼ਿੰਦਾਬਾਦ' ਕਿਤਾਬ ਘਰ (ਲਾਇਬ੍ਰੇਰੀ) ਵਿਖੇ ਅੱਜ ਖੂਬ ਰੌਣਕਾਂ ਲੱਗੀਆਂ। ਮੌਕਾ ਸੀ ਨਵੀਂ ਆ ਰਹੀ ਫਿਲਮ 'ਚੜ੍ਹਦੀ ਕਲਾ' ਦੀ ਪ੍ਰਮੋਸ਼ਨ ਦਾ। ਕਿਤਾਬ ਘਰ ਦੇ ਮੁੱਖ ਸੰਚਾਲਕ ਓਮ ਪ੍ਰਕਾਸ਼ ਘੜਾਮਾਂ ਨੇ ਦੱਸਿਆ ਕਿ ਇਸ ਲਈ ਫਿਲਮ ਦੇ ਪ੍ਰਮੁੱਖ ਫ਼ਨਕਾਰ ਰੂਪੀ ਗਿੱਲ, ਜਰਨੈਲ ਸਿੰਘ ਅਤੇ ਹਿੰਮਤ ਸੰਧੂ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ ਅਤੇ ਦਰਸ਼ਕਾਂ ਦੇ ਰੂਬਰੂ ਹੋਏ। ਉਨ੍ਹਾਂ ਆਪਣੇ ਵਿਚਾਰ ਸਾਂਝੇ ਕਰਦਿਆਂ ਲੋਕਾਂ ਨੂੰ ਫਿਲਮ ਵੇਖਣ ਦੀ ਅਪੀਲ ਕੀਤੀ ਅਤੇ ਆਪਣੀ ਜ਼ਿੰਦਗੀ ਦੀਆਂ ਖ਼ੂਬਸੂਰਤ ਯਾਦਾਂ ਸਾਂਝੀਆਂ ਕੀਤੀਆਂ। ਉਪਰੰਤ ਸਾਰੀ ਟੀਮ ਨੇ ਕਿਤਾਬ ਘਰ ਦਾ ਦੌਰਾ ਕਰਦਿਆਂ ਪ੍ਰਬੰਧਕਾਂ ਦੀ ਖ਼ੂਬ ਸ਼ਲਾਘਾ ਕੀਤੀ । ਇਸ ਮੌਕੇ ਮਨਿੰਦਰ ਸਿੰਘ, ਮਾ. ਸੁਸ਼ੀਲ ਕੁਮਾਰ, ਜੋਧਵੀਰ ਸਿੰਘ ਸਰਪੰਚ, ਸੁਰਿੰਦਰ ਕੁਮਾਰ ਸਰਪੰਚ ਹਾਜ਼ਰ ਸਨ।

## ਜਨਗਣਨਾ ਡਿਊਟੀ ਬਣੀ ਅਧਿਆਪਕਾਂ ਲਈ ਵੱਡੀ ਚੁਣੌਤੀ

**ਸਕੂਲ ਸਮੇਂ ਤੋਂ ਬਾਅਦ ਕੰਮ ਕਰਨਾ ਪੈ ਰਿਹੈ ਭਾਰੀ, ਮਹਿਲਾ ਅਧਿਆਪਕਾਂ ਨੂੰ ਖੇਤਾਂ 'ਚ ਜਾਣ ਕਾਰਨ ਆ ਰਹੀਆਂ ਨੇ ਮੁਸ਼ਕਲਾਂ**




ਸ਼ੇਰਪੁਰ, 18 ਮਈ (ਬਲਜੀਤ ਸਿੰਘ ਟਿੱਬਾ) : 15 ਮਈ ਤੋਂ ਸ਼ੁਰੂ ਹੋਈ ਜਨਗਣਨਾ ਮੁਹਿੰਮ 13 ਜੂਨ ਤੱਕ ਚੱਲਣੀ ਹੈ, ਜਿਸ ਲਈ ਸਿੱਖਿਆ ਵਿਭਾਗ ਦੇ ਅਨੇਕਾਂ ਅਧਿਆਪਕਾਂ ਦੀ ਡਿਊਟੀ ਲਗਾਈ ਗਈ ਹੈ। ਸਰਕਾਰ ਵੱਲੋਂ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਅਧਿਆਪਕ ਸਕੂਲ ਸਮੇਂ ਤੋਂ ਬਾਅਦ ਜਨਗਣਨਾ ਦਾ ਕੰਮ ਪੂਰਾ ਕਰਨ। ਪਰ ਜ਼ਮੀਨੀ ਹਕੀਕਤ ਇਹ ਹੈ ਕਿ ਇਹ ਡਿਊਟੀ ਹੁਣ ਅਧਿਆਪਕਾਂ ਲਈ ਵੱਡੀ ਚੁਣੌਤੀ ਬਣਦੀ ਜਾ ਰਹੀ ਹੈ। ਵੱਖ-ਵੱਖ ਇਲਾਕਿਆਂ ਵਿੱਚ ਤਾਇਨਾਤ ਅਧਿਆਪਕਾਂ ਨੇ ਆਪਣੀਆਂ ਮੁਸ਼ਕਲਾਂ ਸਾਂਝੀਆਂ ਕਰਦਿਆਂ ਪ੍ਰਸ਼ਾਸਨ ਤੋਂ ਤੁਰੰਤ ਹੱਲ ਦੀ ਮੰਗ ਕੀਤੀ ਹੈ। ਅਧਿਆਪਕਾਂ ਦਾ ਕਹਿਣਾ ਹੈ ਕਿ ਦੁਪਹਿਰ ਸਮੇਂ ਜਦੋਂ ਉਹ ਘਰਾਂ ਵਿੱਚ ਜਨਗਣਨਾ ਲਈ ਜਾਂਦੇ ਹਨ ਤਾਂ ਬਹੁਤ ਸਾਰੇ ਲੋਕ ਦਰਵਾਜ਼ੇ ਨਹੀਂ ਖੋਲ੍ਹਦੇ। ਕਈ ਲੋਕ ਅਰਾਮ ਕਰ ਰਹੇ ਹੁੰਦੇ ਹਨ ਜਾਂ ਘਰਾਂ ਵਿੱਚੋਂ ਬਾਹਰ ਨਹੀਂ ਨਿਕਲਦੇ, ਜਿਸ ਕਾਰਨ ਇੱਕੋ ਘਰ ਵਿੱਚ ਕਈ ਵਾਰ ਜਾਣਾ ਪੈਂਦਾ ਹੈ। ਅਧਿਆਪਕਾਂ ਮੁਤਾਬਕ ਸੀਮਤ ਸਮੇਂ ਵਿੱਚ ਇਹ ਕੰਮ ਪੂਰਾ ਕਰਨਾ ਮੁਸ਼ਕਲ ਬਣਦਾ ਜਾ ਰਿਹਾ ਹੈ। ਦੂਜੇ ਪਾਸੇ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਅੰਤਿਮ ਫੈਸਲੇ ਜ਼ਿਲ੍ਹਾ ਪ੍ਰਸ਼ਾਸਨਾਂ 'ਤੇ ਛੱਡੇ ਗਏ ਹਨ। ਕਈ ਜ਼ਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰਾਂ ਵੱਲੋਂ ਪੱਤਰ ਜਾਰੀ ਕਰਕੇ ਜਨਗਣਨਾ ਡਿਊਟੀ ਕਰ ਰਹੇ ਅਧਿਆਪਕਾਂ ਨੂੰ ਸਕੂਲਾਂ ਵਿੱਚੋਂ ਫਾਰਗ ਕਰਨ ਦੀ ਸਿਫਾਰਸ਼ ਕੀਤੀ ਗਈ ਹੈ ਤਾਂ ਜੋ ਕੰਮ ਸਮੇਂ ਸਿਰ ਮੁਕੰਮਲ ਹੋ ਸਕੇ। ਪਰ ਅਜੇ ਵੀ ਕਈ ਜ਼ਿਲ੍ਹਿਆਂ ਵਿੱਚ ਅਧਿਆਪਕਾਂ ਨੂੰ ਸਕੂਲ ਡਿਊਟੀ ਅਤੇ ਜਨਗਣਨਾ ਦੋਵੇਂ ਕੰਮ ਇਕੱਠੇ ਨਿਭਾਉਣੇ ਪੈ ਰਹੇ ਹਨ। ਮਹਿਲਾ ਅਧਿਆਪਕਾਂ ਲਈ ਇਹ ਡਿਊਟੀ ਹੋਰ ਵੀ ਜ਼ਿਆਦਾ ਮੁਸ਼ਕਲ ਸਾਬਤ ਹੋ ਰਹੀ ਹੈ। ਜਨਗਣਨਾ ਦੌਰਾਨ ਖੇਤਾਂ ਵਿੱਚ ਬਣੀਆਂ ਮੋਟਰਾਂ ਅਤੇ ਡੇਰਿਆਂ ਦੀ ਨੰਬਰਿੰਗ ਵੀ ਕਰਨੀ ਪੈਂਦੀ ਹੈ। ਇਕੱਲੀਆਂ ਮਹਿਲਾ ਅਧਿਆਪਕਾਂ ਨੂੰ ਸਿਖਰ ਦੁਪਹਿਰੇ ਖੇਤਾਂ ਵਿੱਚ ਜਾਣ ਦੌਰਾਨ ਸੁਰੱਖਿਆ ਅਤੇ ਆਵਾਜਾਈ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਧਿਆਪਕਾਂ ਨੇ ਦੱਸਿਆ ਕਿ ਦੁਪਹਿਰ ਸਮੇਂ ਖੇਤਾਂ ਵਿੱਚ ਕਿਸਾਨ ਵੀ ਨਹੀਂ ਮਿਲਦੇ, ਜਿਸ ਕਾਰਨ ਨੰਬਰਿੰਗ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ। ਉਹਨਾਂ ਦਾ ਮੰਨਣਾ ਹੈ ਕਿ ਖੇਤਾਂ ਨਾਲ ਸਬੰਧਤ ਕੰਮ ਸਵੇਰੇ ਜਾਂ ਸ਼ਾਮ ਦੇ ਸਮੇਂ ਹੀ ਕੀਤਾ ਜਾਵੇ ਤਾਂ ਜੋ ਕਿਸਾਨਾਂ ਨਾਲ ਸੰਪਰਕ ਵੀ ਹੋ ਸਕੇ ਅਤੇ ਕੰਮ ਵੀ ਢੰਗ ਨਾਲ ਪੂਰਾ ਹੋ ਸਕੇ। ਇਸ ਮਾਮਲੇ ਨੂੰ ਲੈ ਕੇ ਵੱਖ-ਵੱਖ ਅਧਿਆਪਕ ਜਥੇਬੰਦੀਆਂ ਵੀ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਪ੍ਰਤੀ ਰੋਸ ਜਤਾ ਰਹੀਆਂ ਹਨ।

### ਜਨ ਗਣਨਾ ਦੀ ਡਿਊਟੀ ਕਰਨ ਵਾਲੇ ਅਧਿਆਪਕਾਂ ਨੂੰ ਸਕੂਲ਼ਾਂ ਤੋਂ ਫਾਰਗ ਕੀਤਾ ਜਾਵੇ: ਯੂਨੀਅਨ ਆਗੂ

-ਐਸੀਬੀਸੀ ਟੀਚਰ ਯੂਨੀਅਨ ਦੇ ਸੂਬਾ ਸਕੱਤਰ ਕੁਲਵੰਤ ਸਿੰਘ ਤੂਰ ਨੇ ਕਿਹਾ ਕਿ ਜਨਗਣਨਾ ਇੱਕ ਸਮਾਂ ਨਿਰਧਾਰਿਤ ਹੈ, ਜਿਸ ਕਰਕੇ ਜਨਗਣਨਾ ਡਿਊਟੀ ਕਰ ਰਹੇ ਅਧਿਆਪਕਾਂ ਨੂੰ ਅਸਥਾਈ ਤੌਰ 'ਤੇ ਸਕੂਲਾਂ ਵਿੱਚੋਂ ਫਾਰਗ ਕੀਤਾ ਜਾਵੇ ਜਾਂ ਫਿਰ ਸਕੂਲਾਂ ਵਿੱਚ ਛੁੱਟੀਆਂ ਦਾ ਐਲਾਨ ਕੀਤਾ ਜਾਵੇ ਤਾਂ ਜੋ ਇਹ ਮਹੱਤਵਪੂਰਨ ਕੰਮ ਬਿਨਾਂ ਦਬਾਅ ਦੇ ਸਮੇਂ 'ਤੇ ਪੂਰਾ ਕੀਤਾ ਜਾ ਸਕੇ।ਅਧਿਆਪਕ ਵਰਗ ਦਾ ਕਹਿਣਾ ਹੈ ਕਿ ਜਨਗਣਨਾ ਦੇਸ਼ ਲਈ ਇੱਕ ਮਹੱਤਵਪੂਰਨ ਪ੍ਰਕਿਰਿਆ ਹੈ ਅਤੇ ਉਹ ਇਸਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਾ ਚਾਹੁੰਦੇ ਹਨ, ਪਰ ਜ਼ਮੀਨੀ ਪੱਧਰ 'ਤੇ ਆ ਰਹੀਆਂ ਮੁਸ਼ਕਲਾਂ ਨੂੰ ਨਜ਼ਰਅੰਦਾਜ਼ ਕਰਕੇ ਇਹ ਕੰਮ ਸਫਲ ਨਹੀਂ ਬਣਾਇਆ ਜਾ ਸਕਦਾ।

### ਆਖਿਰ ਜ਼ਿਲ੍ਹਾ ਪ੍ਰਸ਼ਾਸਨ ਕੀ ਫੈਸਲਾ ਲੈਂਦਾ?

-ਹੁਣ ਦੇਖਣਾ ਇਹ ਹੋਵੇਗਾ ਕਿ ਦੇਸ਼ ਦੀ ਜਨਗਣਨਾ ਦੇ ਅਹਿਮ ਕਾਰਜ ਲਈ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਰਕਾਰ ਅਧਿਆਪਕਾਂ ਦੀਆਂ ਇਨ੍ਹਾਂ ਸਮੱਸਿਆਵਾਂ ਵੱਲ ਕਿੰਨੀ ਗੰਭੀਰਤਾ ਨਾਲ ਧਿਆਨ ਦਿੰਦੇ ਹਨ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਅੱਜ ਤੱਕ ਦੇ ਸ਼ਹੀਦਾਂ ਦੀ ਯਾਦ ਵਿੱਚ



ਡਾ. ਸਰਬ ਸਿੰਘ
ਬਾਨੀ ਗੁਰੂ ਅਰਜਨ ਕੀਰਤਨ ਮੰਡਲ

ਸ਼ਹੀਦੀ ਜੋੜ-ਮੇਲ
ਅੱਜ ਦਾ ਪ੍ਰੋਗਰਾਮ
19-5-2026
ਦਿਨ-ਮੰਗਲਵਾਰ



ਭਾਈ ਤਖਤ ਸਿੰਘ ਜੀ
ਸਾਬਕਾ ਪ੍ਰਧਾਨ ਗੁਰੂ ਅਰਜਨ ਕੀਰਤਨ ਮੰਡਲ

ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ
(ਸ਼ਾਂਤੀ ਨਗਰ), ਪਟਿਆਲਾ।
ਕੀਰਤਨ ਰਾਤ 7.00 ਵਜੇ ਤੋਂ 9.00 ਵਜੇ ਤੱਕ।
ਸੰਪਰਕ ਕਰੋ : 98887-42047, 99157-70074
ਲੋਕਲ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਭਾ ਕਮੇਟੀਆਂ ਦੇ ਸਹਿਯੋਗ ਨਾਲ ਗੁਰੂ ਅਰਜਨ ਕੀਰਤਨ ਮੰਡਲ (ਰਜਿ.) ਪਟਿਆਲਾ

